ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਕੀ ਬਿਪਤਾ ਨਾਲ ਨਿਪਟਣ ਸਬੰਧੀ ਕਾਨੂੰਨ ਕੋਰੋਨਾ ਮਹਾਂਮਾਰੀ 'ਤੇ ਲਾਗੂ ਹੁੰਦਾ ਹੈ ?

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 15 Issue 16 Friday, 17 July to 23 July 2020 www.PUNJABIDUNIYA.com Published Weekly from New York



Thinking of Buying/Selling

WIN ZONE

Baldev Singh

Associate Broker

Cell : 917-224-7395



See Full Page Advt on Page 23


# ਕੋਰੋਨਾਵਾਇਰਸ ਟੈਸਟਿੰਗ : ਵੱਡੀ ਸਫ਼ਲਤਾ ਦਾ ਦਾਅਵਾ ਕਰਨ ਵਾਲਾ ਅਮਰੀਕਾ ਕਿੱਥੇ ਪਹੁੰਚਿਆ

ਅਮਰੀਕਾ ਵਿੱਚ ਟੈਸਟ ਕੀਤੀ ਗਈ ਪਹਿਲੀ ਕੋਵਿਡ-19 ਵੈਕਸੀਨ ਨੇ ਲੋਕਾਂ ਦੇ ਇਮਿਊਨ ਸਿਸਟਮ ਨੂੰ ਉਸ ਤਰ੍ਹਾਂ ਹੀ ਲਾਭ ਪਹੁੰਚਾਇਆ ਹੈ ਜਿਵੇਂ ਕਿ ਵਿਗਿਆਨੀਆਂ ਦੁਆਰਾ ਉਮੀਦ ਕੀਤੀ ਜਾ ਰਹੀ ਸੀ।

ਹੁਣ ਇਸ ਵੈਕਸੀਨ ਦਾ ਮਹੱਤਵਪੂਰਨ ਟ੍ਰਾਇਲ ਹੋਣਾ ਹੈ। ਅਮਰੀਕਾ ਦੇ ਚੋਟੀ ਦੇ ਮਾਹਰ ਡਾ. ਐਂਥਨੀ ਫਾਊਚੀ ਨੇ ਐਸੋਸਿਏਟਿਡ ਪ੍ਰੈਸ ਨੂੰ ਕਿਹਾ ਕਿ ਇਹ ਇੱਕ ਚੰਗੀ ਖ਼ਬਰ ਹੈ। ਇਸ ਖ਼ਬਰ ਨੂੰ ਨਿਊ ਯਾਰਕ ਟਾਈਮਜ਼ ਨੇ ਵੀ ਪ੍ਰਕਾਸ਼ਤ ਕੀਤਾ ਹੈ।ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਐਂਡ ਮੋਡੇਰਨਾ ਇੰਕ ਵਿਖੇ ਡਾ. ਫਾਊਚੀ ਦੇ ਸਹਿਯੋਗੀਆਂ ਨੇ ਇਸ ਵੈਕਸੀਨ ਨੂੰ ਵਿਕਸਤ ਕੀਤਾ ਹੈ।

### 27 ਜੁਲਾਈ ਨੂੰ ਹੋਵੇਗੀ ਵੈਕਸੀਨ ਦਾ ਅਗਲਾ ਪੜਾਅ

ਹੁਣ ਇਸ ਵੈਕਸੀਨ ਦਾ ਸਭ ਤੋਂ ਮਹੱਤਵਪੂਰਨ ਪੜਾਅ 27 ਜੁਲਾਈ ਤੋਂ ਸ਼ੁਰੂ ਹੋਵੇਗਾ। 30 ਹਜ਼ਾਰ ਲੋਕਾਂ 'ਤੇ ਇਸ ਦੀ ਜਾਂਚ ਕੀਤੀ ਜਾਵੇਗੀ ਅਤੇ ਇਹ ਪਤਾ ਚੱਲੇਗਾ ਕਿ ਕੀ ਇਹ ਵੈਕਸੀਨ ਮਨੁੱਖੀ ਸਰੀਰ ਨੂੰ ਕੋਵਿਡ -19 ਤੋਂ ਬਚਾ ਸਕਦਾ ਹੈ। ਮੰਗਲਵਾਰ ਨੂੰ, ਖੋਜਕਰਤਾਵਾਂ ਨੇ 45 ਲੋਕਾਂ 'ਤੇ ਕੀਤੇ ਗਏ ਟੈਸਟਾਂ ਦੇ ਨਤੀਜੇ ਜਾਰੀ ਕੀਤੇ ਹਨ। ਇਸ ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾ ਰਿਹਾ ਸੀ। ਇਨ੍ਹਾਂ ਵਲੰਟੀਅਰਾਂ ਦੇ ਸਰੀਰ ਵਿੱਚ ਨਿਊਟ੍ਰਲਾਈਜ਼ਿੰਗ ਐਂਟੀਬਾਡੀ ਦਾ ਵਿਕਾਸ ਹੋਇਆ ਹੈ। ਇਹ ਐਂਟੀਬਾਡੀ ਇਨਫੈਕਸ਼ਨ ਨੂੰ ਰੋਕਣ ਲਈ ਮਹੱਤਵਪੂਰਨ ਹੁੰਦੇ ਹਨ।ਖੋਜ ਵਿੱਚ ਕੀ ਆਇਆ ਸਾਹਮਣੇ ?

ਖੋਜ ਟੀਮ ਨੇ ਨਿਊ ਇੰਗਲੈਂਡ ਜਰਨਲ ਆਫ਼ ਮੈਡੀਸਨ ਵਿੱਚ ਲਿਖਿਆ ਹੈ ਕਿ ਵੈਕਸੀਨ ਲੈਣ ਵਾਲੇ ਵਲੰਟੀਅਰਾਂ ਦੇ ਖ਼ੂਨ ਵਿੱਚ ਓਨੇ ਹੀ ਐਂਟੀਬਾਡੀ ਮਿਲੇ ਹਨ, ਜਿੰਨੇ ਕੋਵਿਡ -19 ਤੋਂ ਠੀਕ ਹੋ ਰਹੇ ਮਰੀਜ਼ਾਂ ਦੇ ਸਰੀਰ ਵਿੱਚ ਪਾਏ ਜਾਂਦੇ ਹਨ।



ਸੋਧ ਕਰਨ ਵਾਲੀ ਸੀਐਟਲ ਦੇ ਕੇਸਰ ਪਰਮਾਨੈਂਟ ਵਾਸ਼ਿੰਗਟਨ ਰਿਸਰਚ ਇੰਸਟੀਚਿਊਟ ਨਾਲ ਜੁੜੀ ਡਾਕਟਰ ਲੀਜ਼ਾ ਜੈਕਸਨ ਨੇ ਕਿਹਾ ਕਿ ਜਾਂਚ ਵਿੱਚ ਅੱਗੇ ਵਧਣਾ ਅਤੇ ਇਹ ਪਤਾ ਲਗਾਉਣਾ ਲਾਜ਼ਮੀ ਹੈ ਕਿ ਕੀ ਕੋਈ ਟੀਕਾ ਅਸਲ ਵਿੱਚ ਲਾਗ ਨੂੰ ਰੋਕ ਸਕਦਾ ਹੈ, ਇਹ ਜ਼ਰੂਰੀ ਬਿਲਡਿੰਗ ਬਲਾਕ ਹੈ।

ਅੰਤਮ ਨਤੀਜੇ ਕਦੋਂ ਮਿਲਣਗੇ, ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ, ਪਰ ਸਰਕਾਰ ਨੂੰ ਉਮੀਦ ਹੈ ਕਿ ਟ੍ਰਾਇਲ ਸਾਲ ਦੇ ਅੰਤ ਤੱਕ ਪੂਰਾ ਹੋ ਜਾਵੇਗਾ। ਵੈਕਸੀਨ ਨੂੰ ਵਿਕਸਤ ਕਰਨ ਦੇ ਲਿਹਾਜ਼ ਨਾਲ ਵੇਖਿਆ ਜਾਵੇ ਤਾਂ ਇਹ ਇੱਕ ਰਿਕਾਰਡ ਸਪੀਡ ਹੈ। ਇਸ ਵੈਕਸੀਨ ਦੇ ਦੋ ਟੀਕੇ ਦਿੱਤੇ ਜਾਣਗੇ, ਜਿਸ ਵਿਚਕਾਰ ਇੱਕ ਮਹੀਨੇ ਦਾ ਅੰਤਰ ਹੋਵੇਗਾ। ਇਸ ਵੈਕਸੀਨ ਦੇ ਕੋਈ ਗੰਭੀਰ ਸਾਈਡ ਇਫੈਕਟ ਨਹੀਂ ਹਨ।

ਪਰ ਖੋਜ ਵਿੱਚ ਸ਼ਾਮਲ ਅੱਧੇ ਤੋਂ ਵੱਧ ਲੋਕਾਂ ਵਿੱਚ ਇੱਕ ਫਲੂ ਵਰਗੀ ਪ੍ਰਤੀਕ੍ਰਿਆ ਵੇਖਣ ਨੂੰ ਮਿਲੀ ਹੈ। ਅਜਿਹਾ ਦੂਸਰੀ ਵੈਕਸੀਨ ਨਾਲ ਹੋਣਾ ਕੋਈ ਅਸਧਾਰਨ ਗੱਲ ਨਹੀਂ ਹੈ।

ਟੀਕਾ ਲਗਾਉਣ ਤੋਂ ਬਾਅਦ ਸਿਰ ਦਰਦ, ਠੰਢ ਮਹਿਸੂਸ ਹੋਣਾ, ਬੁਖ਼ਾਰ ਹੋਣਾ, ਜਾਂ ਟੀਕੇ ਦੀ ਜਗ੍ਹਾਂ 'ਤੇ ਦਰਦ ਹੋਣਾ ਆਮ ਹੈ। ਇਹ ਪ੍ਰਤੀਕਰਮ ਉਨ੍ਹਾਂ ਤਿੰਨ ਪ੍ਰਤੀਭਾਗੀਆਂ ਵਿੱਚ ਵਧੇਰੇ ਗੰਭੀਰ ਸਨ, ਜਿਨ੍ਹਾਂ ਨੂੰ ਵਧੇਰੇ ਖ਼ੁਰਾਕ ਦਿੱਤੀ ਗਈ ਸੀ।

ਕੁਝ ਪ੍ਰਤੀਕਰਮ ਕੋਰੋਨਾਵਾਇਰਸ ਦੀ ਲਾਗ ਦੇ ਲੱਛਣਾਂ ਦੇ ਸਮਾਨ ਹਨ, ਪਰ ਇਹ ਅਸਥਾਈ ਹਨ। ਇਹ ਇੱਕ ਦਿਨ ਲਈ ਰਹਿੰਦੇ ਹਨ ਅਤੇ ਟੀਕਾ ਲਗਵਾਉਣ ਤੋਂ ਤੁਰੰਤ ਬਾਅਦ ਦਿਖਾਈ ਦੇਣਾ ਸ਼ੁਰੂ ਕਰ ਦਿੰਦੇ ਹਨ

### ਸ਼ੇਅਰ ਮਾਰਕਿਟ ਦੀ ਵਧੀ ਰਫ਼ਤਾਰ

ਮੰਗਲਵਾਰ ਨੂੰ ਸ਼ੁਰੂਆਤੀ ਨਤੀਜੇ ਸਾਹਮਣੇ ਆਉਣ ਤੋਂ ਬਾਅਦ, ਯੂਐਸ ਸਟਾਕ ਮਾਰਕੀਟ ਵਿੱਚ ਮੋਡੇਰਨਾ ਇੰਕ ਦੇ ਸ਼ੇਅਰ ਪੰਦਰਾਂ ਪ੍ਰਤੀਸ਼ਤ ਤੱਕ ਵੱਧ ਗਏ।

ਇਸ ਸਾਲ ਅਮਰੀਕਾ ਦੇ ਮੈਸਾਚਿਉਸੇਟਸ ਦੇ ਕੈਮਬ੍ਰਿਜ ਸਥਿਤ ਕੰਪਨੀ ਦੇ ਸ਼ੇਅਰਾਂ ਵਿੱਚ ਚਾਰ ਗੁਣਾ ਵਾਧਾ ਹੋਇਆ ਹੈ।ਮੰਗਲਵਾਰ ਨੂੰ ਜਾਰੀ ਕੀਤੇ ਗਏ ਖੋਜ ਨਤੀਜਿਆਂ ਵਿੱਚ ਸਿਰਫ਼ ਨੌਜਵਾਨ ਸ਼ਾਮਲ ਹੋਏ ਸਨ। ਆਉਣ ਵਾਲੇ ਟੈਸਟ ਵਿੱਚ ਬਜ਼ੁਰਗਾਂ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਕੋਵਿਡ -19 ਮਹਾਂਮਾਰੀ ਨਾਲ ਸਭ ਤੋਂ ਪ੍ਰਭਾਵਤ ਬਜ਼ੁਰਗ ਹੋਏ ਹਨ। ਨਿਊਜ਼ ਏਜੰਸੀ ਐਸੋਸੀਏਟਡ ਪ੍ਰੈਸ ਦੇ ਅਨੁਸਾਰ, ਖੋਜ ਦੇ ਨਤੀਜੇ ਅਜੇ ਜਨਤਕ ਨਹੀਂ ਹੋਏ ਹਨ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ।

ਫਾਊਚੀ ਦਾ ਕਹਿਣਾ ਹੈ ਕਿ ਬਜ਼ੁਰਗਾਂ ਨੂੰ ਵੀ ਅਜ਼ਮਾਇਸ਼ਾਂ ਦੇ ਅੰਤਮ ਦੌਰ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ 'ਤੇ ਵੀ ਟੈਸਟ ਕੀਤਾ ਜਾਵੇਗਾ। ਇਸ ਵਾਇਰਸ ਦਾ ਸਭ ਤੋਂ ਵੱਧ ਅਸਰ ਕੇਵਲ ਉਨ੍ਹਾਂ 'ਤੇ ਹੁੰਦਾ ਹੈ ਜੋ ਪਹਿਲਾਂ ਕਿਸੇ ਬਿਮਾਰੀ ਨਾਲ ਪੀੜਤ ਸਨ।

ਸਿਰਫ ਇਹ ਹੀ ਨਹੀਂ, ਅਮਰੀਕਾ ਵਿੱਚ ਕਾਲੇ ਅਤੇ ਲਾਤੀਨੀ ਮੂਲ ਦੇ ਲੋਕ ਵੀ ਇਸ ਲਾਗ ਦੁਆਰਾ ਵਧੇਰੇ ਪ੍ਰਭਾਵਿਤ ਹੋਏ ਹਨ। ਵੱਡੀ ਗਿਣਤੀ 'ਚ ਵੈਕਸੀਨ ਦੀ ਜ਼ਰੂਰਤ ਦੁਨੀਆਂ ਭਰ ਵਿੱਚ ਲਗਭਗ ਦੋ ਦਰਜਨ ਵੈਕਸੀਨ ਅਜ਼ਮਾਇਸ਼ਾਂ ਦੇ ਆਖ਼ਰੀ ਪੜਾਅ ਵਿੱਚ ਹਨ। ਚੀਨ ਅਤੇ ਬ੍ਰਿਟੇਨ ਵਿੱਚ ਆਕਸਫੋਰਡ ਯੂਨੀਵਰਸਿਟੀ ਦੀ ਵੈਕਸੀਨ ਵੀ ਜਲਦੀ ਹੀ ਅਜ਼ਮਾਇਸ਼ਾਂ ਦੇ ਆਖ਼ਰੀ ਪੜਾਅ 'ਤੇ ਆ ਰਹੇ ਹਨ। ਇਸ ਵੈਕਸੀਨ ਦੀ ਖੋਜ, ਜੋ ਕਿ 30 ਹਜ਼ਾਰ ਲੋਕਾਂ 'ਤੇ ਕੀਤੀ ਜਾ ਰਹੀ ਹੈ, ਕੋਰੋਨਾ ਦੇ ਸੰਭਾਵਿਤ ਟੀਕੇ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਖੋਜ ਹੋਵੇਗੀ। ਹਾਲਾਂਕਿ, ਇਹ ਵੈਕਸੀਨ ਇਕੱਲੀ ਵੈਕਸੀਨ ਨਹੀਂ ਹੈ ਜਿਸ ਦੀ ਇਸ ਵੱਡੇ ਪੱਧਰ 'ਤੇ ਜਾਂਚ ਕੀਤੀ ਜਾਏਗੀ। ਸਰਕਾਰ ਆਕਸਫੋਰਡ ਦੀ ਵੈਕਸੀਨ ਅਤੇ ਜੌਨਸਨ ਅਤੇ ਜੌਨਸਨ ਦੀ ਵੈਕਸੀਨ ਬਾਰੇ ਵੀ ਵੱਡੀ ਖੋਜ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਤੋਂ ਇਲਾਵਾ ਫਾਈਜ਼ਰ ਕੰਪਨੀ ਦੀ ਵੈਕਸੀਨ ਦਾ ਵੀ ਵੱਡੇ ਪੱਧਰ 'ਤੇ ਅਧਿਐਨ ਕੀਤਾ ਜਾਵੇਗਾ। ਲੋਕ ਇਨ੍ਹਾਂ ਖੋਜਾਂ ਲਈ ਆਪਣੇ ਆਪ ਨੂੰ ਵਲੰਟੀਅਰ ਵਜੋਂ ਰਜਿਸਟਰ ਕਰ ਸਕਦੇ ਹਨ। ਡਾ. ਫਾਊਚੀ ਕਹਿੰਦੇ ਹਨ ਕਿ ਲੋਕ ਸੋਚਦੇ ਹਨ ਕਿ ਇਸ ਦੌੜ ਵਿੱਚ ਕੋਈ ਇੱਕ ਵੈਕਸੀਨ ਜਿੱਤੇਗੀ, ਪਰ ਮੈਂ ਸਾਰਿਆਂ ਨੂੰ ਉਤਸ਼ਾਹਿਤ ਕਰ ਰਿਹਾ ਹਾਂ। ਉਹ ਕਹਿੰਦੇ ਹਨ, ਸਾਨੂੰ ਬਹੁਤ ਸਾਰੀ ਵੈਕਸੀਨ ਚਾਹੀਦੀ ਹੈ। ਸਾਨੂੰ ਇੱਕ ਦੇਸ਼ ਦੀ ਨਹੀਂ, ਬਲਕਿ ਪੂਰੀ ਦੁਨੀਆਂ ਲਈ ਵੈਕਸੀਨ ਚਾਹੀਦੀ ਹੈ।

## ਵੈਕਸੀਨ ਇਸ ਵੇਲੇ ਅਹਿਮ ਹੈ

ਵਾਂਡਰਬਿਲਟ ਯੂਨੀਵਰਸਿਟੀ ਮੈਡੀਕਲ ਸੈਂਟਰ ਦੇ ਖੋਜਕਰਤਾ ਡਾ. ਵਿਲੀਅਮ ਸ਼ਾਫਨਰ ਦਾ ਕਹਿਣਾ ਹੈ ਕਿ ਕੋਰੋਨਾ ਵਰਗੀ ਮਹਾਂਮਾਰੀ ਤੋਂ ਬਚਾਅ ਲਈ ਇਹ ਇੱਕ ਛੋਟੀ ਜਿਹੀ ਕੀਮਤ ਹੈ। ਡਾ. ਸ਼ੈਫਨਰ ਇਸ ਖੋਜ ਵਿੱਚ ਸ਼ਾਮਲ ਨਹੀਂ ਹਨ। ਉਨ੍ਹਾਂ ਨੇ ਟੀਕੇ ਦੇ ਸ਼ੁਰੂਆਤੀ ਨਤੀਜਿਆਂ ਨੂੰ ਇੱਕ ਚੰਗਾ ਕਦਮ ਦੱਸਿਆ ਹੈ। ਉਨ੍ਹਾਂ ਨੂੰ ਉਮੀਦ ਹੈ ਕਿ ਦਵਾਈ ਦੀ ਅੰਤਮ ਟ੍ਰਾਇਲ ਦਰਸਾਏਗੀ ਕਿ ਕੀ ਇਹ ਸੁਰੱਖਿਅਤ ਅਤੇ ਪ੍ਰਭਾਵੀ ਹਨ ਜਾਂ ਨਹੀਂ। ਇਹ ਨਤੀਜੇ ਅਗਲੇ ਸਾਲ ਦੀ ਸ਼ੁਰੂਆਤ ਤੱਕ ਉਪਲਬਧ ਹੋਣਗੇ। ਸ਼ਾਫਨਰ ਕਹਿੰਦੇ ਹਨ ਕਿ ਇਹ ਬਹੁਤ ਵਧੀਆ ਹੋਵੇਗਾ, ਬਸ਼ਰਤੇ ਸਭ ਕੁਝ ਆਪਣੇ ਸਮੇਂ 'ਤੇ ਹੋਵੇ।


Home Business Auto

Insurance


See Full Page Advt on page 16

NLIGHT INSURANCE

(A Division of Nlight Financial LLC)

Call : 917-612-3158

# ਡੇਰਾ ਸੌਦਾ ਸਾਧ ਨੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਦੀ ਸਾਜ਼ਿਸ਼ ਕਿਵੇਂ ਰਚੀ



ਸਿੱਖ ਜਗਤ ਦੀਆਂ ਰੂਹਾਂ ਨੂੰ ਜ਼ਖਮੀ ਕਰਨ ਵਾਲੇ ਬਰਗਾੜੀ ਬੇਅਦਬੀ ਮਾਮਲੇ ਵਿਚ ਪੰਜਾਬ ਪੁਲਸ ਦੀ ਜਾਂਚ ਟੀਮ ਨੇ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਦੇ ਗੁਰਦੁਆਰਾ ਸਾਹਿਬ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਕਰਨ ਦੇ ਮਾਮਲੇ 'ਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਇਸਾ ਨੂੰ ਮੁੱਖ ਸਾਜਿਸ਼ਕਰਤਾ ਵਜੋਂ ਨਾਮਜ਼ਦ ਕਰ ਲਿਆ ਹੈ। ਜਾਂਚ ਟੀਮ ਨੇ ਦਾਅਵਾ ਕੀਤਾ ਕਿ 2007 ਤੋਂ ਲੈ ਕੇ 2015 ਤੱਕ ਡੇਰਾ ਸਿਰਸਾ ਅਤੇ ਸਿੱਖਾਂ ਦਰਮਿਆਨ ਤਿੱਖਾ ਟਕਰਾਅ ਚੱਲਦਾ ਰਿਹਾ ਅਤੇ ਸਿੱਖ ਪ੍ਰਚਾਰਕ ਭਾਈ ਹਰਜਿੰਦਰ ਸਿੰਘ ਮਾਂਝੀ ਦੇ ਕਹਿਣ 'ਤੇ ਕੁਝ ਡੇਰਾ ਪ੍ਰੇਮੀਆਂ ਨੇ ਸੱਚਾ ਸੌਦਾ ਦੇ ਲੌਕੇਟ ਉਤਾਰ ਕੇ ਸੁੱਟ ਦਿੱਤੇ ਸਨ। ਇਸੇ ਗੱਲ ਤੋਂ ਤੈਸ਼ ਵਿਚ ਆਏ ਡੇਰਾ ਪ੍ਰੇਮੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਸਾਜਿਸ਼ ਰਚੀ। ਜਾਂਚ ਟੀਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਚੋਰੀ ਅਤੇ ਇਸ ਦੀ ਬੇਅਦਬੀ ਕਰਨ ਦੀ ਸਾਜਿਸ਼ ਡੇਰਾ ਸੱਚਾ ਸੌਦਾ 'ਚ ਹੀ ਰਚੀ ਗਈ ਸੀ ਅਤੇ ਡੇਰਾ ਮੁਖੀ ਇਸ ਸਾਜਿਸ਼ 'ਚ ਪੂਰੀ ਤਰ੍ਹਾਂ ਸ਼ਾਮਲ ਸੀ। ਦੱਸ ਦਈਏ ਕਿ ਜੂਨ 2015 ਵਿਚ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕੀਤੇ ਗਏ ਸਨ ਅਤੇ ਬਾਅਦ ਵਿਚ ਇਸ ਸਰੂਪ ਦੇ ਅੰਗਾਂ ਨੂੰ ਫਾੜ ਕੇ ਬਰਗਾੜੀ ਪਿੰਡ ਦੀਆਂ ਗਲੀਆਂ ਵਿਚ ਸੁੱਟਿਆ ਗਿਆ ਸੀ। ਨਾਲ ਹੀ ਕੰਧਾਂ 'ਤੇ ਇਸ਼ਤਿਹਾਰ ਲਾ ਕੇ ਸਿੱਖਾਂ ਨੂੰ ਵੰਗਾਰਿਆ ਗਿਆ ਸੀ। ਇਸ ਬੇਹਦ ਦਰਦਨਾਕ ਘਟਨਾ ਤੋਂ ਬਾਅਦ ਪੰਜਾਬ ਭਰ ਵਿਚ ਸਿੱਖਾਂ ਨੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਰੋਸ ਮੁਜ਼ਾਹਰੇ ਕੀਤੇ ਸੀ। ਇਸ ਦੌਰਾਨ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਸ਼ਾਂਤਮਈ ਧਰਨਾ ਦੇ ਰਹੀਆਂ ਸਿੱਖ ਸੰਗਤਾਂ 'ਤੇ ਪੰਜਾਬ ਪੁਲਸ ਨੇ ਗੋਲੀ ਚਲਾ ਦਿੱਤੀ ਸੀ ਜਿਸ ਵਿਚ ਦੋ ਸਿੱਖ ਸ਼ਹੀਦ ਹੋ ਗਏ ਸਨ ਅਤੇ ਕਈ ਸਿੱਖ ਜ਼ਖਮੀ ਹੋਏ ਸਨ। ਇਸ ਘਟਨਾ ਨੇ ਪੰਜਾਬ ਦੀ ਰਾਜਨੀਤੀ 'ਤੇ ਵੱਡਾ ਅਸਰ ਪਾਇਆ ਅਤੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ 2017 ਦੀਆਂ ਚੋਣਾਂ ਵਿਚ ਬੇਹੱਦ ਬੁਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਇਹਨਾਂ ਘਟਨਾਵਾਂ ਦਾ ਇਨਸਾਫ ਦੇਣ ਦਾ ਵਾਅਦਾ ਕਰਕੇ ਸੱਤਾ ਹਾਸਲ ਕੀਤੀ ਸੀ। ਪਰ 2018 ਵਿਚ ਭਾਰਤ ਦੀ ਜਾਂਚ ਅਜੈਂਸੀ ਸੀਬੀਆਈ ਨੇ ਇਹਨਾਂ ਮਾਮਲਿਆਂ ਵਿਚ ਨਾਮਜ਼ਦ ਕੀਤੇ ਗਏ ਡੇਰਾ ਸਿਰਸਾ ਪ੍ਰੇਮੀਆਂ ਨੂੰ ਬਰੀ ਕਰਨ ਦੀ ਸਿਫਾਰਸ਼ ਕਰ ਦਿੱਤੀ ਸੀ। ਇਸ ਤੋਂ ਬਾਅਦ ਸਿੱਖ ਸੰਗਤਾਂ ਫੈਲੇ ਰੋਹ ਦੇ ਚਲਦਿਆਂ ਪੰਜਾਬ ਸਰਕਾਰ ਨੇ ਮਾਮਲਿਆਂ ਦੀ ਜਾਂਚ ਸੀਬੀਆਈ ਤੋਂ ਵਾਪਸ ਲੈਣ ਦਾ ਐਲ਼ਾਨ ਕੀਤਾ ਸੀ। ਹਲਾਂਕਿ ਇਹਨਾਂ ਮਾਮਲਿਆਂ ਦੀ ਜਾਂਚ ਅਜੇ ਵੀ ਸੀਬੀਆਈ ਦੇ ਕੋਲ ਹੈ ਪਰ ਨਾਲ ਹੀ ਪੰਜਾਬ ਪੁਲਸ ਦੀ ਜਾਂਚ ਟੀਮ ਵੀ ਆਪਣੀ ਜਾਂਚ ਕਰ ਰਹੀ ਹੈ। ਡੇਰਾ ਸਿਰਸਾ ਮੁਖੀ ਪਹਿਲਾਂ ਵੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦਾ ਸਵਾਂਗ ਰਚਣ ਦਾ ਦੋਸ਼ੀ ਹੈ ਅਤੇ ਲਗਾਤਾਰ ਸਿੱਖਾਂ ਨਾਲ ਟਕਰਾਅ ਵਿਚ ਰਿਹਾ ਹੈ। ਪਰ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਆਗੂ ਅਤੇ ਹਰਿਆਣਾ ਦੇ ਆਗੂ ਇਸ ਡੇਰਾ ਮੁਖੀ ਨੂੰ ਸਿੱਖਾਂ ਖਿਲਾਫ ਹੱਲਾਸ਼ੇਰੀ ਦਿੰਦੇ ਰਹੇ। ਇਸ ਡੇਰਾ ਮੁਖੀ ਦੇ ਕੁਕਰਮਾਂ ਦਾ ਭਾਂਡਾ ਅਖੀਰ ਉਦੋਂ ਫੁਟਿਆ ਜਦੋਂ ਇਸਨੂੰ ਆਪਣੇ ਡੇਰੇ ਵਿਚ ਰਹਿੰਦੀਆਂ ਕੁੜੀਆਂ ਨਾਲ ਬਲਾਤਕਾਰ ਕਰਨ ਦੇ ਮਾਮਲੇ ਵਿਚ 20 ਸਾਲਾਂ ਦੀ ਦੋਹਰੀ ਸਜ਼ਾ ਦਿੱਤੀ ਗਈ। ਇਸ ਤੋਂ ਬਾਅਦ ਇਸ 'ਤੇ ਪੱਤਰਕਾਰ ਨੂੰ ਕਤਲ ਕਰਨ ਦੇ ਦੋਸ਼ ਵੀ ਸਾਬਤ ਹੋਏ। ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਨੇ ਚਾਰ ਦਿਨ ਪਹਿਲਾਂ ਪੰਜ ਡੇਰਾ ਪ੍ਰੇਮੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਤੋਂ ਪੁੱਛਗਿੱਛ ਪੜਤਾਲ ਦੌਰਾਨ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਸਾਜਿਸ਼ ਸਾਹਮਣੇ ਆਈ ਹੈ। ਜਾਂਚ ਟੀਮ ਨੇ ਮੁੱਢਲੀ ਪੜਤਾਲ ਮੁਕੰਮਲ ਹੋਣ ਮਗਰੋਂ ਅੱਜ ਅਦਾਲਤ ਸਾਹਮਣੇ ਚਲਾਨ ਵੀ ਪੇਸ਼ ਕਰ ਦਿੱਤਾ, ਜਿਸ 'ਚ ਡੇਰੇ ਦੀ ਕੌਮੀ ਕਮੇਟੀ ਦੇ ਮੈਂਬਰ ਹਰਸ਼ ਪੁਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਦੇ ਨਾਂਅ ਵੀ ਸ਼ਾਮਲ ਹਨ। ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਨੇ ਕਿਹਾ ਕਿ ਜੇਕਰ ਡੇਰਾ ਸੱਚਾ ਸੌਦਾ ਦੇ ਕੌਮੀ ਕਮੇਟੀ ਮੈਂਬਰ ਗ੍ਰਿਫ਼ਤਾਰ ਹੋ ਜਾਂਦੇ ਹਨ ਤਾਂ ਹੋਰ ਮੁਲਜ਼ਮਾਂ ਦੀ ਸ਼ਨਾਖਤ ਵੀ ਹੋ ਸਕਦੀ ਹੈ। ਪੜਤਾਲ ਦੌਰਾਨ ਉਨ੍ਹਾਂ ਨੂੰ ਅਹਿਮ ਸਬੂਤ, ਗਵਾਹ ਅਤੇ ਦਸਤਾਵੇਜ਼ ਮਿਲੇ ਹਨ, ਜੋ ਉਨ੍ਹਾਂ ਨੇ ਚਲਾਨ ਦੇ ਨਾਲ ਡਿਊਟੀ ਜੱਜ ਚੇਤਨ ਸ਼ਰਮਾ ਦੀ ਅਦਾਲਤ ਵਿੱਚ ਪੇਸ਼ ਕਰ ਦਿੱਤੇ ਹਨ। ਦੱਸਣਯੋਗ ਹੈ ਕਿ ਬਾਜਾਖਾਨਾ ਪੁਲੀਸ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ ਸਬੰਧੀ 2 ਜੂਨ 2015 ਨੂੰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 295-ਏ, 380, 120-ਬੀ, 201 ਤਹਿਤ ਦਰਜ ਕੇਸ 'ਚ ਧਾਰਾ 414 ਅਤੇ 451 ਤਹਿਤ ਦੋਸ਼ਾਂ ਦਾ ਵਾਧਾ ਕੀਤਾ ਹੈ। ਜਾਂਚ ਟੀਮ ਨੇ ਕੌਮੀ ਕਮੇਟੀ ਮੈਂਬਰ ਹਰਸ਼ ਪੁਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਨੂੰ ਗ੍ਰਿਫ਼ਤਾਰ ਕਰਨ ਲਈ ਅਦਾਲਤ ਤੋਂ ਗ੍ਰਿਫ਼ਤਾਰੀ ਵਾਰੰਟਾਂ ਦੀ ਮੰਗ ਕੀਤੀ ਹੈ। ਅਦਾਲਤ ਵਾਰੰਟ ਜਾਰੀ ਕਰਨ ਬਾਰੇ 8 ਜੁਲਾਈ ਨੂੰ ਸੁਣਵਾਈ ਕਰੇਗੀ।

**ਪੰਜ ਡੇਰਾ ਪ੍ਰੇਮੀਆਂ ਦਾ 20 ਤੱਕ ਜੁਡੀਸ਼ਲ ਰਿਮਾਂਡ**

ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦੀ ਬੇਅਦਬੀ ਦੇ ਦੋਸ਼ਾਂ 'ਚ ਗ੍ਰਿਫ਼ਤਾਰ ਕੀਤੇ ਗਏ ਪੰਜ ਡੇਰਾ ਪ੍ਰੇਮੀਆਂ ਨੂੰ ਅੱਜ ਇੱਥੇ ਡਿਊਟੀ ਮੈਜਿਸਟਰੇਟ ਚੇਤਨ ਸ਼ਰਮਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਜ਼ਿਲ੍ਹਾ ਅਟਾਰਨੀ ਰਜਨੀਸ਼ ਕੁਮਾਰ ਗੋਇਲ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮਾਂ ਦੇ ਹੋਰ ਪੁਲੀਸ ਰਿਮਾਂਡ ਦੀ ਲੋੜ ਨਹੀਂ ਹੈ। ਜਿਸ 'ਤੇ ਅਦਾਲਤ ਨੇ ਪੰਜੇ ਮੁਲਜ਼ਮਾਂ ਰਣਦੀਪ ਸਿੰਘ ਉਰਫ਼ ਨੀਲਾ, ਰਣਜੀਤ ਸਿੰਘ ਉਰਫ਼ ਭੋਲਾ, ਬਲਜੀਤ ਸਿੰਘ, ਨਰਿੰਦਰ ਸ਼ਰਮਾ ਤੇ ਨਿਸ਼ਾਨ ਸਿੰਘ ਨੂੰ 20 ਜੁਲਾਈ ਤੱਕ ਅਦਾਲਤੀ ਹਿਰਾਸਤ ਤਹਿਤ ਜੇਲ੍ਹ ਭੇਜ ਦਿੱਤਾ। ਇਸੇ ਦੌਰਾਨ ਅੱਜ ਡੇਰਾ ਪ੍ਰੇਮੀਆਂ ਦੀ ਅਦਾਲਤ 'ਚ ਪੇਸ਼ੀ ਮੌਕੇ ਸਿੱਖ ਜਥੇਬੰਦੀਆਂ ਦੇ ਕੁਝ ਆਗੂਆਂ ਨੇ ਅਦਾਲਤ ਦੇ ਬਾਹਰ ਡੇਰਾ ਪ੍ਰੇਮੀਆਂ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਜ਼ਿਲ੍ਹਾ ਪੁਲੀਸ ਵੱਲੋਂ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਅਦਾਲਤੀ ਕੰਪਲੈਕਸ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ।

# ਟਵਿੱਟਰ 'ਤੇ ਦੁਨੀਆਂ ਦੇ ਸਭ ਤੋਂ ਅਮੀਰ ਆਦਮੀ ਸਣੇ ਕਈਆਂ ਦੇ ਅਕਾਊਂਟਸ 'ਚ ਪਿਆ ਪੰਗਾ



ਦੁਨੀਆਂ ਦੇ ਸਭ ਤੋਂ ਅਮੀਰ ਆਦਮੀ ਜੈੱਫ ਬੇਜ਼ੋਸ ਅਤੇ ਅਰਬਪਤੀ ਕਾਰੋਬਾਰੀ ਈਲੋਨ ਮਸਕ ਤੇ ਬਿਲ ਗੇਟਸ ਸਣੇ ਦੁਨੀਆਂ ਦੇ ਕਈ ਵੱਡੇ ਕਾਰੋਬਾਰੀਆਂ ਅਤੇ ਨੇਤਾਵਾਂ ਦੇ ਟਵਿੱਟਰ ਅਕਾਊਂਟ ਹੈਕ ਕਰ ਲਏ ਗਏ ਹਨ। ਇਹ ਹੈਕਿੰਗ ਬਿਟਕੁਆਇਨ ਘੋਟਾਲੇ ਹਨ। ਹੈਕ ਕੀਤੇ ਗਏ ਅਕਾਊਂਟ 'ਤੇ ਕੀਤੇ ਗਏ ਪੋਸਟ ਵਿੱਚ ਬਿਟਕੁਆਇਨ ਵਿੱਚ ਦਾਨ ਮੰਗਿਆ ਗਿਆ ਹੈ। ਬਿਲ ਗੇਟਸ ਦੇ ਅਕਾਊਂਟ ਤੋਂ ਕੀਤੇ ਗਏ ਟਵੀਟ ਵਿੱਚ ਕਿਹਾ ਗਿਆ, "ਹਰ ਕੋਈ ਸਮਾਜ ਨੂੰ ਵਾਪਸ ਕਰ ਲਈ ਕਹਿੰਦਾ ਰਿਹਾ ਹੈ, ਹੁਣ ਉਹ ਸਮਾਂ ਗਿਆ ਹੈ, ਤੁਸੀਂ ਮੈਨੂੰ ਇੱਕ ਹਜ਼ਾਰ ਡਾਲਰ ਭੇਜੋ, ਮੈਂ ਤੁਹਾਨੂੰ ਦੋ ਹਜ਼ਾਰ ਵਾਪਸ ਭੇਜਾਗਾਂ।" ਟੈਸਲਾ ਦੇ ਮੁਖੀ ਮਸਕ ਦੇ ਅਕਾਊਂਟ ਤੋਂ ਕੀਤੇ ਗਏ ਟਵੀਟ ਵਿੱਚ ਕਿਹਾ ਗਿਆ ਕਿ ਅਗਲੇ ਇੱਕ ਘੰਟੇ ਤੱਕ ਬਿਟਕੁਆਇਨ ਵਿੱਚ ਭੇਜੇ ਗਏ ਪੈਸਿਆਂ ਤੋਂ ਦੁੱਗਣਾ ਕਰਕੇ ਵਾਪਸ ਕੀਤਾ ਜਾਵੇਗਾ।ਬਿਟਕੁਆਇਨ ਦੇ ਪਤੇ ਦੇ ਲਿੰਕ ਨਾਲ ਟਵੀਟ ਵਿੱਚ ਲਿਖਿਆ ਗਿਆ, "ਮੈਂ ਕੋਵਿਡ ਮਹਾਂਮਾਰੀ ਕਾਰਨ ਦਾਨ ਕਰ ਰਿਹਾ ਹਾਂ।" ਪੋਸਟ ਕੀਤੇ ਜਾਣ ਦੇ ਚੰਦ ਮਿੰਟਾਂ ਅੰਦਰਾਂ ਹੀ ਇਹ ਟਵੀਟ ਡਿਲੀਟ ਹੋ ਗਏ। ਅਮਰੀਕਾ ਦੇ ਮਸ਼ਹੂਰ ਰੈਪਰ ਕਾਨਏ ਵੈਸਟ, ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋ ਬਾਈਡਨ ਤੋਂ ਇਲਾਵਾ ਦੁਨੀਆਂ ਦੀਆਂ ਵੱਡੀਆਂ ਕੰਪਨੀਆਂ ਵਿੱਚ ਸ਼ਾਮਲ ਊਬਰ ਅਤੇ ਐਪਲ ਅਕਾਊਂਟ ਵੀ ਹੈਕ ਕੀਤੇ ਗਏ।



ਕੁਝ ਹੀ ਦੇਰ ਵਿੱਚ ਹੈਕਰਾਂ ਨੂੰ ਸੈਂਕੜਿਆਂ ਲੋਕਾਂ ਨੇ ਇੱਕ ਲੱਖ ਡਾਲਰ ਤੋਂ ਵੱਧ ਭੇਜ ਦਿੱਤੇ।ਜਿਨ੍ਹਾਂ ਦੇ ਅਕਾਊਂਟ ਨੂੰ ਨਿਸ਼ਾਨਾ ਬਣਾਇਆ ਗਿਆ ਉਨ੍ਹਾਂ ਸਭ ਦੇ ਲੱਖਾਂ ਫੌਲੋਅਰਜ਼ ਹਨ। ਟਵਿੱਟਰ ਨੇ ਕਿਹਾ ਹੈ ਕਿ ਉਹ ਇਸ ਘਟਨਾ ਦੀ ਜਾਂਚ ਕਰ ਰਿਹਾ ਹੈ ਅਤੇ ਜਲਦੀ ਹੀ ਬਿਆਨ ਜਾਰੀ ਕੀਤਾ ਜਾਵੇਗਾ। ਟਵਿੱਟਰ ਨੇ ਕਿਹਾ ਹੈ ਕਿ ਉਹ ਜਾਂਚ ਕਰ ਰਿਹਾ ਹੈ ਅਤੇ ਇਸ ਬਾਰੇ ਵਧੇਰੇ ਜਾਣਕਾਰੀ ਛੇਤੀ ਹੀ ਦਿੱਤੀ ਜਾਵੇਗੀ। ਇੱਕ ਹੋਰ ਟਵੀਟ ਵਿੱਚ ਟਵਿੱਟਰ ਨੇ ਕਿਹਾ ਹੈ ਕਿ ਜਦੋਂ ਤੱਕ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ, ਪਾਸਵਰਡ ਰੀਸੈੱਟ ਨਹੀਂ ਕੀਤੇ ਜਾ ਸਕਣਗੇ। ਕਈ ਯੂਜ਼ਰਜ ਨੇ ਲਿਖਿਆ ਹੈ ਕਿ ਉਹ ਟਵਿੱਟਰ 'ਤੇ ਲਿਖ ਨਹੀਂ ਕਰ ਪਾ ਰਹੇ ਹਨ। ਆਮ ਆਦਮੀ ਪਾਰਟੀ ਨਾਲ ਜੁੜੇ ਸੋਸ਼ਲ ਮੀਡੀਆ ਕਾਰਕੁਨ ਅੰਕਿਤ ਲਾਲ ਨੇ ਫੇਸਬੁੱਕ 'ਤੇ ਲਿਖਿਆ, "ਹੈਕਿੰਗ ਤੋਂ ਬਾਅਦ ਟਵਿੱਟਰ ਡਾਊਨ ਹੈ। ਕਈ ਵਾਰ ਪੋਸਟ ਕਰਨ ਦੀ ਕੋਸ਼ਿਸ਼ ਕੀਤੀ ਪਰ ਟਵਿੱਟਰ ਕੰਮ ਨਹੀਂ ਕਰ ਰਿਹਾ ਹੈ।"

**ਕੀ ਕਹਿੰਦੇ ਹਨ ਜਾਣਕਾਰ ?**

ਐਫਬੀਆਈ ਦੇ ਸੈਨ ਫਰਾਂਸਿਸਕੋ ਫੀਲਡ ਆਫਿਸ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਹੈ, "ਅਜਿਹੇ ਲਗ ਰਿਹਾ ਹੈ ਕਿ ਕ੍ਰਿਪਟੋਕਰੰਸੀ ਫਰਾਡ ਲਈ ਅਕਾਊਂਟ ਨੂੰ ਹੈਕ ਕੀਤਾ ਗਿਆ ਹੈ। ਅਸੀਂ ਲੋਕਾਂ ਨੂੰ ਆਗਾਹ ਕਰਦੇ ਹਾਂ ਕਿ ਇਸ ਤਰ੍ਹਾਂ ਦੇ ਕਿਸੇ ਮੈਸੇਜ ਦੇ ਝਾਂਸੇ ਵਿੱਚ ਨਾ ਪਓ ਅਤੇ ਕ੍ਰਿਪਟੋਕਰੰਸੀ ਜਾਂ ਪੈਸੇ ਕਿਸੀ ਨੂੰ ਨਾ ਭੇਜਣ। ਉੱਥੇ ਹੀ ਹੈਕਰ ਰਿਜ਼ਵਾਨ ਸ਼ੇਖ਼ ਨੇ ਬੀਬੀਸੀ ਨੂੰ ਦੱਸਿਆ, "ਅਜਿਹਾ ਲਗਦਾ ਹੈ ਕਿ ਹੈਕਰ ਨੂੰ ਟਵਿੱਟਰ ਦੇ ਰੂਟ ਦਾ ਐਕਸਸ ਮਿਲ ਗਿਆ ਹੈ। ਇਸ ਦਾ ਮਤਲਬ ਬੈ ਕਿ ਉਹ ਕਿਸੇ ਵੀ ਅਕਾਊਂਟ ਤੋਂ ਕੁਝ ਵੀ ਟਵੀਟ ਕਰ ਸਕਦਾ ਹੈ ਅਤੇ ਪੈਸੇ ਬਣਾ ਸਕਦਾ ਹੈ। ਅਜਿਹੇ ਵਿੱਚ ਵੈਰੀਫਆਈਡ ਅਕਾਊਂਟ ਤੋਂ ਕੀਤੇ ਗਏ ਟਵੀਟ 'ਤੇ ਵੀ ਭਰੋਸਾ ਨਾ ਕਰੋ।"

ਉਹ ਕਹਿੰਦੇ ਹਨ, "ਗ਼ੈਰ-ਕਾਨੂੰਨੀ ਢੰਗ ਨਾਲ ਪੈਸੇ ਬਣਾਉਣ ਦੇ ਮਾਮਲੇ ਵਿੱਚ ਇਹ ਹੁਣ ਤੱਕ ਦਾ ਸਭ ਤੋਂ ਵੱਡੀ ਹੈਕਿੰਗ ਸਾਬਿਤ ਹੋ ਸਕਦੀ ਹੈ।" ਬੀਬੀਸੀ ਦੇ ਸਾਈਬਰ ਸਿਕਿਓਰਿਟੀ ਰਿਪੋਰਟ ਜੋ ਟਾਈਡੀ ਦਾ ਕਹਿਣਾ ਹੈ, "ਹੈਕ ਨੂੰ ਦੇਖ ਕੇ ਲਗਦਾ ਹੈ ਕਿ ਹੈਕਰਸ ਟਵਿੱਟਰ ਦੇ ਐਡਮਿਨਸਟ੍ਰੇਟਿਵ ਪ੍ਰਿਵੀਲੇਜ ਹਾਸਲ ਕਰਨ ਵਿੱਚ ਸਫ਼ਲ ਰਹੇ ਹਾਂ। ਅਜਿਹੇ ਵਿੱਚ ਉਨ੍ਹਾਂ ਕੋਲ ਇੰਨੀ ਸ਼ਕਤੀ ਸੀ ਕਿ ਉਹ ਕੁਝ ਵੀ ਕਰ ਸਕਦੇ ਸਨ ਪਰ ਉਨ੍ਹਾਂ ਨੇ ਕੁਝ ਲੋਕਾਂ ਦੇ ਨਾਮ ਦਾ ਇਸਤੇਮਾਲ ਕੀਤਾ ਅਤੇ ਕੁਝ ਬਰਾਂਡ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ।" "ਇਸ ਦਾ ਉਦੇਸ਼ ਸਾਫ਼ ਸੀ। ਉਹ ਘੱਟੋ-ਘੱਟ ਸਮੇਂ ਵਿੱਚ ਜਿਨ੍ਹਾਂ ਹੋ ਸਕੇ ਵੱਧ ਤੋਂ ਵੱਧ ਪੈਸਾ ਬਣਾਉਣਾ ਚਾਹੁੰਦਾ ਸੀ।"

ਤਕਨੀਕ ਨਾਲ ਜੁੜੀ ਵੈਬਸਾਈਟ ਸੀਨੇਟ ਦੇ ਸੰਪਾਦਕ ਡੈਨ ਐਕਰਮੈਨ ਨੇ ਕਿਹਾ, "ਇਹ ਸਕੈਮ ਈ-ਮੇਲ ਦੀ ਤਰ੍ਹਾਂ ਹੈ, ਪਰ ਅਤਿ-ਆਧੁਨਿਕ ਅਤੇ ਪੂਰੀ ਤਰ੍ਹਾਂ ਨਾਲ ਤਾਲਮੇਲ ਕਰਕੇ ਹੈਕ ਕੀਤਾ ਲਗਦਾ ਹੈ। ਸਕੈਮ ਈ-ਮੇਲ ਵਿੱਚ ਤੁਹਾਡੇ ਕੋਲੋਂ ਪੈਸੇ ਮੰਗੇ ਜਾਂਦੇ ਹਨ ਪਰ ਇਸ ਵਿੱਚ ਵੱਡੇ ਲੋਕਾਂ ਦੇਵੈਰੀਫਾਈਡ ਅਕਾਊਂਟ ਨਾਲ ਟਵੀਟ ਕਰਕੇ ਪੈਸੇ ਮੰਗੇ ਜਾ ਰਹੇ ਹਨ।" ਇਹ ਸਭ ਇੱਕ ਸਮੇਂ 'ਤੇ ਕਈ ਅਕਾਊਂਟ ਨਾਲ ਕੀਤਾ ਜਾ ਰਿਹਾ ਹੈ। ਅਜਿਹੇ ਵਿੱਚ ਤੁਸੀਂ ਸੋਚਣ ਲਗਦੇ ਹੋ ਕਿ ਇਹ ਟਵਿੱਟਰ ਸਾਹਮਣੇ ਵੱਡੀ ਚੁਣੌਤੀ ਹੈ ਕਿਉਂਕਿ ਇੱਕ ਤਰ੍ਹਾਂ ਨਾਲ ਉਸ ਦੇ ਢਾਂਚੇ 'ਤੇ ਹਮਲਾ ਕੀਤਾ ਗਿਆ ਹੈ।"

**ਹੁਣ ਤੱਕ ਕੀ ਪਤਾ ਲੱਗਾ ?**

ਟਵਿੱਟਰ ਨੇ ਕਿਹਾ ਹੈ ਕਿ ਉਹ ਇਸ ਘਟਨਾ ਦੀ ਜਾਂਚ ਕਰ ਰਿਹਾ ਹੈ ਅਤੇ ਹੁਣ ਤੱਕ ਜੋ ਜਾਣਕਾਰੀ ਮਿਲ ਸਕੀ ਹੈ, ਉਸ ਮੁਤਾਬਕ ਇਹ ਇੱਕ ਤਾਲਮੇਲ ਨਾਲ ਕੀਤਾ ਗਿਆ ਹੈਕ ਹੈ, ਜਿਸ ਵਿੱਚ ਹੈਕਰਸ ਨੇ ਕੁਝ ਅਜਿਹੇ ਕਰਮੀਆਂ ਨੂੰ ਨਿਸ਼ਾਨਾ ਬਣਾਇਆ ਹੈ।ਜਿਨ੍ਹਾਂ ਕੋਲ ਟਵਿੱਟਰ ਦੇ ਇੰਟਰਨਲ ਸਿਸਟਮ ਅਤੇ ਟੂਲਸ ਦੀ ਐਕਸਸ ਸੀ।ਟਵਿੱਟਰ ਮੁਤਾਬਕ ਇਸ ਰਾਹੀਂ ਉਨ੍ਹਾਂ ਨੇ ਕੁਝ ਹਾਈ-ਪ੍ਰੋਫਾਈਲ ਅਕਾਊਂਟਸ ਨੂੰ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ ਦਾ ਇਸਤੇਮਾਲ ਕੀਤਾ।


## ਕੀ ਹੈ ਬਿਟ-ਕੁਆਇਨ

ਬਿਟ-ਕੁਆਇਨ ਇੱਕ ਵਰਚੁਅਲ ਮੁਦਰਾ ਹੈ ਜਿਸ 'ਤੇ ਕੋਈ ਸਰਕਾਰੀ ਕੰਟਰੋਲ ਨਹੀਂ ਹੈ। ਇਸ ਮੁਦਰਾ ਨੂੰ ਕਿਸੇ ਬੈਂਕ ਨੇ ਜਾਰੀ ਨਹੀਂ ਕੀਤਾ। ਇਹ ਕਿਸੇ ਦੇਸ਼ ਦੀ ਮੁਦਰਾ ਨਹੀਂ ਹੈ ਇਸ ਲਈ ਇਸ 'ਤੇ ਕੋਈ ਟੈਕਸ ਨਹੀਂ ਲਗਾਉਂਦਾ।

ਬਿਟ-ਕੁਆਇਨ ਪੂਰੀ ਤਰ੍ਹਾਂ ਗੁਪਤ ਕਰੰਸੀ ਹੈ ਅਤੇ ਇਸਨੂੰ ਸਰਕਾਰ ਤੋਂ ਲੁਕਾ ਕੇ ਰੱਖਿਆ ਜਾਂਦਾ ਹੈ।

ਇਸ ਨੂੰ ਦੁਨੀਆਂ ਵਿੱਚ ਕਿਤੇ ਵੀ ਸਿੱਧਾ ਖ਼ਰੀਦਿਆ ਜਾਂ ਵੇਚਿਆ ਨਹੀਂ ਜਾ ਸਕਦਾ। ਸ਼ੁਰੂਆਤ ਵਿੱਚ ਕੰਪਿਊਟਰ 'ਤੇ ਬਹੁਤ ਔਖੇ ਕੰਮਾਂ ਦੇ ਬਦਲੇ ਇਹ ਕ੍ਰਿਪਟੋ ਕਰੰਸੀ ਕਮਾਈ ਜਾਂਦੀ ਸੀ।

# ਕਰੋਨਾ ਮਹਾਂਮਾਰੀ ਦੌਰਾਨ ਅਸਲ ਵਿਚਾਰ ਚਰਚਾ ਕੀ ਹੋਣੀ ਚਾਹੀਦੀ ਹੈ ?



ਅਕਸਰ ਜਦੋਂ ਮਨੁੱਖ ਦਾ ਕੋਈ ਬਹੁਤ ਨਜ਼ਦੀਕੀ ਇਸ ਦੁਨੀਆਂ ਤੋਂ ਜਾਂਦਾ ਹੈ ਉਦੋਂ ਹੀ ਉਹ ਮੌਤ ਨੂੰ ਨੇੜਿਓਂ ਵੇਖਦਾ ਹੈ ਪਰ ਕਰੋਨਾ ਮਹਾਂਮਾਰੀ ਕਰ ਕੇ ਪਿਛਲੇ ਕੁਝ ਮਹੀਨਿਆਂ ਤੋਂ ਸੰਸਾਰ ਦਾ ਵੱਡਾ ਹਿੱਸਾ ਇਕੋ ਵੇਲੇ ਮੌਤ ਦਾ ਸਾਹਮਣਾ ਕਰ ਰਿਹਾ ਹੈ, ਇਕੋ ਵੇਲੇ ਮੌਤ ਨੂੰ ਠੀਕ ਉਸੇ ਤਰ੍ਹਾਂ ਮਹਿਸੂਸ ਕਰ ਰਿਹਾ ਹੈ ਜਿਵੇਂ ਉਹ ਪਹਿਲਾਂ ਆਪਣੇ ਕਿਸੇ ਬਹੁਤ ਨਜਦੀਕੀ ਦੇ ਤੁਰ ਜਾਣ ਤੇ ਕਰਦਾ ਸੀ। ਅਜਿਹਾ ਕਦੀ ਵੀ ਵਾਰ ਵਾਰ ਨੀ ਵਾਪਰਦਾ ਹੁੰਦਾ ਅਤੇ ਜਿਹੜੀ ਗੱਲ ਵਾਰ ਵਾਰ ਨਾ ਵਾਪਰੇ ਓਹਨੂੰ ਸਮਝਣਾ ਵੀ ਆਪਣੇ ਆਪ ਵਿੱਚ ਇਕ ਵੱਡਾ ਕਾਰਜ ਬਣ ਜਾਂਦਾ ਹੈ। ਸਮਝਣ ਵਿੱਚ ਵੀ ਭੇਦ ਹੈ, ਸਮਝਣਾ ਸਿਰਫ ਜਰੀਏ ਨੂੰ ਨਹੀਂ ਹੁੰਦਾ ਓਹਦੇ ਕਾਰਨਾਂ ਜਾ ਸੁਨੇਹਿਆਂ ਨੂੰ ਵੀ ਸਮਝਣਾ ਉਹਨਾਂ ਹੀ ਅਹਿਮ ਹੁੰਦਾ ਹੈ। ਕਰੋਨਾ ਕੀ ਹੈ ? ਇਹਦਾ ਇਲਾਜ ਕੀ ਹੈ ? ਇਸ ਤਰ੍ਹਾਂ ਦੇ ਸਵਾਲਾਂ ਦੇ ਹੱਲ ਲੱਭਣੇ ਬਿਨਾ ਸ਼ੱਕ ਜਰੂਰੀ ਹੋ ਸਕਦੇ ਹਨ ਪਰ ਇਹ ਸਦੀਵੀ ਹੱਲ ਨਹੀਂ, ਇਹ ਵਕਤੀ ਹੱਲ ਹੈ। ਵਕਤੀ ਤੋਂ ਭਾਵ ਇਹ ਇਸ ਪੂਰੇ ਮਸਲੇ ਦਾ ਹੱਲ ਨਹੀਂ ਸਿਰਫ ਕਰੋਨਾ ਦਾ ਹੱਲ ਹੈ। ਕਰੋਨਾ ਇਕ ਜਰੀਆ ਹੈ ਜੋ ਆਪਣੇ ਨਾਲ ਕੋਈ ਅਹਿਮ ਸੁਨੇਹਾ ਲੈ ਕੇ ਆਇਆ ਹੈ। ਜੇਕਰ ਮਸਲਾ ਕਰੋਨਾ ਨਹੀਂ ਫਿਰ ਮਸਲਾ ਕੀ ਹੈ ? ਉਹ ਸਮਝਣ ਲਈ ਸਾਨੂੰ ਕਰੋਨਾ ਬਹਾਨੇ ਮਿਲੇ ਸੁਨੇਹਿਆਂ ਨੂੰ ਸਮਝਣਾ ਪਵੇਗਾ। ਕਰੋਨਾ ਅੱਜ ਹੈ ਕੱਲ੍ਹ ਇਸ ਦੀ ਥਾਂ ਕੁਝ ਹੋਰ ਹੋ ਸਕਦੈ, ਜੋ ਕਰੋਨਾ ਨੂੰ ਖਤਮ ਕਰਨ ਦਾ ਹੱਲ ਹੋਵੇ ਜਰੂਰੀ ਨਹੀਂ ਕਿ ਓਹ ਕਰੋਨਾ ਵਰਗੀਆਂ ਹੋਰ ਮਹਾਂਮਾਰੀਆਂ ਨੂੰ ਵੀ ਰੋਕ ਸਕੇ। ਵਕਤੀ ਹੱਲ ਵੀ ਕਰਨੇ ਚਾਹੀਦੇ ਹਨ ਪਰ ਉਸ ਤੋਂ ਅਗਾਂਹ ਵੀ ਤੁਰਨਾ ਚਾਹੀਦਾ ਹੈ, ਕਈ ਵਾਰ ਅਸਲ ਇਲਾਜ ਕਿਸੇ ਸੁਨੇਹੇ ਵਿੱਚ ਪਿਆ ਹੁੰਦਾ ਹੈ। ਕਰੋਨਾ ਦੀ ਦਸਤਕ ਤੋਂ ਪਹਿਲਾਂ ਸਭ ਕੁਝ ਬਹੁਤ ਰਫਤਾਰ ਨਾਲ ਚੱਲ ਰਿਹਾ ਸੀ। ਵਿਹਲੇ ਤੋਂ ਵਿਹਲੇ ਬੰਦੇ ਕੋਲ ਵੀ ਵਕਤ ਨਹੀਂ ਸੀ ਹੁੰਦਾ। ਰਫਤਾਰ ਵੀ ਐਨੀ ਸੀ ਕਿ ਦਿਨ ਪਰ ਦਿਨ ਬੰਦਾ ਆਪਣੇ ਆਪ ਤੋਂ ਅਣਜਾਣ ਹੋ ਰਿਹਾ ਸੀ, ਰਿਸ਼ਤੇ ਨਾਤਿਆਂ ਦੀਆਂ ਕਦਰਾਂ ਕੀਮਤਾਂ ਆਏ ਦਿਨ ਨਵੀਂ ਪਰਿਭਾਸ਼ਾ ਚ ਬੰਨੀਆਂ ਜਾ ਰਹੀਆਂ ਸਨ, ਪਦਾਰਥ ਦੀ ਖਿੱਚ ਬੰਦੇ ਵਿੱਚੋਂ ਬੰਦੇ ਨੂੰ ਮਨਫ਼ੀ ਕਰ ਰਹੀ ਸੀ, ਕਈ ਕਈ ਸਾਲਾਂ/ਪੀੜ੍ਹੀਆਂ ਲਈ ਪਦਾਰਥ ਇਕੱਤਰ ਹੋ ਰਿਹਾ ਸੀ, ਮਨੁੱਖੀ ਜੀਵਨ ਦੇ ਅਸਲ ਅਰਥ ਆਪਣੀ ਹੋਂਦ ਗੁਆ ਰਹੇ ਸਨ, ਪਦਾਰਥਵਾਦੀ ਮਨੁੱਖ ਦੀ ਇਹ ਰਫਤਾਰ ਕੁਦਰਤੀ ਸਰੋਤਾਂ ਅਤੇ ਹੋਰਨਾਂ ਜੀਵ-ਜੰਤੂਆਂ ਦਾ ਗਲਾ ਘੁੱਟ ਰਹੀ ਸੀ ਜਿਸ ਬਾਰੇ ਖਿਆਲ ਕਰਨ ਦਾ ਵੀ ਵਕਤ ਨਹੀਂ ਸੀ ਮਨੁੱਖ ਕੋਲ। ਸਹਿਜ ਨਹੀਂ ਸੀ, ਵਿਹਲ ਨਹੀਂ ਸੀ, ਪਾਣੀ-ਹਵਾ ਗੰਧਲੀ ਕਰ ਰਿਹਾ ਸੀ, ਤਕਨੌਲਜੀ ਦੇ ਭਾਰ ਹੇਠ ਪੰਛੀਆਂ ਦੀਆਂ ਨਸਲਾਂ ਖਤਮ ਹੋ ਰਹੀਆਂ ਸਨ, ਰਹਿਣ ਸਹਿਣ ਗੈਰ ਕੁਦਰਤੀ ਹੋ ਰਿਹਾ ਸੀ ਅਤੇ ਲਗਾਤਾਰ ਇਹ ਰਫਤਾਰ ਵੱਧ ਰਹੀ ਸੀ। ਅਸੀਂ ਆਪਣੇ ਖਾਤਮੇ ਵੱਲ ਵਧ ਰਹੇ ਸੀ ਅਤੇ ਤੇਜ਼ ਰਫਤਾਰ ਵਿੱਚ ਸਾਨੂੰ ਇਲਮ ਨਹੀਂ ਸੀ ਕਿ ਅਸੀਂ ਕੁਦਰਤ ਨਾਲ ਕਿਵੇਂ ਮੱਥਾ ਲਾਇਆ ਹੋਇਆ ਹੈ। ਫਿਰ ਇਕ ਬਿਧੁ ਬਣੀ, ਗੁਰੂ ਪਾਤਸ਼ਾਹ ਨੇ ਸਾਨੂੰ ਠਹਿਰਾਓ ਬਖਸ਼ਿਆ। ਇਕਦਮ ਸਭ ਕੁਝ ਰੁਕ ਗਿਆ, ਜਿਹਦੇ ਕੋਲ ਇਕ ਪਲ ਦੀ ਫੁਰਸਤ ਨਹੀਂ ਸੀ ਉਹ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਣ ਲੱਗਾ, ਪੰਛੀਆਂ ਨੇ ਸਾਫ ਹਵਾ ਚ ਸਾਹ ਲਿਆ, ਬਿਰਖਾਂ ਦੇ ਪੱਤੇ ਗੂੜ੍ਹੇ ਹੋਏ ਅਤੇ ਨਾਲ ਹੀ ਉਮਰਾਂ ਦੇ ਹਿਸਾਬ ਕਿਤਾਬ ਧਰੇ ਦੇ ਧਰੇ ਰਹਿ ਗਏ, ਮੌਤ ਦੇ ਡਰ ਨੇ ਸਭ ਕੁਝ ਰੋਕ ਦਿੱਤਾ। ਜਿਹੜਾ ਕਦੀ ਲੱਗਦਾ ਸੀ ਕਿ ਸੰਭਵ ਨਹੀਂ ਹੈ ਉਹ ਸਭ ਪਰਤੱਖ ਹੋ ਗਿਆ। ਗੁਰੂ ਪਾਤਸ਼ਾਹ ਨੇ ਵਕਤ ਬਖਸ਼ਿਆ ਗੈਰ ਕੁਦਰਤੀ ਜੀਵਨ ਨੂੰ ਬਦਲਣ ਲਈ ਸੋਚਣ ਦਾ, ਵਿਚਾਰਨ ਦਾ ਅਤੇ ਅਮਲ ਕਰਨ ਦਾ। ਪਦਾਰਥ ਨੂੰ ਕਿਵੇਂ ਅਤੇ ਕਿੰਨਾ ਵਰਤਣਾ ਚਾਹੀਦਾ ਇਸ ਗੱਲ ਦੀ ਸਮਝ ਸਾਨੂੰ ਪਿਛਲੇ ਕੁਝ ਮਹੀਨਿਆਂ ਵਿੱਚ ਆ ਹੀ ਗਈ ਹੋਵੇਗੀ, ਇਹ ਵੀ ਪਤਾ ਚੱਲ ਗਿਆ ਹੋਣਾ ਕਿ ਜੋ ਸਭ ਕੁਝ ਚੱਲ ਰਿਹਾ ਹੈ ਇਹ ਕਦੋਂ ਵੀ ਰੁੱਕ ਸਕਦੈ, ਇਹ ਕੁਝ ਵੀ ਸਦੀਵੀ ਨਹੀਂ। ਜੋ ਸਦੀਵੀ ਹੈ ਓਧਰ ਧਿਆਨ ਕੇਂਦਰਿਤ ਕਰੀਏ ਅਤੇ ਮਨੁੱਖੀ ਜੀਵਨ ਦੇ ਅਸਲ ਅਰਥਾਂ ਵਿੱਚ ਆਪਣੇ ਆਪ ਨੂੰ ਵੇਖੀਏ। ਸੰਭਵ ਸਭ ਕੁਝ ਹੈ, ਆਪਾਂ ਅੱਖੀਂ ਵੇਖ ਲਿਆ ਹੈ ਹੱਡੀਂ ਹੰਢਾ ਲਿਆ ਹੈ ਜਾ ਹੰਢਾ ਰਹੇ ਹਾਂ। ਹੁਣ ਅਸੀਂ ਭਵਿੱਖ ਨੂੰ ਇਥੋਂ ਖਲੋ ਕੇ ਵੇਖੀਏ ਨਾ ਕਿ ਪਿਛਲੀ ਰਫਤਾਰ ਚੋਂ। ਪਿਛਲੀ ਰਫਤਾਰ ਚੋਂ ਵੇਖਾਂਗੇ ਤਾਂ ਉਹ ਸਭ ਭਰਮ ਭੁਲੇਖੇ ਵੀ ਨਾਲ ਆਉਣਗੇ ਜੋ ਇਕੋ ਪਲ ਸਵਾਹ ਬਣਨ ਦੀ ਹੈਸੀਅਤ ਰੱਖਦੇ ਹਨ, ਇਥੋਂ ਖਲੋ ਕੇ ਵੇਖਾਂਗੇ ਤਾਂ ਬਹੁਤ ਕੁਝ ਹੈ ਜੋ ਇਕ ਸਕੂਨ ਦੀ ਤਰ੍ਹਾਂ ਸਾਡੀ ਬਾਂਹ ਫੜਨ ਨੂੰ ਤਿਆਰ ਹੈ। ਨਾਲ ਹੀ ਹੁਣ ਜਿੱਥੇ ਅਸੀਂ ਸਾਰਾ ਧਿਆਨ ਕਰੋਨਾ ਦੇ ਇਲਾਜ ਲਈ ਹੱਲ ਲੱਭਣ ਉੱਤੇ ਲਾ ਰਹੇ ਹਾਂ ਉਥੇ ਹੀ ਕਰੋਨਾ ਬਹਾਨੇ ਮਿਲੇ ਇਸ ਸੁਨੇਹੇ ਉੱਤੇ ਵੀ ਸੰਵਾਦ ਦੀ ਸਮਾਜ ਵਿੱਚ ਬੜੀ ਵੱਡੀ ਲੋੜ ਹੈ ਕਿ ਆਉਣ ਵਾਲਾ ਜੀਵਨ ਕਿਵੇਂ ਬਿਤਾਉਣਾ ਹੈ, ਕੁਦਰਤੀ ਜਾਂ ਗੈਰ ਕੁਦਰਤੀ। ਇਸ ਪੱਖ ਉੱਤੇ ਸੋਚਣ ਵਿਚਾਰਨ ਦਾ ਹੁਣ ਢੁੱਕਵਾਂ ਸਮਾਂ ਹੈ, ਇੱਥੋਂ ਕੁਝ ਸਬਕ ਨਾ ਲੈ ਸਕੇ ਤਾਂ ਭਵਿੱਖ ਵਿੱਚ ਇਹ ਇਤਿਹਾਸ ਸਾਨੂੰ ਕੀ ਥਾਂ ਦਵੇਗਾ ਇਹਦਾ ਕਿਆਸ ਲਾਉਣਾ ਬਹੁਤਾ ਔਖਾ ਨਹੀਂ ਹੈ। ਆਉ ਅਕਾਲ ਪੁਰਖ ਦੇ ਇਸ ਇਸ਼ਾਰੇ ਨੂੰ ਸਮਝੀਏ ਅਤੇ ਹੁਕਮ ਅਤੇ ਰਜਾ ਵਿੱਚ ਵਿਚਰਦਿਆਂ ਭਵਿੱਖਤ ਜੀਵਨ ਕੁਦਰਤ ਨਾਲ ਇਕਮਿਕਤਾ-ਇਕਸੁਰਤਾ ਵਿੱਚ ਗੁਜ਼ਾਰਨ ਲਈ ਬਾਨਣੂੰ ਬੰਨ੍ਹੀਏ। ਸਦ-ਬਖਸਿੰਦ ਸੱਚੇ ਪਾਤਿਸਾਹ ਭੁੱਲਿਆਂ 'ਤੇ ਮਿਹਰ ਕਰਨਗੇ।

# ਕਿਉਂ ਹਊਆ ਬਣਿਆ ਭਾਰਤ ਦਾ ਸਿਹਤ ਸੇਵਾਵਾਂ ਸੰਬੰਧੀ ਐਕਟ ?

ਜਦੋ ਕਿਸੇ ਦੇਸ਼ ਦੇ ਬੁੱਧੀਜੀਵੀ ਕਿਸੇ ਕਾਨੂੰਨ ਦੇ ਵਿਰੋਧ ਵਿੱਚ ਸੜਕਾਂ ਤੇ ਉਤਰ ਆਉਣ ਤਾਂ ਜਰੂਰ ਹੀ ਸਿਸਟਿਮ ਵਿੱਚ ਕੁੱਝ ਗਲਤ ਹੋ ਰਿਹਾਂ ਹੁੰਦਾ ਹੈ । ਇਹਨਾਂ ਵਿਚਾਰਾਂ ਰਾਹੀਂ ਆਈ.ਐਮ.ਏ ਦੇ ਨੈਸ਼ਨਲ ਪ੍ਰਧਾਨ ਡਾ.ਰਵੀ ਵੈਨਖੇਦਕਰ ਸਿਹਤ ਸੇਵਾਵਾਂ ਸੰਸਥਾਵਾਂ ਦੇ ਸਬੰਧ ਵਿੱਚ ਲਾਗੂ ਹੋ ਰਹੇ ਕਲਿਨੀਕਲ ਇਸਟੇਬਲਿਸ਼ਮੈਂਟ ਐਕਟ ਤੇ ਦੁੱਖ ਪ੍ਰਗਟ ਕੀਤਾ। ਇਸ ਦੇਸ਼ ਦੇ ਕਈ ਸੂਬਿਆਂ ਵਿੱਚ ਇਸ ਐਕਟ ਦੇ ਵਿਰੋਧ ਵਿੱਚ ਡਾਕਟਰਾਂ ਅਤੇ ਸਟਾਫ ਨੇ ਪ੍ਰਦਰਸ਼ਨ ਕਰਦੇ ਹੋਏ ਸਿਹਤ ਅਦਾਰਿਆ ਨੂੰ ਬੰਦ ਰੱਖਿਆ । ਪੰਜਾਬ ਵਿੱਚ ਵੀ ਸਿਹਤ ਨਾਲ ਸਬੰਧਤ ਆਦਾਰਿਆਂ ਨੂੰ ਬੰਦ ਰੱਖਦੇ ਹੋਏ ਪ੍ਰਦਰਸ਼ਨ ਕੀਤੇ ਗਏ ਅਤੇ ਸਰਕਾਰ ਨੂੰ ਮੰਗ ਪਤਰ ਭੇਜੇ ਗਏ। ਇਸ ਐਕਟ ਨੇ ਸਿਹਤ ਆਦਾਰਿਆਂ ਵਿੱਚ ਕਰੋਨਾ ਦੇ ਬਰਾਬਰ ਦਾ ਇਕ ਡਰ ਪੈਦਾ ਕਰ ਦਿਤਾ ਹੈ। ਇਸ ਵਿੱਚ ਕਿਹੜੀ ਇਹੋ ਜਿਹੀ ਗੱਲ ਹੈ ਜਿਸ ਨੇ ਹਸਪਤਾਲਾਂ ਵਿੱਚ ਇਹੋ ਜਿਹਾ ਡਰ ਦਾ ਮਹੌਲ਼ ਪੈਦਾ ਕਰ ਦਿੱਤਾ ਹੈ। ਇਹ ਜਾਨਣ ਲਈ ਸਾਨੂੰ ਇਸ ਐਕਟ ਤੇ ਇਕ ਝਾਤ ਮਾਰਨੀ ਪਵੇਗੀ। ਕੇਂਦਰ ਸਰਕਾਰ ਨੇ ਸੰਨ 2010 ਵਿੱਚ ਕਲੀਨੀਕਲ ਇਸਟੇਬਲਿਸ਼ਮੈਂਟ ਐਕਟ 2010 ਪਾਸ ਕੀਤਾ। ਇਸ ਦਾ ਮਕਸਦ ਸੀ ਕਿ ਸਾਰੇ ਨਾਗਰਿਕਾਂ ਨੂੰ ਸਿਹਤ ਸਬੰਧੀ ਸਮਾਨ ਪੱਧਰ ਦੀਆਂ ਸੇਵਾਵਾਂ, ਸਮਾਨ ਸਹੂਲਤਾ ਸਹਿਤ ਅਤੇ ਵਾਜਬ ਕੀਮਤਾਂ ਤੇ ਪ੍ਰਦਾਨ ਕਰਵਾਈਆਂ ਜਾਣ । ਇਹ ਐਕਟ ਸਿਹਤ ਨਾਲ ਸਬੰਧਤ ਸਾਰੀਆਂ ਵੱਡੀਆਂ ਛੋਟੀਆਂ ਸੰਸਥਾਵਾਂ, ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਤੇ ਲਾਗੂ ਹੁੰਦਾ ਹੈ । ਦੇਸ਼ ਦੀ ਮਿਲਟਰੀ ਨਾਲ ਸਬੰਧਤ ਸਿਹਤ ਸੰਸਥਾਵਾਂ ਨੂੰ ਇਸ ਐਕਟ ਤੋਂ ਬਾਹਰ ਰੱਖਿਆ ਗਿਆ ਹੈ। ਇਸ ਐਕਟ ਨੂੰ ਅਰੁਨਾਚਾਂਲ ਪ੍ਰਦੇਸ਼,ਹਿਮਾਂਚਲ ਪ੍ਰਦੇਸ਼,ਮੀਜ਼ੋਰਾਮ, ਸਿਕਮ ਅਤੇ ਸਾਰੀਆਂ ਯੂਨੀਅਨ-ਟੈਰੀਟਰੀਜ਼ ਨੈ 2012 ਵਿੱਚ ਆਪਣੇ ਆਪਣੇ ਸਟੇਟ ਗ਼ਜ਼ਟ ਨੋਟੀਫੀਕੇਸ਼ਨਜ਼ ਰਾਹੀ ਲਾਗੂ ਕੀਤਾ ਹੈ।ਜਦੋ ਕਿ ਉੱਤਰ ਪ੍ਰਦੇਸ਼,ਉਤਰਾਖੰਡ,ਰਾਜਸਥਾਨ, ਬਿਹਾਰ,ਝਾਰਖੰਡ,ਅਸਾਮ ਅਤੇ ਹਰਿਆਣਾ ਨੇ ਦੇਸ਼ ਦੇ ਸੰਵਿਧਾਨ ਦੇ ਅਰਟੀਕਲ 252 ਦੀ ਕਲਾਜ 1 ਅਧੀਨ ਲਾਗੂ ਕਰਨ ਦੀ ਕੋਸਿਸ਼ ਕੀਤੀ ਹੈ। ਇਨਸਾਨੀਅਤ ਦੇ ਨਾਤੇ ਮਰੀਜ਼ ਦੀ ਬਣਦੀ ਰੱਖਿਆ ਹੋਣੀ ਚਾਹੀਦੀ ਹੈ।ਇਸ ਵਿੱਚ ਕੋਈ ਸ਼ਕ ਨਹੀ ਕਿ ਮਰੀਜ਼ ਦੀ ਰੱਖਿਆ ਦੀ ਜਿਮੇਵਾਰੀ ਦੀ ਪ੍ਰਤੀਬੱਧਤਾ ਕਿਸੇ ਵੀ ਸਿਹਤ ਸੰਸਥਾਂ ਨੂੰ ਲੈਣੀ ਪਵੇਗੀ। ਉਂਜ ਤਾਂ ਮਰੀਜ਼ ਦੀ ਰੱਖਿਆ ਨਾਲ ਸਬੰਧਤ ਹੋਰ ਵੀ ਕਾਨੂੰਨ ਹਨ ਜਿਵੇ ਕਿ ਸੰਵਿਧਾਨ ਦਾ ਅਰਟੀਕਲ 21, ਇੰਡੀਅਨ ਮੈਡੀਕਲ ਕੌਸ਼ਲ (ਪ੍ਰੋਫੈਸ਼ਨਲ ਕਨਡੱਕਟ,ਇਟੀਕਿਟੀ ਤੇ ਇਥੈਕਸ) ਰੈਗੂਲੂਸ਼ਨਜ਼ 2002,ਉਪਭੋਗਤਾ ਰੱਖਿਆ ਐਕਟ 1986,ਡਰੱਗਜ਼ ਤੇ ਕੌਸਮੇਟਿਕ ਐਕਟ 1940 ਅਤੇ ਮਾਨਯੋਗ ਸੁਪਰੀਮ ਕੋਰਟ ਦੇ ਬਹੁਤ ਸਾਰੇ ਫੈਸਲੇ ਵੀ ਮਰੀਜ਼ਾਂ ਦੇ ਹੱਕ ਵਿੱਚ ਹਨ। ਪਰ ਇਹਨਾਂ ਦਾ ਕਿਨ੍ਹਾਂ ਕੁ ਲਾਭ ਆਮ ਮਰੀਜ਼ਾਂ ਨੂੰ ਮਿਲਦਾ ਹੈ ਉਹ ਸਭ ਦੇ ਸਾਹਮਣੇ ਹੈ। ਹੁਣ ਪੰਜਾਬ ਸਰਕਾਰ ਪਹਿਲੀ ਜੁਲਾਈ ਤੋਂ ਕਲੀਨੀਕਲ ਇਸ਼ਟੇਬਲਿਸ਼ਮੈਂਟ ਐਕਟ ਪੰਜਾਬ ਵਿੱਚ ਲਾਗੂ ਕਰਨ ਜਾ ਰਹੀ ਹੈ। ਇਸ ਐਕਟ ਦੀਆਂ ਕੁੱਝ ਧਰਾਵਾਂ ਨੂੰ ਸਖਤ ਸਮਝਦੇ ਹੋਏ ਇਥੋਂ ਦੇ ਡਾਕਟਰ,ਨਰਸਿੰਗ ਸਟਾਫ ਅਤੇ ਪੇਰਾਮੈਡੀਕਲ ਸਟਾਫ ਇਸ ਦਾ ਵਿਰੋਧ ਕਰ ਰਹੇ ਹਨ। ਕੇਂਦਰ ਸਰਕਾਰ ਵਲੋਂ ਇਸ ਐਕਟ ਦੀ ਧਾਰਾ 3 ਅਧੀਨ ਕੇਂਦਰ ਵਿੱਚ ਨੈਸ਼ਨਲ ਕੌਸ਼ਲ ਬਣਾਈ ਜਾਦੀ ਹੈ ਜਿਸ ਦਾ ਚੇਅਰਮੈਨ -ਸਿਹਤ ਅਤੇ ਫੈਮਲੀ ਵੈਲਫੇਅਰ ਮਨਿਸਟਰੀ ਦੇ ਡਾਇਰੈਕਟਰ ਜਨਰਲ ਨੂੰ ਬਣਾਇਆਂ ਜਾਂਦਾ ਹੈ।ਇਸ ਕੌਸ਼ਲ ਦੇ ਮੈਬਰਾਂ ਵਿੱਚ ਮੈਡੀਕਲ ਕੌਸ਼ਲ ਆਫ ਇੰਡੀਆ, ਡੈਂਟਲ ਕੌਸ਼ਲ ਆਫ ਇੰਡੀਆ,ਫਾਰਮੇਸੀ ਕੌਂਸ਼ਲ਼ ਆਫ ਇੰਡੀਆ, ਸੈਂਟਰਲ ਕੌਸ਼ਲ ਆਫ ਹੋਮਿਓਪੈਥੀ,ਇੰਡੀਅਨ ਮੈਡੀਕਲ ਐਸੋਸੀਏਸ਼ਨ ਵਲੋਂ ਅਤੇ ਬਿਓਰੋ ਆਫ ਇੰਡੀਅਨ ਸਟੈਡਰਡ ਵਲੋਂ ਇਕ ਇਕ ਮੈਂਬਰ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਅਯੁਰਵੇਦਾ,ਸੀਧਾ ਅਤੇ ਯੁਨਾਨੀ ਮੈਡੀਸਨ ਵਲੋਂ ਵੀ ਇਕ ਇਕ ਮੈਂਬਰ ਲਿਆ ਜਾਂਦਾ ਹੈ। ਅੱਠ ਮੈਂਬਰ ਹੋਰ ਵਿਭਾਗਾਂ ਵਿੱਚੋ ਵੀ ਲਏ ਜਾਂਦੇ ਹਨ। ਇਹ ਕੌਸ਼ਲ ਤਿੰਨ ਸਾਲ ਲਈ ਬਣਾਈ ਜਾਂਦੀ ਹੈ। ਇਸ ਦੇ ਮੈਂਬਰਾਂ ਨੂੰ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਭੱਤੇ ਵੀ ਮਿਲਦੇ ਹਨ। ਇਸ ਐਕਟ ਦੀ ਧਾਰਾ 4 ਅਧੀਨ ਮੈਂਬਰ ਨੂੰ ਬਰਖਾਸਤ ਵੀ ਕੀਤਾ ਜਾ ਸਕਦਾ ਹੈ ਜੇਕਰ ਉਹ ਕੌਂਸ਼ਲ ਨਿਯਮਾਂ ਅਨੁਸਾਰ ਕੰਮ ਨਾਂ ਕਰੇ । ਇਸੇ ਪੈਟਰਨ ਤੇ ਹਰ ਸੂਬਾ ਵੀ ਆਪਣੀ ਕੌਸ਼ਲ ਬਣਾਉਂਦਾ ਹੈ। ਇਥੇ ਹੈਲਥ ਸੈਕਟਰੀ ਕੌਸ਼ਲ ਦਾ ਚੇਅਰਮੈਨ ਅਤੇ ਡਾਇਰੈਕਟਰ ਸਿਹਤ ਸੇਵਾ ਸੈਕਟਰੀ ਵਜੋ ਕੰਮ ਕਰੇਗਾ। ਬਾਕੀ ਮੈਂਬਰ ਨੈਸ਼ਨਲ ਕੌਸ਼ਲ ਵਾਂਗ ਹੀ ਬਣਾਏ ਜਾਣਗੇ।

ਜਿਲ੍ਹਾਂ ਪੱਧਰ ਤੇ ਡਿਪਟੀ ਕਮਿਸ਼ਨਰ ਚੈਅਰਮੈਨ ਅਤੇ ਸਿਹਤ ਅਫਸਰ ਨੂੰ ਕਨਵੀਨਰ ਬਣਾ ਕੇ ਜਿਲ੍ਹਾ ਪੱਧਰ ਤੇ ਸਾਰੀਆ ਸਿਹਤ ਨਾਲ ਸਬੰਧਤ ਸੰਸਥਾਵਾਂ ਦੀ ਇਸ ਐਕਟ ਅਧੀਨ ਰਜਿਸਟਰੇਸ਼ਨ ਕਰਵਾਈ ਜਾਵੇ ਗੀ। ਪ੍ਰਾਂਤ ਕੌਸ਼ਲ ਰਜਿਸਟਰੇਸ਼ਨ ਲਈ ਨਿਧਾਰਤ ਫੀਸ ਵੀ ਵਸੂਲ਼ ਕਰ ਸਕਦੀ ਹੈ। ਇਸ ਐਕਟ ਅਧੀਨ ਰਜਿਸਟਰੇਸ਼ਨ ਕਰਵਾਉਣ ਤੋਂ ਵਗੈਰ ਕੋਈ ਵੀ ਸਰਕਾਰੀ ਤੇ ਗੈਰ-ਸਰਕਾਰੀ ਹਸਪਤਾਲ,ਕਲੀਨਿਕ,ਲੈਵ,ਡਾਇਗੋਨਿਸਟਿਕ ਅਦਾਰੇ ਇਥੋਂ ਤਕ ਕਿ ਇਕ ਡਾਕਟਰ ਵਾਲਾ ਅਦਾਰਾ ਵੀ ਕੰਮ ਨਹੀ ਕਰ ਸਕੇਗਾ। ਇਸ ਰਜਿਸਟਰੇਸ਼ਨ ਦੀ ਜਾਣਕਾਰੀ ਜਿਲ੍ਹੇ ਹਰ ਮਹੀਨੇ ਸਟੇਟ ਕੌਸ਼ਲ ਨੂੰ ਭੇਜਣਗੇ। ਸਟੇਟ ਕੌਸ਼ਲ ਅਗੇ ਹਰ ਮਹੀਨੇ ਇਹ ਸਾਰੀ ਜਾਣਕਾਰੀ ਨੈਸ਼ਨਲ ਕੌਸ਼ਲ਼ ਨੂੰ ਭੇਜੇ ਗੀ ਤਾਂ ਕਿ ਉਹ ਆਪਣਾ ਰਜਿਸਟਰ ਅਪਡੇਟ ਕਰ ਸਕਣ। ਉਪਰੋਕਤ ਕੌਸ਼ਲ ਹੀ ਮਰੀਜ਼ਾ ਦੇ ਇਲਾਜ ਦੇ ਸਟੈਂਡਰਡ ਨਿਧਾਰਤ ਕਰੇਗੀ ਜਿਵੇਂ ਕਿ ਮਰੀਜ਼ਾਂ ਲਈ ਬੈਠਣ ਲਈ ਠੀਕ ਪ੍ਰਬੰਧ ਹੋਵੇ,ਵੇਸਟ ਨੂੰ ਨਜਿਠਣ ਦਾ ਸਹੀ ਪ੍ਰਬੰਧ ਹੋਵੇ,ਲੋੜੀਦੀਆਂ ਸਹੂਲਤਾਂ ਹੋਣ ਅਤੇ ਇਲਾਜ਼ ਵਾਜ਼ਬ ਕੀਮਤਾਂ ਤੇ ਕੀਤਾ ਜਾਵੇ ਆਦਿ। ਇਸ ਐਕਟ ਦੀ 33(1) ਅਧੀਨ ਸਮਰੱਥ ਅਧਿਕਾਰੀ ਕਿਸੇ ਵੀ ਰਜਿਸਟਰਡ ਸਿਹਤ ਆਦਾਰੇ ਨੂੰ ਚੈਕ ਕਰ ਸਕਦੇ ਹਨ,ਇੰਸ਼ਪੈਕਸ਼ਨ ਕਰ ਸਕਦੇ ਹਨ । ਉਹ ਅਦਾਰੇ ਦੀ ਬਿਲਡਿੰਗ,ਲਬਾਟਰੀ,ਸਾਜ਼ੋ-ਸਮਾਨ,ਉਪਕਰਨ ਆਦਿ ਦੇ ਨਾਲ ਨਾਲ ਕੰਮ ਕਰਨ ਦੇ ਤਰੀਕੇ ਜਾਂ ਹੁਣ ਤਕ ਕੀ ਕੰਮ ਕੀਤਾ ਹੈ-ਬਾਰੇ ਇਨਕੁਆਰੀ ਕਰ ਸਕਦਾ ਹੈ। ਇਹਨਾਂ ਅਧਿਕਾਰੀਆਂ ਦੀ ਤਸੱਲੀ ਲਈ ਉਹਨਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਪਵੇਗੀ। ਇਹ ਪਾਲਣਾ ਸਮਾਂ-ਬੱਧ ਹੋਵੇਗੀ। ਜੇਕਰ ਕਿਸੇ ਅਧਿਕਾਰੀ ਵਲੋਂ ਕੋਈ ਨਾਜਾਇਜ਼ ਵਧੀਕੀ ਕੀਤੀ ਗਈ ਹੋਵੇ ਤਾਂ ਉਸ ਦੇ ਖਿਲਾਫ ਧਾਰਾ 36 ਅਧੀਨ ਸਟੇਟ ਕੌਸ਼ਲ ਕੋਲ ਅਪੀਲ ਵੀ ਕੀਤੀ ਜਾ ਸਕਦੀ ਹੈ।

ਇਸ ਐਕਟ ਅਧੀਨ ਕੌਸ਼ਲ ਕੋਲ ਜੁਰਮਾਨਾ ਲਗਾਉਣ ਦੇ ਬਹੁਤ ਵੱਡੇ ਅਧਿਕਾਰ ਹਨ । ਜੇ ਕਰ ਕੋਈ ਕਲਿਨੀਕਲ ਅਦਾਰਾ ਇਸ ਐਕਟ ਦੀ ਹਦਾਇਤ ਦੇ ਵਿਰੁਧ ਕੰਮ ਕਰਦਾਂ ਹੈ ਤਾਂ ਧਾਰਾ 40 ਅਧੀਨ ਉਸਨੂੰ ਪਹਿਲੀ ਗਲਤੀ ਲਈ 10000 ਰੁਪਏ,ਦੂਸਰੀ ਗਲਤੀ ਲਈ 50000 ਰੁਪਏ ਅਤੇ ਇਸ ਬਾਅਦ ਉਹੀ ਗਲਤੀ ਕਰਨ ਤੇ ਪੰਜ ਲੱਖ ਤਕ ਜੁਰਮਾਨਾ ਹੋ ਸਕਦਾ ਹੈ। ਜੇ ਕਰ ਕੋਈ ਸਿਹਤ ਅਦਾਰਾ ਇਸ ਐਕਟ ਅਧੀਨ ਹਦਾਇਤ ਤੋਂ ਬਾਅਦ ਵੀ ਰਜਿਸਟਰੇਸ਼ਨ ਨਹੀ ਕਰਵਾਉਂਦਾ ਤਾਂ ਧਾਰਾ 41( !) ਅਧੀਨ ਪਹਿਲੀ ਵਾਰੀ 50000 ਰੁਪਏ,ਦੂਸਰੀ ਵਾਰੀ ਦੋ ਲੱਖ ਅਤੇ ਤੀਸਰੀ ਵਾਰੀ ਪੰਜ ਲੱਖ ਜੁਰਮਾਨਾ ਹੋ ਸਕਦਾ ਹੈ। ਜੇਕਰ ਕੋਈ ਵਿਅਕਤੀ ਇਹ ਜਾਣਦਾ ਹੋਇਆ ਕਿ ਅਦਾਰਾ ਇਸ ਐਕਟ ਅਧੀਨ ਰਜਿਸਟਰਡ ਨਹੀ ਹੈ -ਉਸ ਅਦਾਰੇ ਵਿੱਚ ਫਿਰ ਵੀ ਕੰਮ ਕਰਦਾ ਹੈ ਤਾਂ ਉਸਨੂੰ ਵੀ 25000 ਰੁਪਏ ਜੁਰਮਾਨਾ ਹੋ ਸਕਦਾ ਹੈ। ਜੇਕਰ ਕੋਈ ਅਦਾਰਾ ਸਮਰੱਥ ਅਧਿਕਾਰੀ ਦੀਆ ਹਦਾਇਤਾਂ ਦੀ ਜਾਣ ਬੁੱਝ ਕੇ ਉਲੰਘਣਾਂ ਕਰਦਾ ਹੈ ਅਤੇ ਕੋਈ ਜਾਣਕਾਰੀ ਲੁਕਾਉਂਦਾ ਹੈ ਤਾਂ ਉਸਨੂੰ ਵੀ ਪੰਜ ਲੱਖ ਤਕ ਜੁਰਮਾਨਾ ਹੋ ਸਕਦਾ ਹੈ। ਇਹਨਾਂ ਨਿਯਮਾਂ ਵਿੱਚ ਜੁਰਮਾਨਾ ਲਗਾਉਣ ਵੇਲੇ ਆਦਾਰੇ ਦਾ ਅਕਾਰ,ਕਿਸਮ ਤੇ ਹਾਲਾਤ ਨੂੰ ਧਿਆਨ ਵਿੱਚ ਰੱਖਣਾ ਹੋਵੇਗਾ। ਜੁਰਮਾਨਾ ਲਗਾਉਣ ਅਧਿਕਾਰੀ ਮੁਲਜਮ ਨੂੰ ਸਪਸ਼ਟੀਕਰਨ ਦੇਣ ਦਾ ਪੂਰਾ ਮੌਕਾ ਦੇਵੇਗਾ। ਜੁਰਮਾਨਾ ਲੱਗਣ ਤੋ ਬਾਅਦ 30 ਦਿਨਾਂ ਵਿੱਚ ਜਮ੍ਹਾਂ ਕਰਵਾਉਣਾ ਪਵੇਗਾ। ਉਹ ਤਿੰਨ ਮਹੀਨਿਆਂ ਵਿੱਚ ਇਸ ਖਿਲਾਫ ਸਟੇਟ ਕੌਸ਼ਲ ਕੋਲ ਅਪੀਲ ਵੀ ਕਰ ਸਕਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵੀ ਨਿਯਮ ਲਾਗੂ ਹੁੰਦੇ ਹਨ। ਸਰਕਾਰੀ ਸੰਸਥਾ ਦੇ ਮੁਖੀ ਅਦਾਰੇ ਦੀਆ ਗਲਤੀਆਂ ਲਈ ਜਿਮੇਵਾਰ ਹੋਣਗੇ । ਇਥੋਂ ਤਕ ਕਿ ਜਿਮੇਵਾਰ ਅਫਸਰਾਂ ਤੋਂ ਜੁਰਮਾਨਾ ਵਸੂਲਣ ਲਈ ਧਾਰਾ 46 ਅਧੀਨ ਉਹਨਾਂ ਦੀਆਂ ਜਾਇਦਾਦਾ ਵੀ ਕੁਰਕ ਹੋ ਸਕਦੀਆਂ ਹਨ।

ਸਿਹਤ ਅਸਲ ਵਿੱਚ ਪ੍ਰਾਤਾਂ ਦਾ ਵਿਸ਼ਾ ਹੈ। ਇਸ ਲਈ ਸਿਹਤ ਸੰਸਥਾਵਾਂ ਦੇ ਵਿਰੋਧ ਨੂੰ ਵੇਖਦੇ ਹੋਏ ਹਰਿਆਣਾ ਤੇ ਕੇਰਲ ਵਰਗੇ ਕਈ ਸੂਬਿਆ ਨੇ ਇਸ ਐਕਟ ਦੀਆਂ ਕੁਝ ਧਾਰਾਵਾਂ ਵਿੱਚ ਬਦਲਾਵ ਕਰਕੇ ਲਾਗੂ ਕਰਨ ਦੀ ਕੋਸਿਸ਼ ਕੀਤੀ ਹੈ ।ਸਿਹਤ ਸੰਸਥਾਵਾਂ ਦੇ ਨੁੰਮਾਇਦਿਆਂ ਵਲੋਂ ਇਹ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਪ੍ਰਸ਼ਾਸ਼ਨ ਦਾ ਬੇਲੋੜਾ ਦਖਲ ਵੱਧ ਜਾਵੇਗਾ ਜਿਸ ਕਾਰਨ ਇੰਸਪੈਕਟਰੀ ਰਾਜ ਦਾ ਸਕੰਜਾ ਹੋਰ ਕੱਸਿਆ ਜਾਵੇਗਾ। ਆਮ ਲੋਕਾਂ ਲਈ ਇਲਾਜ ਬਹਤ ਮਹਿੰਗਾ ਹੋ ਜਾਵੇਗਾ। ਜਿਸ ਤਰ੍ਹਾਂ ਮਾਲਜ਼ ਨੇ ਛੋਟੀਆਂ ਦੁਕਾਨਾਂ ਨੂੰ ਨੁਕਸਾਨ ਪਹੁੰਚਾਇਆ ਹੈ ਉਸੇ ਤਰ੍ਹਾਂ ਸਿਹਤ ਨਾਲ ਸਬੰਧਤ ਵੱਡੇ ਅਦਾਰੇ ਛੋਟਿਆ ਨੂੰ ਖਤਮ ਕਰ ਦੇਣਗੇ। ਕਾਰਪੋਰੇਟ ਸੈਕਟਰ ਨੂੰ ਵਢਾਵਾਂ ਮਿਲੇਗਾ-ਜਿਥੇ ਆਮ ਬੰਦੇ ਦੀ ਪਹੁੰਚ ਔਖੀ ਹੋ ਜਾਵੇਗੀ। ਇਹ ਸੇਵਾ ਦਾ ਕਿੱਤਾ ਪਹਿਲਾਂ ਨਾਲੋਂ ਵੀ ਵੱਡਾ ਵਪਾਰ ਬਣ ਜਾਵੇਗਾ। ਇਸ ਨਾਲ ਭ੍ਰਿਸ਼ਟਾਚਾਰ ਵੀ ਵੱਧਣ ਦਾ ਡਰ ਹੈ। ਦੂਸਰੇ ਪਾਸੇ ਇਹ ਐਕਟ ਸਿਹਤ ਸੰਸਥਾਵਾਂ ਦੀਆਂ ਨੈਤਿਕਤਾ ਨੂੰ ਤਿਆਗ ਕੇ ਕੀਤੀਆ ਦੇ ਜਾ ਰਹੀਆਂ ਆਪਹੁਦਰੀਆਂ ਤੇ ਵੀ ਅੰਕੁਸ਼ ਲਗਾਉਂਦਾ ਹੈ। ਜਿਵੇ ਕਿ ਦੇਸ਼ ਦੇ ਇਕ ਹਸਪਤਾਲ ਨੇ ਡੇਂਗੂ ਦੇ ਮਰੀਜ਼ ਸੱਤ ਸਾਲ ਦੇ ਬੱਚੀ ਦਾ ਬਿੱਲ ਅਠਾਰਾਂ ਲੱਖ ਬਣਾਇਆ ਸੀ,ਇਸੇ ਤਰ੍ਹਾਂ ਇਕ ਹਸਪਤਾਲ ਨੇ ਸਪਾਈਨਲ ਕੋਰਡ ਦੇ ਇਲਾਜ਼ ਲਈ 83 ਲੱਖ ਦਾ ਬਿੱਲ ਬਣਾਇਆ ਸੀ। ਇਹਨਾਂ ਗੱਲਾਂ ਨੂੰ ਵੇਖਦੇ ਹੋਏ ਮਿਤੀ 23 ਨਵੰਬਰ 2017 ਨੂੰ ਮਨਿਸਟਰੀ ਹੈਲਥ ਤੇ ਫੈਮਲੀ ਵੈਲਫੇਅਰ ਰਾਹੀ ਕੈਂਦਰ ਸਰਕਾਰ ਨੇ ਰਾਜ ਸਰਕਾਰਾਂ ਨੂੰ ਹਦਾਇਤ ਕੀਤੀ ਸੀ ਕਿ ਇਸ ਐਕਟ ਨੂੰ ਹਰ ਹਾਲਤ ਵਿੱਚ ਲਾਗੂ ਕੀਤਾ ਜਾਵੇ।

ਲੇਖਕ : ਰਵਿੰਦਰ ਚੋਟ, ਫੋਨ-9872673703

# ਆਨਲਾਈਨ ਸਿੱਖਿਆ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਬਚਾਇਆ ਸਮਾਂ ਅਤੇ ਊਰਜਾ



ਕੋਰੋਨਾ ਵਾਇਰਸ ਨੇ ਬੇਸ਼ੱਕ ਤਕਰੀਬਨ ਸਾਰੇ ਕੰਮਕਾਰ ਠੱਪ ਕਰ ਦਿੱਤੇ ਹਨ। ਭਾਰਤ ਦੇ ਵਿੱਚ ਹੁਣ ਹੌਲੀ-ਹੌਲੀ ਲਾਕਡਾਊਨ, 'ਅਨਲਾਕ' ਹੁੰਦਾ ਜਾ ਰਿਹਾ ਹੈ। ਜਿਸ ਦੇ ਕਾਰਨ ਹੌਲੀ-ਹੌਲੀ ਭਾਰਤ ਦੇ ਵਿੱਚ ਕੰਮ ਚੱਲਣੇ ਸ਼ੁਰੂ ਹੋ ਗਏ ਹਨ, ਪਰ ਵਿੱਦਿਅਕ ਅਦਾਰੇ ਹਾਲੇ ਵੀ ਸਰਕਾਰ ਦੇ ਵੱਲੋਂ ਬੰਦ ਕਰਨ ਦਾ ਹੁਕਮ ਸੁਣਾਇਆ ਗਿਆ ਹੈ। ਕਿਉਂਕਿ ਕੋਰੋਨਾ ਦੇ ਕੇਸ ਵੱਧਦੇ ਜਾ ਰਹੇ ਹਨ। ਜਿੱਥੇ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਕੋਰੋਨਾ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਅਧਿਆਪਕ ਸਾਹਿਬਾਨਾਂ ਦੇ ਵੱਲੋਂ ਵੀ ਬੱਚਿਆਂ ਨੂੰ ਘਰੋ ਘਰੀਂ ਜਾ ਕੇ ਜਾਗਰੂਕ ਕਰਕੇ ਸਰਕਾਰੀ ਸਕੂਲਾਂ ਦੇ ਵਿੱਚ ਦਾਖਲਾ ਵਧਾਇਆ ਜਾ ਰਿਹਾ ਹੈ ਅਤੇ ਬੱਚਿਆਂ ਨੂੰ ਵੱਧ ਤੋਂ ਵੱਧ ਦਾਖਲ ਕੀਤਾ ਜਾ ਰਿਹਾ ਹੈ, ਤਾਂ ਜੋ ਸਰਕਾਰੀ ਸਕੂਲਾਂ ਵਿੱਚ ਹੋਰ ਨਿਖਾਰ ਆ ਸਕੇ। ਕੁੱਝ ਮਹੀਨੇ ਪਹਿਲੋਂ ਹੀ ਸਿੱਖਿਆ ਸਕੱਤਰ ਪੰਜਾਬ ਕ੍ਰਿਸ਼ਨ ਕੁਮਾਰ ਦੇ ਵੱਲੋਂ ਕੋਰੋਨਾ ਵਾਇਰਸ ਦੇ ਕਾਰਨ ਘਰਾਂ ਦੇ ਅੰਦਰ ਬੰਦ ਬੱਚਿਆਂ ਨੂੰ ਪੜਾਈ ਕਰਵਾਉਣ ਦੇ ਲਈ ਆਨਲਾਈਨ ਪੜ੍ਹਾਈ ਸ਼ੁਰੂ ਕਰਵਾਈ ਸੀ। ਜਿਸ ਦੇ ਚੱਲਦਿਆਂ ਅਧਿਆਪਕਾਂ ਦੇ ਵੱਲੋਂ ਆਨਲਾਈਨ ਪ੍ਰਕਿਰਿਆ ਦੇ ਤਹਿਤ ਬੱਚਿਆਂ ਤੱਕ ਪੂਰੇ ਲੈਸਨ ਤੋਂ ਇਲਾਵਾ ਉਨ੍ਹਾਂ ਤੱਕ ਕਲਾਸ ਦੀ ਪੂਰੀ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਸੀ। ਅਧਿਆਪਕਾਂ ਦੇ ਵੱਲੋਂ ਜਿੱਥੇ ਬੱਚਿਆਂ ਨੂੰ ਉਨ੍ਹਾਂ ਦੀ ਪੜਾਈ ਵਿੱਚ ਰੁਚੀ ਵਧਾਉਣ ਦੇ ਲਈ ਆਨਲਾਈਨ ਨਵੇਂ-ਨਵੇਂ ਤਰੀਕੇ ਦੱਸੇ ਜਾ ਰਹੇ ਹਨ, ਉੱਥੇ ਹੀ ਅਧਿਆਪਕਾਂ ਦੇ ਵੱਲੋਂ ਬੱਚਿਆਂ ਦੀਆਂ ਆਨਲਾਈਨ ਕਲਾਸਾਂ ਵੀ ਲਈਆਂ ਜਾ ਰਹੀਆਂ ਹਨ। ਜਿਸ ਦੇ ਚੱਲਦਿਆਂ ਬੱਚਿਆਂ ਦੇ ਸਮੇਂ-ਸਮੇਂ 'ਤੇ ਟੈੱਸਟ ਵੀ ਅਧਿਆਪਕਾਂ ਦੇ ਵੱਲੋਂ ਲਏ ਜਾ ਰਹੇ ਹਨ। ਆਨਲਾਈਨ ਸਿੱਖਿਆ ਜਿਸ ਤਰੀਕੇ ਦੇ ਨਾਲ ਬੱਚਿਆਂ ਤੱਕ ਪੁੱਜ ਰਹੀ ਹੈ, ਉਸ ਦੇ ਨਾਲ ਅਧਿਆਪਕਾਂ ਦਾ ਸਮਾਂ ਅਤੇ ਊਰਜਾ ਬੱਚ ਰਹੀ ਹੈ। ਸਿੱਖਿਆ ਵਿਭਾਗ ਦੇ ਵੱਲੋਂ ਸਮੇਂ-ਸਮੇਂ 'ਤੇ ਸ਼ੁਰੂ ਕੀਤੀਆਂ ਜਾਂਦੀਆਂ ਮੁਹਿੰਮਾਂ ਅਤੇ ਪ੍ਰਾਜੈਕਟਾਂ ਦਾ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਬਹੁਤ ਜ਼ਿਆਦਾ ਲਾਭ ਪ੍ਰਾਪਤ ਹੁੰਦਾ ਹੈ। ਕੋਰੋਨਾ ਕਹਿਰ ਦੇ ਦੌਰਾਨ ਬੇਸ਼ੱਕ ਬਹੁਤ ਸਾਰੇ ਲੋਕ ਘਰਾਂ ਦੇ ਅੰਦਰ ਬੰਦ ਹਨ, ਪਰ ਸਿੱਖਿਆ ਵਿਭਾਗ ਦੀਆਂ ਟੀਮਾਂ ਦੇ ਵੱਲੋਂ ਘਰੋਂ-ਘਰੀਂ ਜਾ ਕੇ ਬੱਚਿਆਂ ਨੂੰ ਕੋਰੋਨਾ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਆਨਲਾਈਨ ਪੜ੍ਹਾਈ ਦੇ ਨਾਲ ਵੀ ਉਨ੍ਹਾਂ ਨੂੰ ਜੋੜਿਆ ਗਿਆ ਹੈ। ਆਨਲਾਈਨ ਪੜ੍ਹਾਈ ਦੇ ਤਹਿਤ ਅਧਿਆਪਕਾਂ ਦੇ ਵੱਲੋਂ ਬੱਚਿਆਂ ਦੇ ਟੈੱਸਟ ਲੈਣ ਤੋਂ ਇਲਾਵਾ ਉਨ੍ਹਾਂ ਦੀਆਂ ਜ਼ੂਮ ਐਪ ਰਾਹੀਂ ਮੀਟਿੰਗਾਂ ਵੀ ਲਈਆਂ ਜਾ ਰਹੀਆਂ ਹਨ। ਬੱਚਿਆਂ ਕੋਲੋਂ ਉਨ੍ਹਾਂ ਦੇ ਕੰਮ ਦੇ ਬਾਰੇ ਵਿੱਚ ਪੁੱਛਿਆ ਜਾ ਰਿਹਾ ਹੈ ਅਤੇ ਨਾਲ-ਨਾਲ ਜ਼ੂਮ ਐਪ ਦੇ ਰਾਹੀਂ ਵਿਦਿਆਰਥੀ ਅਧਿਆਪਕ ਤੋਂ ਸਵਾਲ ਵੀ ਪੁੱਛ ਰਹੇ ਹਨ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾ ਰਹੇ ਹਨ। ਆਨਲਾਈਨ ਪੜ੍ਹਾਈ ਦੇ ਤਹਿਤ ਕਿਸ ਪ੍ਰਕਾਰ ਅੱਗੇ ਵੱਧ ਸਕਦੇ ਹਾਂ, ਉਸ ਪ੍ਰਤੀ ਵੀ ਬੱਚਿਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਹ ਸਭ ਕੁੱਝ ਸਿੱਖਿਆ ਸਕੱਤਰ ਦੀਆਂ ਅਥਾਹ ਕੋਸ਼ਿਸ਼ਾਂ ਦੇ ਕਾਰਨ ਹੀ ਸੰਭਵ ਹੋਇਆ ਹੈ, ਕਿਉਂਕਿ ਉਨ੍ਹਾਂ ਦੀ ਚੰਗੀ ਸੋਚ ਦੇ ਚੱਲਦਿਆਂ ਹੀ ਸਰਕਾਰੀ ਸਕੂਲਾਂ ਦੇ ਵਿੱਚ ਚੰਗੀ ਅਤੇ ਮਿਆਰੀ ਵਿੱਦਿਆ ਪਹੁੰਚ ਰਹੀ ਹੈ। ਦੱਸਣਾ ਬਣਦਾ ਹੈ ਕਿ ਬੇਸ਼ੱਕ ਸਕੂਲ ਜਦੋਂ ਲੱਗਦੇ ਸਨ, ਉਦੋਂ ਵੀ ਅਧਿਆਪਕਾਂ ਦੇ ਵੱਲੋਂ ਬੱਚਿਆਂ ਨੂੰ ਪੂਰੀ ਪੜ੍ਹਾਈ ਕਰਵਾਈ ਜਾ ਰਹੀ ਸੀ। ਪਰ ਕੋਰੋਨਾ ਦੇ ਕਾਰਨ ਸਕੂਲ ਬੰਦ ਹੋਣ ਦੇ ਚੱਲਦਿਆਂ ਵੀ ਅਧਿਆਪਕਾਂ ਦੇ ਵੱਲੋਂ ਬੱਚਿਆਂ ਤੱਕ ਚੰਗੀ ਅਤੇ ਮਿਆਰੀ ਵਿੱਦਿਆ ਪਹੁੰਚਾਈ ਜਾ ਰਹੀ ਹੈ। ਅਧਿਆਪਕਾਂ ਦਾ ਬੱਚਿਆਂ ਪ੍ਰਤੀ ਇਸ ਵੇਲੇ ਇੰਨਾ ਜ਼ਿਆਦਾ ਪਿਆਰ ਹੈ ਕਿ ਬੱਚੇ ਖੁਦ-ਬ-ਖੁਦ ਅਧਿਆਪਕ ਨੂੰ ਮੈਸੇਜ ਅਤੇ ਫ਼ੋਨ ਦੇ ਜ਼ਰੀਏ ਆਪਣੇ ਕੰਮ ਪ੍ਰਤੀ ਦੱਸ ਰਹੇ ਹਨ। ਆਨਲਾਈਨ ਪ੍ਰਕਿਰਿਆ ਨੇ ਅਧਿਆਪਕਾਂ ਦਾ ਸਮਾਂ ਅਤੇ ਊਰਜਾ ਜਿੱਥੇ ਬਚਾਈ ਹੈ, ਉੱਥੇ ਹੀ ਬੱਚਿਆਂ ਦੇ ਵਿੱਚ ਵੀ ਨਵੀਂ ਊਰਜਾ ਪੈਦਾ ਕੀਤੀ ਹੈ। ਜ਼ਿਕਰਯੋਗ ਹੈ ਕਿ ਸਾਰੇ ਸੰਸਾਰ ਵਿੱਚ ਕੋਰੋਨਾ ਵਾਇਰਸ ਦੇ ਚੱਲਦਿਆਂ ਸਾਰੇ ਕਾਰਜ ਠੱਪ ਹੋ ਕੇ ਰਹਿ ਗਏ ਹਨ। ਇਹਨਾਂ ਹਾਲਾਤਾਂ ਵਿੱਚ ਸਰਕਾਰ ਵੱਲੋਂ ਇਹਤਿਆਤ ਵਜੋਂ ਸਕੂਲ ਬੰਦ ਕਰਨ ਕਾਰਨ ਸਿੱਖਿਆ ਦੇ ਖੇਤਰ ਵਿੱਚ ਵੀ ਕਾਫ਼ੀ ਪ੍ਰਭਾਵ ਪਿਆ ਹੈ। ਸਿੱਖਿਆ ਵਿਭਾਗ ਪੰਜਾਬ ਵੱਲੋਂ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਸਕੂਲ ਬੰਦ ਕੀਤੇ ਗਏ ਹਨ। ਬੱਚਿਆਂ ਦੀ ਪੜਾਈ ਦਾ ਨੁਕਸਾਨ ਨਾ ਹੋਵੇ, ਇਸ ਨੂੰ ਧਿਆਨ ਵਿੱਚ ਰੱਖਦਿਆਂ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਸਾਧਨਾਂ ਰਾਹੀਂ ਆਨਲਾਈਨ ਪੜਾਈ ਉਪਲਬਧ ਕਰਵਾਉਣ ਲਈ ਕਰਫ਼ਿਊ ਸ਼ੁਰੂ ਹੋਣ ਸਮੇਂ ਤੋਂ ਹੀ ਆਨਲਾਈਨ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਸਰਕਾਰੀ ਸਕੂਲਾਂ ਵਿੱਚ ਪੜਦੇ ਵਿਦਿਆਰਥੀਆਂ ਨੂੰ ਰੇਡੀਓ, ਟੈਲੀਵਿਜ਼ਨ, ਯੂ-ਟਿਊਬ, ਵਟਸਐੱਪ, ਜ਼ੂਮ ਐਪ, ਗੂਗਲ ਡਰਾਈਵ ਅਤੇ ਹੋਰ ਸ਼ੋਸ਼ਲ ਨੈੱਟਵਰਕਿੰਗ ਰਾਹੀਂ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਮੁਸ਼ਕਲ ਦੌਰ ਵਿੱਚ ਬੱਚਿਆਂ ਨੂੰ ਪੜ੍ਹਾਈ ਨਾਲ ਜੋੜਨ ਲਈ ਆਨਲਾਈਨ ਪੜ੍ਹਾਈ ਵਰਦਾਨ ਸਾਬਤ ਹੋਈ ਹੈ। ਸਿੱਖਿਆ ਵਿਭਾਗ ਵੱਲੋਂ ਆਨਲਾਈਨ ਸਿੱਖਿਆ ਲਈ ਡੀ.ਡੀ. ਪੰਜਾਬੀ ਅਤੇ ਸਵਯਮ ਪ੍ਰਭਾ-20 ਰਾਹੀਂ ਕਲਾਸਾਂ ਦੀ ਪੜ੍ਹਾਈ ਕਰਵਾਉਣ ਲਈ ਕੀਤੀ ਪਹਿਲਕਦਮੀ ਅਤੇ ਸਮਾਜ ਨੂੰ ਮਹਾਂਮਾਰੀ ਦੇ ਪ੍ਰਕੋਪ ਤੋਂ ਬਚਾਉਣ ਲਈ ਕੀਤੇ ਜਾ ਰਹੇ ਯਤਨਾਂ ਸਦਕਾ ਸਮਾਜ ਦੇ ਸਾਰੇ ਵਰਗਾਂ ਵੱਲੋਂ ਸਿੱਖਿਆ ਵਿਭਾਗ ਦੀ ਰੱਜ ਕੇ ਤਾਰੀਫ ਕੀਤੀ ਜਾ ਰਹੀ ਹੈ। ਸਿੱਖਿਆ ਵਿਭਾਗ ਵੱਲੋਂ ਪਹਿਲੀ ਤੋਂ ਲੈ ਕੇ 12ਵੀਂ ਜਮਾਤ ਦੀਆਂ ਟੈਲੀਵਿਜ਼ਨ ਰਾਹੀਂ ਰੋਜ਼ਾਨਾ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਹਨਾਂ ਕਲਾਸਾਂ ਦਾ ਵਿਦਿਆਰਥੀ ਭਰਪੂਰ ਲਾਹਾ ਲੈ ਰਹੇ ਹਨ। ਰੋਜ਼ਾਨਾ ਕਲਾਸਾਂ ਲੱਗਣ ਕਾਰਨ ਵਿਦਿਆਰਥੀ ਸਕੂਲ ਵਾਂਗ ਮਹਿਸੂਸ ਕਰ ਰਹੇ ਹਨ ਅਤੇ ਉਹ ਇਨ੍ਹਾਂ ਕਲਾਸਾਂ ਦੀ ਬੇਸਬਰੀ ਨਾਲ ਉਡੀਕ ਕਰਦੇ ਰਹਿੰਦੇ ਹਨ। ਟੈਲੀਵਿਜ਼ਨ ਰਾਹੀਂ ਕਲਾਸਾਂ ਦੀ ਸਮਾਪਤੀ ਉਪਰੰਤ ਵਿਦਿਆਰਥੀਆਂ ਨੂੰ ਘਰ ਲਈ ਕੰਮ ਵੀ ਦਿੱਤਾ ਜਾ ਰਿਹਾ ਹੈ। ਅਧਿਆਪਕਾਂ ਵੱਲੋਂ ਸਾਰੇ ਵਿਦਿਆਰਥੀਆਂ ਦੀ ਪੜਾਈ ਦਾ ਧਿਆਨ ਰੱਖਦਿਆਂ ਸਿੱਖਿਆ ਵਿਭਾਗ ਵੱਲੋਂ ਭੇਜੀ ਜਾ ਰਹੀ ਸਿੱਖਣ-ਸਮੱਗਰੀ ਨੂੰ ਸਰਕਾਰੀ ਸਕੂਲਾਂ ਵਿੱਚ ਨਾ ਪੜ੍ਹਨ ਵਾਲੇ ਬੱਚਿਆਂ ਨੂੰ ਵੀ ਭੇਜਿਆ ਜਾ ਰਿਹਾ ਹੈ। ਸਰਕਾਰੀ ਸਕੂਲਾਂ ਦੀ ਸਿੱਖਿਆ ਪ੍ਰਤੀ ਜ਼ਿਆਦਾ ਜਾਣਕਾਰੀ ਨਾ ਹੋਣ ਕਾਰਨ ਪ੍ਰਾਈਵੇਟ ਸਕੂਲਾਂ ਵਿੱਚ ਬੱਚੇ ਪੜਾਉਣ ਵਾਲੇ ਮਾਪੇ ਵੀ ਸਿੱਖਿਆ ਵਿਭਾਗ ਵੱਲੋਂ ਭੇਜੀ ਜਾ ਰਹੀ ਸਿੱਖਣ-ਸਮੱਗਰੀ ਦੀ ਤਾਰੀਫ ਕਰਦੇ ਨਹੀਂ ਥੱਕਦੇ। ਬਹੁਤ ਸਾਰੇ ਮਾਪੇ ਸਿੱਖਿਆ ਸਕੱਤਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਬੱਚਿਆਂ ਦੇ ਬਿਹਤਰ ਭਵਿੱਖ ਲਈ ਉਨ੍ਹਾਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਹਟਾ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ। ਬੱਚਿਆਂ ਨੂੰ ਪੜਾਈ ਨਾਲ ਜੋੜੀ ਰੱਖਣ ਲਈ ਵਿਭਾਗ ਵੱਲੋਂ ਭੇਜੀ ਸਿੱਖਣ-ਸਮੱਗਰੀ ਅਤੇ ਟੈਲੀਵਿਜ਼ਨ ਰਾਹੀਂ ਲਗਾਈਆਂ ਜਾ ਰਹੀਆਂ ਆਨਲਾਈਨ ਕਲਾਸਾਂ ਵਰਦਾਨ ਸਾਬਤ ਹੋ ਰਹੀਆਂ ਹਨ, ਜਿਸ ਦਾ ਬੱਚੇ ਭਰਪੂਰ ਲਾਹਾ ਲੈ ਰਹੇ ਹਨ। ਸਮਾਰਟ ਸਕੂਲ, ਗੁਣਾਤਮਿਕ ਸਿੱਖਿਆ ਦੇ ਪੱਧਰ ਵਿੱਚ ਹੈਰਾਨੀਜਨਕ ਸੁਧਾਰਾਂ ਦੇ ਸਾਰਥਿਕ ਨਤੀਜੇ ਸਾਹਮਣੇ ਆਉਣ ਲੱਗੇ ਹਨ। ਜਿਸ ਦੀ ਤਾਜ਼ਾ ਮਿਸਾਲ ਨਵੇਂ ਵਿੱਦਿਅਕ ਵਰ੍ਹੇ ਵਿੱਚ ਕੋਰੋਨਾ ਮਹਾਂਮਾਰੀ ਅਤੇ ਲਾਕਡਾਊਨ ਦੇ ਮੁਸ਼ਕਿਲ ਹਲਾਤਾਂ ਵਿੱਚ ਵੀ ਆਮ ਲੋਕਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੀ ਅਗਵਾਈ ਹੇਠ ਸਮੂਹ ਨੋਡਲ ਅਫ਼ਸਰ, ਜ਼ਿਲ੍ਹਾ ਸਿੱਖਿਆ ਅਫ਼ਸਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ, ਪੜ੍ਹੋ ਪੰਜਾਬ, ਪੜ੍ਹਾਉ ਪੰਜਾਬ ਟੀਮ, ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਤੇ ਸਭ ਤੋਂ ਵੱਧ ਸਕੂਲ ਮੁਖੀ ਅਤੇ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕ ਲਾਕਡਾਊਨ ਦੇ ਮੁਸ਼ਕਿਲ ਹਲਾਤਾਂ ਵਿੱਚ ਵੀ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਨਾਲ ਜੋੜ ਕੇ ਰੱਖਣ ਲਈ ਸਿਰਤੋੜ ਯਤਨ ਕਰ ਰਹੇ ਹਨ, ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਸਰਕਾਰੀ ਸਕੂਲਾਂ ਦੇ ਦਾਖ਼ਲੇ ਵਿੱਚ ਪਿਛਲੇ ਸਾਲ ਨਾਲੋਂ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਸਰਕਾਰੀ ਸਕੂਲਾਂ ਵਿੱਚ ਪਹਿਲੋਂ ਤੋਂ ਪੜ੍ਹ ਰਹੇ ਵਿਦਿਆਰਥੀਆਂ ਦੀ ਚੰਗੀ ਕਾਰਗੁਜ਼ਾਰੀ ਅਤੇ ਪਿਛਲੇ ਸਮੇਂ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਂਵਾਂ ਵਿੱਚ ਹਾਸਲ ਕੀਤੀਆਂ ਚੰਗੀਆਂ ਪੁਜ਼ੀਸ਼ਨਾਂ ਕਾਰਨ ਇੱਕ ਵਾਰ ਫਿਰ ਤੋਂ ਆਮ ਲੋਕਾਂ ਨੂੰ ਸਰਕਾਰੀ ਸਕੂਲਾਂ ਨਾਲ ਜੋੜਿਆਂ ਹੈ। ਸਰਕਾਰੀ ਸਕੂਲਾਂ ਦੇ ਵਿਦਿਆਰਥੀਆ ਲਈ ਜਿੱਥੇ ਟੈਲੀਵਿਜ਼ਨ ਦੇ ਮਾਧਿਅਮ ਰਾਹੀਂ ਪੜ੍ਹਾਈ ਦਾ ਪ੍ਰਬੰਧ ਕੀਤਾ ਗਿਆ ਹੈ, ਉੱਥੇ ਹੀ ਵਿਭਾਗ ਦੇ ਅਧਿਆਪਕ ਦਿਨ ਰਾਤ ਇੱਕ ਕਰਕੇ ਵੱਖ-ਵੱਖ ਆਨਲਾਈਨ ਮਾਧਿਅਮ ਜਿਸ ਤਰ੍ਹਾਂ ਜ਼ੂਮ ਐਪ ਰਾਹੀਂ, ਵਟਸ ਐਪ ਰਾਹੀਂ ਵੀਡੀਓ ਲੈਕਚਰ ਭੇਜਣੇ ਅਤੇ ਇਸ ਤੋਂ ਇਲਾਵਾ ਜ਼ਰੂਰਤ ਅਨੁਸਾਰ ਟੈਲੀਫ਼ੋਨ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨਾਲ ਰਾਬਤਾ ਰੱਖਦੇ ਹੋਏ, ਉਨ੍ਹਾਂ ਨੂੰ ਸਿੱਖਿਆ ਨਾਲ ਜੋੜ ਕੇ ਰੱਖਿਆ ਗਿਆ ਹੈ। ਦੱਸਣਾ ਬਣਦਾ ਹੈ ਕਿ ਪੰਜਾਬ ਸਰਕਾਰ ਰਾਹੀਂ ਚਲਾਏ ਜਾ ਰਹੇ 'ਮਿਸ਼ਨ ਫ਼ਤਿਹ' ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਦੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਅਧਿਆਪਕਾਂ ਦੁਆਰਾ ਤਨਦੇਹੀ ਨਾਲ ਕੰਮ ਕਰਦੇ ਹੋਏ ਘਰ-ਘਰ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਗਿਆ ਅਤੇ ਲੋਕਾਂ ਨੂੰ ਵਾਰ-ਵਾਰ ਹੱਥ ਧੋਣ, ਮਾਸਕ ਪਹਿਨਣ ਅਤੇ 2 ਗਜ ਦੀ ਦੂਰੀ ਰੱਖਣ ਲਈ ਜਾਗਰੂਕ ਕੀਤਾ ਗਿਆ ਤਾਂ ਜੋ ਇਸ ਨਾਮੁਰਾਦ ਬਿਮਾਰੀ ਤੋਂ ਬੱਚਿਆ ਜਾ ਸਕੇ। ਦੱਸ ਦੇਈਏ ਕਿ ਸਿੱਖਿਆ ਵਿਭਾਗ ਦੇ ਅਧਿਆਪਕ ਜਿੱਥੇ ਵਿਦਿਆਰਥੀਆਂ ਨੂੰ ਆਨਲਾਈਨ ਮਾਧਿਅਮ ਰਾਹੀਂ ਸਿੱਖਿਆ ਨਾਲ ਜੋੜ ਕੇ ਰੱਖਣ ਲਈ ਸਿਰਤੋੜ ਯਤਨ ਕਰ ਰਹੇ ਹਨ, ਉੱਥੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਮਿਸ਼ਨ ਫ਼ਤਿਹ ਵਿੱਚ ਵੀ ਵੱਧ ਚੜ੍ਹ ਕੇ ਯੋਗਦਾਨ ਪਾ ਰਹੇ ਹਨ। ਆਨਲਾਈਨ ਪੜਾਈ ਦੇ ਕਾਰਨ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਬਹੁਤ ਜ਼ਿਆਦਾ ਲਾਭ ਪ੍ਰਾਪਤ ਹੋਇਆ ਹੈ ਅਤੇ ਇਸ ਤੋਂ ਇਲਾਵਾ ਅਧਿਆਪਕਾਂ ਅਤੇ ਵਿਦਿਆਰਥੀਆਂ, ਦੋਵਾਂ ਦਾ ਹੀ ਸਮਾਂ ਅਤੇ ਊਰਜਾ ਬਚੀ ਹੈ।

**ਪਰਮਜੀਤ ਕੌਰ ਸਿੱਧੂ**
**98148-90905**

# ਮਾਤਾ-ਪਿਤਾ ਸਾਡੇ ਅਸਲ ਰੱਬ...

ਅਜੋਕੇ ਸਮੇਂ ਕੁੱਝ ਲੋਕ ਅਜਿਹੇ ਹਨ ਜੋ ਮਾਤਾ-ਪਿਤਾ ਦੇ ਫਰਜ਼ਾਂ ਨੂੰ ਸਿਰਫ ਡਿਊਟੀ ਹੀ ਮੰਨਦੇ ਹਨ ਕਿ ਮਾਤਾ-ਪਿਤਾ ਨੇ ਸਾਨੂੰ ਪਾਲ ਕੇ ਵੱਡਾ ਕਰ ਦਿੱਤਾ, ਸਾਨੂੰ ਸਾਡੇ ਪੈਰਾਂ 'ਤੇ ਖੜ੍ਹਾ ਕਰ ਦਿੱਤਾ, ਵਿਆਹ ਕਰ ਦਿੱਤਾ ਹੋ ਗਈ ਡਿਊਟੀ ਪੂਰੀ, ਪਰੰਤੂ ਜਦੋਂ ਸਮਾਂ ਮਾਤਾ-ਪਿਤਾ ਨੂੰ ਸਾਂਭਣ ਦਾ ਆਉਂਦਾ ਹੈ ਤਦ ਉਹ ਆਪਣੀਆਂ ਜ਼ਿੰਮੇਵਾਰੀਆਂ ਤੋਂ ਕਿਨਾਰਾ ਕਰ ਜਾਂਦੇ ਹਨ ਅਤੇ ਮਾਤਾ-ਪਿਤਾ ਨੂੰ ਘਰ ਤੋਂ ਬਾਹਰ ਦਾ ਰਸਤਾ ਦਿਖਾ ਕੇ ਉਨ੍ਹਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਕਰ ਦਿੰਦੇ ਹਨ। ਅਜਿਹੇ ਮਾਤਾ-ਪਿਤਾ ਆਪਣੀ ਔਲਾਦ ਦੇ ਹੱਥੋਂ ਹੋਈ ਅਜਿਹੀ ਇੱਜਤ ਲਈ ਜਾਂ ਤਾਂ ਖੁਦਕੁਸ਼ੀ ਕਰ ਲੈਂਦੇ ਹਨ ਜਾਂ ਵਿਚਾਰੇ ਆਪਣਾ ਢਿੱਡ ਪਾਲਣ ਲਈ ਦਰ-ਦਰ ਮੰਗਣ ਤੱਕ ਦੇ ਮੁਹਤਾਜ ਹੋ ਜਾਂਦੇ ਹਨ। ਪਤਾ ਨਹੀਂ ਅਜੋਕੀ ਨਵੀਂ ਪੀੜ੍ਹੀ ਕਿੱਧਰ ਨੂੰ ਜਾਣਾ ਚਾਹੁੰਦੀ ਹੈ ਅਤੇ ਕੀ ਸਾਬਿਤ ਕਰਨਾ ਚਾਹੁੰਦੀ ਹੈ ਕਿਉਂ ਉਨ੍ਹਾਂ ਵਿੱਚ ਮਾਤਾ-ਪਿਤਾ ਦਾ ਮੋਹ ਖ਼ਤਮ ਹੁੰਦਾ ਜਾ ਰਿਹਾ ਹੈ, ਕਿਉਂ ਉਹ ਇਨ੍ਹਾਂ ਰੱਬ ਰੂਪੀ ਜਾਗਦੀਆਂ ਮੂਰਤਾਂ ਨੂੰ ਠੋਕਰਾਂ ਮਾਰਨ ਦੇ ਰਾਹ 'ਤੇ ਚੱਲ ਪਈ ਹੈ। ਪਰੰਤੂ ਹੁਣ ਸਮਾਂ ਆ ਗਿਆ ਹੈ ਕਿ ਉਨ੍ਹਾਂ ਲੋਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਬੁਢਾਪਾ ਸਭ 'ਤੇ ਆਉਂਦਾ ਹੈ ਚੰਗਾ-ਮਾੜਾ ਸਮਾਂ ਸਭ ਲਈ ਹੈ। ਜੀਵਨ 'ਚ ਮਾਤਾ-ਪਿਤਾ ਹੀ ਹਰ ਸਮੇਂ ਦੁੱਖ-ਸੁੱਖ ਵਿੱਚ ਸਾਡਾ ਸਾਥ ਨਿਭਾਉਂਦੇ ਹਨ ਬਾਕੀ ਰਿਸ਼ਤੇਦਾਰ, ਦੋਸਤ-ਮਿੱਤਰ ਤਾਂ ਕਿਨਾਰਾ ਕਰ ਜਾਂਦੇ ਹਨ। ਸਾਨੂੰ ਸਾਡੇ ਇਨ੍ਹਾਂ ਅਸਲ ਰੱਬੀ ਮੂਰਤਾਂ ਨੂੰ ਸਾਂਭ-ਸਾਂਭ ਕੇ ਰੱਖਣ ਦੀ ਲੋੜ ਹੈ ਨਹੀਂ ਤਾਂ ਜਿਸ ਤਰ੍ਹਾਂ ਦਾ ਵਿਵਹਾਰ ਅਸੀਂ ਅੱਜ ਆਪਣੇ ਮਾਤਾ-ਪਿਤਾ ਨਾਲ ਕਰਾਂਗੇ ਉਸੇ ਤਰ੍ਹਾਂ ਦਾ ਵਿਵਹਾਰ ਸਾਡੀ ਆਉਣ ਵਾਲੀ ਨਸਲ ਸਾਡੇ ਨਾਲ ਕਰੇਗੀ। ਫੇਰ ਬਾਅਦ ਵਿੱਚ ਜਵਾਨੀ ਸਮੇਂ ਆਪਣੀਆਂ



ਕੀਤੀਆਂ ਗ਼ਲਤੀਆਂ ਦਾ ਪਛਤਾਵਾ ਹੁੰਦਾ ਹੈ ਪਰ ਫੇਰ ਪਛਤਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ ਸੋ ਸਮੇਂ ਰਹਿੰਦੇ ਉਨ੍ਹਾਂ ਨੂੰ ਸੰਭਾਲ ਲਈਏ ਇਹ ਹੀ ਸਾਡੇ ਅਸਲ ਨੈਤਿਕ ਫਰਜ਼ ਹਨ। ਉਨ੍ਹਾਂ ਨੂੰ ਮਾਣ-ਸਤਿਕਾਰ ਦੇਈਏ ਜਿਸ ਨਾਲ ਉਹ ਸਮਾਜ ਵਿੱਚ ਸਿਰ ਉੱਚਾ ਕਰ ਕੇ ਚੱਲਣ। ਪਰੰਤੂ ਕੁਝ ਲੋਕ ਤਾਂ ਏਨੇ ਬੇਕਦਰੇ ਹੁੰਦੇ ਹਨ ਜੋ ਕਿ ਜਾਇਦਾਦ ਜਾਂ ਧੰਨ ਦੇ ਲਾਲਚ ਵਿੱਚ ਆਪਣੇ ਮਾਤਾ-ਪਿਤਾ ਨੂੰ ਮੌਤ ਦੇ ਘਾਟ ਤੱਕ ਉਤਾਰ ਦਿੰਦੇ ਹਨ, ਅਜਿਹੇ ਲੋਕਾਂ ਨੂੰ ਨਰਕਾਂ ਵਿੱਚ ਵੀ ਥਾਂ ਨਸੀਬ ਨਹੀਂ ਹੁੰਦੀ। ਮਾਤਾ-ਪਿਤਾ ਅਰਦਾਸਾਂ ਕਰ-ਕਰ ਔਲਾਦ ਮੰਗਦੀ ਹੈ ਅਤੇ ਬੜੀਆਂ ਮੁਸੀਬਤਾਂ ਕੱਟ ਕੇ ਔਲਾਦ ਨੂੰ ਪਾਲਦੀ ਹੈ ਪਰ ਅੱਜਕੱਲ੍ਹ ਦੀ ਔਲਾਦ ਉਨ੍ਹਾਂ ਨੂੰ ਹੀ ਅੱਖਾਂ ਦਿਖਾਉਂਦੀ ਹੈ। ਸਮਾਜ 'ਚ ਕੁਝ ਕੁ ਬੰਦੇ ਹੀ ਨੇ ਜੋ ਮਾਤਾ-ਪਿਤਾ ਦੀ ਸੇਵਾ ਸੰਭਾਲ ਕਰਦੇ ਹਨ ਤੇ ਉਹਨਾਂ ਦਾ ਹਰ ਹੁਕਮ ਸਿਰ ਮੱਥੇ ਪ੍ਰਵਾਨ ਕਰਦੇ ਹਨ, ਉਹ ਹਮੇਸ਼ਾ ਸੁਖਦਾਇਕ ਜ਼ਿੰਦਗੀ ਬਤੀਤ ਕਰਦੇ ਹਨ, ਜੋ ਇਨਸਾਨ ਮਾਤਾ-ਪਿਤਾ ਦੀ ਸੇਵਾ ਕਰਦੇ ਹਨ, ਉਨ੍ਹਾਂ 'ਤੇ ਪਰਮਾਤਮਾ ਦੀ ਅਪਾਰ ਮਿਹਰ ਹੁੰਦੀ ਹੈ। ਜਿਹੜੀ ਔਲਾਦ ਮਾਪਿਆਂ ਦੀ ਆਤਮਾ ਨੂੰ ਦੁਖੀ ਕਰਦੀ ਹੈ, ਉਹ ਕਦੇ ਵੀ ਖ਼ੁਸ਼ ਨਹੀਂ ਰਹਿ ਸਕਦੀ। ਮਾਤਾ-ਪਿਤਾ ਘਰ ਵਿੱਚ ਅਜਿਹੇ ਬੋਹੜ ਹੁੰਦੇ ਹਨ ਜੋ ਆਪਣੀ ਔਲਾਦ ਨੂੰ ਤੱਤੀ ਵਾਹ ਤੱਕ ਨਹੀਂ ਲੱਗਣ ਦਿੰਦੇ, ਉਨ੍ਹਾਂ ਦੇ ਰਹਿਣ ਨਾਲ ਹੀ ਘਰ ਅਸਲ ਘਰ ਲੱਗਦਾ ਹੈ ਨਹੀਂ ਤਾਂ ਉਨ੍ਹਾਂ ਦੇ ਬਾਝੋਂ ਘਰ ਵੀ ਖਾਣ ਨੂੰ ਪੈਂਦਾ ਹੈ। ਜੇ ਮਾਤਾ-ਪਿਤਾ ਰੁਸ ਜਾਣ ਤਾਂ ਰੱਬ ਰੁਸ ਜਾਂਦਾ ਹੈ, ਸੋ ਸਭ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਨ, ਬਜ਼ੁਰਗਾਂ ਦਾ ਸਤਿਕਾਰ ਕਰਨ ਕਿਉਂਕਿ ਜ਼ਿੰਦਗੀ ਦੀ ਅਸਲ ਧਨ-ਦੌਲਤ ਮਾਤਾ ਪਿਤਾ ਹੀ ਹਨ ਅਤੇ ਉਨ੍ਹਾਂ ਨੂੰ ਸਾਂਭਣਾ ਸਾਡਾ ਸਭ ਦਾ ਫਰਜ਼ ਹੈ ਅਤੇ ਉਨ੍ਹਾਂ ਦੇ ਦਿਖਾਏ ਰਸਤੇ 'ਤੇ ਚੱਲ ਕੇ ਹੀ ਅਸੀਂ ਜੱਗ ਨੂੰ ਜਿੱਤ ਸਕਦੇ ਹਾਂ, ਆਪਣਾ ਮਾਨ-ਸਨਮਾਨ ਪਾ ਸਕਦੇ ਹਾਂ।

**ਗੁਰਸੇਵਕ ਰੰਧਾਵਾ ਮੋ: 94636-80877**



# ਸਾਉਣ ਵੀਰ ਇਕੱਠੀਆਂ ਕਰੇ ਭਾਦਰੋਂ ਚੰਦਰੀ ਵਿਛੋੜਾ ਪਾਵੇ

**ਅੱਜ ਤੋਂ 35-36 ਸਾਲ ਪਹਿਲਾਂ ਕੋਟਕਪੂਰਾ ਸ਼ਹਿਰ ਵਿੱਚ ਫ਼ਰਮਾਂਹ ਵਾਲੇ ਡੇਰੇ ਕੋਲ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਲੜਕੀਆਂ ਔਰਤਾਂ ਪੀਂਘਾਂ ਝੂਟਦੀਆਂ ਕਿੱਕਲੀ ਪਾਉਂਦੀਆਂ, ਕੋਟਲਾਂ ਛਪਾਕੀ ਤੇ ਹੋਰ ਖੇਡਾਂ ਖੇਡ ਕੇ ਮਨਪ੍ਰਚਾਵਾਂ ਕਰਦੀਆਂ ਸਨ। ਸ਼ਾਮ ਨੂੰ ਤਿੰਨ-ਚਾਰ ਵਜੇ ਮੇਲਾ ਸ਼ੁਰੂ ਹੋ ਕੇ ਰਾਤ ਦੇ ਦਸ-ਗਿਆਰਾਂ ਵਜੇ ਤੱਕ ਖ਼ੂਬ ਰੌਣਕਾਂ ਹੁੰਦੀਆਂ ਸਨ। ਲੜਕੀਆਂ, ਔਰਤਾਂ, ਛੋਟੇ-ਛੋਟੇ ਬੱਚੇ ਤੇ ਨੌਜਵਾਨ ਮੁੰਡੇ ਮੇਲੇ ਵਿੱਚ ਖ਼ੂਬ ਸੱਜ-ਸੰਵਰ ਕੇ ਆਉਂਦੇ ਸਨ। ਹੁਣ ਤੀਆਂ ਦੇ ਤਿਉਹਾਰ ਵਿੱਚ ਉਹ ਰੌਣਕ ਨਹੀਂ ਹੁੰਦੀ ਜੋ ਪਹਿਲਾਂ ਦੇਖਣ ਨੂੰ ਮਿਲਦੀ ਸੀ।**



ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਸਕ੍ਰਿਤ ਦੇ ਸ੍ਰਾਵਣ, ਸੰਗਿਆ-ਸ਼੍ਰਵਣ, ਨਛਤ੍ਰ ਹੋਵੇ ਜਿਸ ਦੀ ਪੂਰਨਮਾਸ਼ੀ ਵਿੱਚ ਐਸਾ ਮਹੀਨਾ ਹੈ ਸਾਉਣ।

ਸਾਡੇ ਲੋਕ ਸੱਭਿਆਚਾਰ ਵਿੱਚ ਸਾਉਣ ਦੇ ਮਹੀਨੇ ਨੂੰ ਗਿੱਧਿਆਂ ਦੀ ਰੁੱਤ ਕਰਕੇ ਜਾਣਿਆ ਜਾਂਦਾ ਹੈ। ਇਹ ਮਹੀਨਾ ਇੱਕ ਅਜਿਹਾ ਮਹੀਨਾ ਹੈ ਜਿਸ ਵਿੱਚ ਸਾਡੇ ਪੰਜਾਬੀ ਸੱਭਿਆਚਾਰ ਦੀਆਂ ਕਈ ਗੱਲਾਂ ਆ ਜਾਂਦੀਆਂ ਹਨ। ਜਿਵੇਂ ਸਾਉਣ ਦੀ ਝੜੀ ਜੋ ਫਸਲ ਲਈ ਲਾਭਦਾਇਕ ਹੈ, ਬਾਰਸ਼ ਪੈਣ ਨਾਲ ਫਸਲਾਂ ਹਰੀਆਂ-ਭਰੀਆਂ ਲੱਗਣ ਲੱਗ ਜਾਂਦੀਆਂ ਹਨ। ਸੁੱਕੇ ਦਰਖ਼ਤ ਘਾਹ ਹਰੇ ਹੋ ਜਾਂਦੇ ਹਨ। ਦਰਖਤਾਂ ਦੀ ਮਿੱਟੀ ਬਾਰਸ਼ ਪੈਣ ਨਾਲ ਝੜ ਜਾਂਦੀ ਹੈ। ਜੇਠ-ਹਾੜ ਦੀਆਂ ਧੁੱਪਾਂ ਦੇ ਝੁਲਸੇ ਹੋਏ ਪਸ਼ੂ-ਪੰਛੀ ਅਤੇ ਮਨੁੱਖ ਸਾਉਣ ਦੇ ਮਹੀਨੇ ਵਿੱਚ ਮੀਂਹ ਪੈਣ ਨਾਲ ਰਾਹਤ ਮਹਿਸੂਸ ਕਰਦੇ ਹਨ। ਸਾਉਣ ਮਹੀਨੇ ਦੀ ਆਮਦ 'ਤੇ ਭਾਵੇਂ ਸਾਰੇ ਭਾਰਤ ਵਿੱਚ ਖ਼ੁਸ਼ੀ ਮਨਾਈ ਜਾਂਦੀ ਹੈ ਪਰ ਪੰਜਾਬ ਵਿੱਚ ਇਹ ਮਹੀਨਾ ਬਹੁਤ ਪਿਆਰਾ ਹੈ। ਪੰਜਾਬ ਵਿੱਚ ਇਸ ਮਹੀਨੇ ਮੇਲੇ ਲੱਗਦੇ ਹਨ। ਕਬੱਡੀ ਦੇ ਮੁਕਾਬਲੇ, ਪਹਿਲਵਾਨਾਂ ਦੇ ਘੋਲ (ਕੁਸ਼ਤੀਆਂ) ਮੇਲਿਆਂ ਦੀ ਖਿੱਚ ਹੁੰਦੇ ਹਨ। ਢੋਲ ਦੇ ਡੱਗੇ ਤੇ ਗੱਭਰੂਆਂ ਦਾ ਭੰਗੜਾ ਧਰਤੀ ਹਿਲਾ ਦਿੰਦਾ ਹੈ। ਇਹ ਮਹੀਨਾ ਮੁਟਿਆਰਾਂ ਦੇ ਪ੍ਰਸਿੱਧ ਤਿਉਹਾਰ 'ਤੀਆਂ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦਾ ਆਰੰਭ ਸਾਉਣ ਮਹੀਨੇ ਦੀ ਮੱਸਿਆ ਤੋਂ ਬਾਅਦ ਤੀਜ ਤੋਂ ਹੁੰਦਾ ਹੈ ਤੇ ਪੁੰਨਿਆ (ਰੱਖੜੀ) ਤੱਕ ਚੱਲਦਾ ਹੈ। ਤੀਆਂ ਤੋਂ ਕੁਝ ਦਿਨ ਪਹਿਲਾਂ ਨਵੀਆਂ ਵਿਆਹੀਆਂ ਕੁੜੀਆਂ ਨੂੰ ਉਹਨਾਂ ਦੇ ਵੀਰ ਸਹੁਰੇ ਘਰ ਤੋਂ ਲੈ ਕੇ ਆਉਂਦੇ ਹਨ। ਜੇਕਰ ਕਿਸੇ ਭੈਣ ਦਾ ਵੀਰ ਕਿਸੇ ਕਾਰਨ ਤੀਆਂ ਨੂੰ ਆਪਣੀ ਭੈਣ ਨੂੰ ਲੈਣ ਨਹੀਂ ਆਉਂਦਾ ਤਾਂ ਉਸ ਨੂੰ ਆਪਣੀ ਸੱਸ ਦੇ ਤਾਅਨੇ-ਮਿਹਣੇ ਸੁਣਨੇ ਪੈਂਦੇ ਹਨ।

ਤੈਨੂੰ ਤੀਆਂ ਤੇ ਲੈਣ ਨਾ ਆਏ,
ਨੀ ਬਹੁਤਿਆਂ ਭਰਾਵਾਂ ਵਾਲੀਏ।

ਜਿਹੜੀਆਂ ਕੁੜੀਆਂ (ਮੁਟਿਆਰਾਂ) ਸਹੁਰੇ ਘਰ ਹੀ ਰਹਿੰਦੀਆਂ ਹਨ। ਪੇਕੇ ਘਰ ਕਿਸੇ ਮਜ਼ਬੂਰੀ ਕਾਰਨ ਨਹੀਂ ਜਾ ਸਕਦੀਆਂ। ਉਹਨਾਂ ਨੂੰ ਮਾਂ-ਪਿਉ, ਭਰਾਵਾਂ ਵੱਲੋਂ ਸੰਧਾਰਾ ਦਿੱਤਾ ਜਾਂਦਾ ਹੈ ਜਿਸ ਵਿੱਚ ਮਠਿਆਈ, ਕੱਪੜੇ, ਮੱਠੀਆਂ, ਗੁਲਗੁਲੇ, ਚੂੜੀਆਂ, ਮਹਿੰਦੀ, ਰੇਸ਼ਮੀ ਪਰਾਂਦਾ, ਡੋਰੀ, ਗਹਿਣੇ ਅਤੇ ਹੋਰ ਸ਼ਿੰਗਾਰ ਦਾ ਸਮਾਨ ਦਿੱਤਾ ਜਾਂਦਾ ਹੈ। ਪਹਿਲਾਂ ਲੋਕ ਘਰਾਂ ਵਿੱਚ ਹੀ ਮੱਠੀਆਂ, ਲੱਡੂ ਤੇ ਹੋਰ ਪਕਵਾਨ ਬਣਾ ਕੇ ਭੇਜਦੇ ਸਨ ਪਰ ਅੱਜ-ਕੱਲ੍ਹ ਤਾਂ ਮਠਿਆਈ ਬਜ਼ਾਰ ਦੀ ਹੀ ਦਿੱਤੀ ਜਾਂਦੀ ਹੈ। ਅੱਜ ਕਿਸੇ ਕੋਲ ਇਤਨਾ ਸਮਾਂ ਹੀ ਨਹੀਂ ਹੈ ਕਿ ਉਹ ਘਰ ਵਿੱਚ ਪਕਵਾਨ ਤਿਆਰ ਕਰ ਸਕਣ। ਮੁਟਿਆਰ ਨੂੰ ਉਪਰੋਕਤ ਵਸਤਾਂ ਵੇਖ ਕੇ ਚਾਅ ਚੜ੍ਹ ਜਾਂਦਾ ਹੈ ਤੇ ਉਹ ਗਿੱਧੇ 'ਚ ਨੱਚਦੀ ਪੇਕੇ ਘਰੋਂ ਆਈ ਸੌਗਾਤ ਦਾ ਜ਼ਿਕਰ ਇੰਝ ਕਰਦੀ ਹੈ।

ਤੀਆਂ ਦੇ ਤਿਉਹਾਰ ਮੌਕੇ ਕੁੜੀਆਂ, ਮੁਟਿਆਰਾਂ ਪੈਰਾਂ ਤੋਂ ਸਿਰ ਤੱਕ ਖ਼ੂਬ ਸੱਜ-ਧੱਜ ਕੇ ਪੀਂਘਾਂ ਝੂਟਣ ਤੇ ਗਿੱਧਾ ਪਾਉਣ ਲਈ ਇਕੱਠੀਆਂ ਹੁੰਦੀਆਂ ਹਨ। ਮਾਂ-ਬਾਪ ਦੇ ਘਰ ਆਈਆਂ ਆਜ਼ਾਦੀ ਮਹਿਸੂਸ ਕਰਦੀਆਂ ਹਨ। ਪਿੰਡ ਤੋਂ ਬਾਹਰ ਕਿਸੇ ਖੁੱਲ੍ਹੀ ਜਗ੍ਹਾ 'ਤੇ ਉਹ ਨੱਚਦੀਆਂ-ਟੱਪਦੀਆਂ, ਹੱਸਦੀਆਂ-ਖੇਡਦੀਆਂ, ਪੀਂਘਾਂ ਝੂਟਦੀਆਂ ਤੇ ਇੱਕ ਦੂਜੇ ਤੋਂ ਵੱਧ ਚੜ੍ਹ ਕੇ ਗਿੱਧਾ ਪਾਉਂਦੀਆਂ ਹਨ। ਉਹ ਇੱਕ ਮਿੰਟ ਵੀ ਅੱਕਦੀਆਂ ਜਾਂ ਥੱਕਦੀਆਂ ਨਹੀਂ।

ਅੱਜ ਤੋਂ 35-36 ਸਾਲ ਪਹਿਲਾਂ ਕੋਟਕਪੂਰਾ ਸ਼ਹਿਰ ਵਿੱਚ ਫ਼ਰਮਾਂਹ ਵਾਲੇ ਡੇਰੇ ਕੋਲ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਲੜਕੀਆਂ ਔਰਤਾਂ ਪੀਂਘਾਂ ਝੂਟਦੀਆਂ ਕਿੱਕਲੀ ਪਾਉਂਦੀਆਂ, ਕੋਟਲਾਂ ਛਪਾਕੀ ਤੇ ਹੋਰ ਖੇਡਾਂ ਖੇਡ ਕੇ ਮਨਪ੍ਰਚਾਵਾਂ ਕਰਦੀਆਂ ਸਨ। ਸ਼ਾਮ ਨੂੰ ਤਿੰਨ-ਚਾਰ ਵਜੇ ਮੇਲਾ ਸ਼ੁਰੂ ਹੋ ਕੇ ਰਾਤ ਦੇ ਦਸ-ਗਿਆਰਾਂ ਵਜੇ ਤੱਕ ਖ਼ੂਬ ਰੌਣਕਾਂ ਹੁੰਦੀਆਂ ਸਨ। ਲੜਕੀਆਂ, ਔਰਤਾਂ, ਛੋਟੇ-ਛੋਟੇ ਬੱਚੇ ਤੇ ਨੌਜਵਾਨ ਮੁੰਡੇ ਮੇਲੇ ਵਿੱਚ ਖ਼ੂਬ ਸੱਜ-ਸੰਵਰ ਕੇ ਆਉਂਦੇ ਸਨ। ਹੁਣ ਤੀਆਂ ਦੇ ਤਿਉਹਾਰ ਵਿੱਚ ਉਹ ਰੌਣਕ ਨਹੀਂ ਹੁੰਦੀ ਜੋ ਪਹਿਲਾਂ ਦੇਖਣ ਨੂੰ ਮਿਲਦੀ ਸੀ।

ਅੱਜ-ਕੱਲ੍ਹ ਤੀਆਂ ਦੇ ਮੇਲੇ ਵੀ ਪਹਿਲਾਂ ਦੀ ਤਰ੍ਹਾਂ ਭਾਵੇਂ ਪਿੰਡਾਂ, ਸ਼ਹਿਰਾਂ ਵਿੱਚ ਨਹੀਂ ਭਰਦੇ ਪਰ ਫਿਰ ਵੀ ਕਈ ਥਾਂਵਾਂ 'ਤੇ ਅਜੋਕੀ ਨੌਜਵਾਨ ਪੀੜ੍ਹੀ ਮੁਟਿਆਰਾਂ ਤੀਆਂ ਦੇ ਤਿਉਹਾਰ ਨੂੰ ਬੜੇ ਚਾਅ ਅਤੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਵੱਡੇ ਸ਼ਹਿਰਾਂ 'ਚ ਬੱਚੇ ਸਕੂਲਾਂ ਵਿੱਚ, ਲੜਕੀਆਂ ਕਾਲਜਾਂ ਵਿੱਚ ਅਤੇ ਔਰਤਾਂ 'ਤੇ ਲੜਕੀਆਂ ਹੋਟਲਾਂ, ਪੈਲਸਾਂ ਵਿੱਚ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਕੋਰੋਨਾ ਵਾਇਰਸ ਮਹਾਂਮਾਰੀ ਫੈਲੀ ਹੋਣ ਕਾਰਨ ਇਸ ਵਾਰ ਤੀਆਂ ਦਾ ਤਿਉਹਾਰ ਫਿੱਕਾ ਹੀ ਰਹੇਗਾ। ਸਾਉਣ ਦੇ ਮਹੀਨੇ ਚਾਰ-ਚੁਫੇਰੇ ਹਰਿਆਵਲ ਹੀ ਹਰਿਆਵਲ ਹੁੰਦੀ ਹੈ। ਬੂਟੇ ਫੁੱਲਾਂ ਤੇ ਫਲਾਂ ਨਾਲ ਭਰੇ ਹੁੰਦੇ ਹਨ। ਇਸ ਮਹੀਨੇ ਨੂੰ ਬੱਚੇ, ਬੁੱਢੇ, ਜਵਾਨ ਸਭ ਲੋਚਦੇ ਹਨ। ਨਿੱਕੀਆਂ-ਨਿੱਕੀਆਂ ਬਾਲੜੀਆਂ ਗੀਟੇ ਖੇਡ ਕੇ ਮਨਪ੍ਰਚਾਵਾ ਕਰਦੀਆਂ ਹਨ। ਇਸੇ ਕਰਕੇ ਸਾਉਣ ਦੇ ਮਹੀਨੇ ਨੂੰ ਸਾਵਿਆਂ ਦੀ ਰੁੱਤ ਕਰਕੇ ਵੀ ਜਾਣਿਆ ਜਾਂਦਾ ਹੈ। ਸਾਉਣ ਦੇ ਮਹੀਨੇ ਦੀ ਮਹੱਤਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ ਇਸ ਤਰ੍ਹਾਂ ਪ੍ਰਗਟਾਇਆ ਹੈ। ਸਾਉਣ ਮਹੀਨੇ ਦਾ ਸਬੰਧ ਖੀਰ ਤੇ ਪੂੜਿਆਂ ਨਾਲ ਵੀ ਹੈ। ਸਾਉਣ ਦੇ ਮਹੀਨੇ ਵਿੱਚ ਸ਼ਾਇਦ ਹੀ ਕੋਈ ਪੰਜਾਬੀ ਘਰ ਅਜਿਹਾ ਹੋਵੇਗਾ ਜਿੱਥੇ ਖੀਰ ਤੇ ਪੂੜ੍ਹੇ ਨਾ ਪੱਕਦੇ ਹੋਣ। ਜਿਸ ਦਿਨ ਬਾਰਸ਼ ਹੁੰਦੀ ਹੈ ਤਾਂ ਇਹ ਹੀ ਕਿਹਾ ਜਾਂਦਾ ਹੈ ਕਿ ਅੱਜ ਪੂੜ੍ਹੇ ਖਾਣ ਦਾ ਮੌਸਮ ਹੈ। ਅੱਜ-ਕੱਲ੍ਹ ਤਾਂ ਸਾਉਣ/ਸਾਵਣ ਮਹੀਨੇ ਬਜ਼ਾਰ ਵਿੱਚ ਹਲਵਾਈਆਂ/ਮਠਿਆਈਆਂ ਦੀਆਂ ਦੁਕਾਨਾਂ ਤੇ ਰੈਡੀਮੇਡ ਪੂੜ੍ਹੇ ਮਿਲ ਜਾਂਦੇ ਹਨ ਜੋ ਪੂੜ੍ਹੇ ਘਰ ਬਣਾ ਕੇ ਖਾਣ ਦਾ ਸੁਆਦ, ਮਜ਼ਾ ਆਉਂਦਾ ਹੈ, ਉਹ ਬਜ਼ਾਰ ਦੇ ਪੂੜਿਆਂ ਨਾਲ ਨਹੀਂ ਆਉਂਦਾ। ਪੁਰਾਣੇ ਸਮੇਂ ਵਿੱਚ ਸਾਉਣ ਦੇ ਮਹੀਨੇ ਵਿੱਚ ਖੀਰ-ਪੂੜ੍ਹੇ ਬਣਾਉਣਾ ਇੱਕ ਸ਼ਗਨ ਮੰਨਿਆਂ ਜਾਂਦਾ ਸੀ ਤੇ ਬਜ਼ੁਰਗ ਖੀਰ-ਪੂੜ੍ਹੇ ਘਰ ਨਾ ਬਣਨ ਕਰਕੇ ਅਕਸਰ ਕਹਿ ਦਿੰਦੇ ਸਨ।

ਸਾਵਣ ਖੀਰ ਨਾ ਖਾਧੀਆਂ,
ਕਿਉਂ ਜੰਮਿਆ ਅਪਰਾਧੀਆ।

ਸੇਵਾਪੰਥੀ ਡੇਰਾ ਹਰੀ ਭਗਤਪੁਰਾ ਮਿੱਠਾ ਟਿਵਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਸਾਵਣ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਮਹਾਂਪੁਰਸ਼ਾਂ ਦੀਆਂ ਸਾਲਾਨਾ ਬਰਸੀਆਂ 'ਤੇ ਮਾਲ-ਪੂੜ੍ਹਿਆਂ ਦਾ ਲੰਗਰ ਅਤੁੱਟ ਵਰਤਦਾ ਹੈ।

ਸਾਉਣ ਦੇ ਮਹੀਨੇ ਬੱਚਿਆਂ ਦੀ ਖ਼ੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਹੁੰਦਾ, ਉਹ ਕਿਣ-ਮਿਣ ਬਾਰਸ਼ ਵਿੱਚ ਕੱਪੜੇ ਉਤਾਰ ਕੇ ਦੁੜੰਗੇ ਲਗਾਉਂਦੇ ਤੇ ਕਲੋਲਾਂ ਕਰਦੇ ਬੜੀ ਉੱਚੀ-ਉੱਚੀ ਪੁਕਾਰਦੇ ਹਨ।

ਕਾਲੀਆਂ ਇੱਟਾਂ ਕਾਲੇ ਰੋੜ,
ਮੀਂਹ ਵਰਸਾ ਦੇ ਜ਼ੋਰੋ ਜ਼ੋਰ
ਰੱਬਾ ਰੱਬਾ ਮੀਂਹ ਵਰਸਾ,
ਸਾਡੀ ਕੋਠੀ, ਦਾਣੇ ਪਾ।

ਪੰਜਾਬੀ ਲੋਕ ਗੀਤਾਂ ਵਿੱਚ ਵੀ ਸਾਉਣ ਦੇ ਮਹੀਨੇ ਦਾ ਜ਼ਿਕਰ ਆਉਂਦਾ ਹੈ।

ਸਾਉਣ ਦੀ ਝੜੀ ਲੱਗੀ,
ਸਾਉਣ ਦੀ ਝੜੀ।

ਸਾਉਣ ਦੇ ਮਹੀਨੇ ਜਦੋਂ ਲੜਕਾ ਆਪਣੀ ਪਤਨੀ ਨੂੰ ਲੈਣ ਲਈ ਗੱਡੀ ਤੇ ਸਹੁਰੇ ਜਾਂਦਾ ਹੈ ਤਾਂ ਉਹ ਆਪਣੇ ਪਤੀ ਨਾਲ ਜਾਣ ਤੋਂ ਇਨਕਾਰ ਕਰਦੀ ਹੈ ਤੇ ਕਹਿੰਦੀ ਹੈ।

ਸਾਉਣ ਮਹੀਨੇ ਦੇ ਗੁਣ ਗਾਉਂਦੀਆਂ ਮੁਟਿਆਰਾਂ ਰੱਜਦੀਆਂ ਨਹੀਂ ਜਿਸ ਨੇ ਉਹਨਾਂ ਦਾ ਮੇਲ ਕਰਵਾਇਆ ਹੁੰਦਾ ਹੈ। ਭਾਦਰੋਂ ਮਹੀਨੇ ਮੁਟਿਆਰਾਂ ਨੂੰ ਤੀਆਂ ਤੋਂ ਵਿੱਛੜਨ ਦਾ ਡਾਹਢਾ ਦੁੱਖ ਹੁੰਦਾ ਹੈ। ਇਸੇ ਕਰਕੇ ਸਾਉਣ ਦੇ ਮਹੀਨੇ ਨੂੰ ਆਪਣੇ ਵੀਰਾਂ ਵਾਗ ਚੰਗਾ ਤੇ ਭਾਦਰੋਂ (ਭਾਦੋਂ) ਮਹੀਨੇ ਨੂੰ ਮਾੜਾ ਕਹਿੰਦੀਆਂ ਹਨ।

ਸਾਉਣ ਵੀਰ ਇਕੱਠੀਆਂ ਕਰੇ,
ਭਾਦਰੋਂ ਚੰਦਰੀ ਵਿਛੋੜਾ ਪਾਵੇ।

ਰੱਖੜ ਪੁੰਨਿਆਂ ਨੂੰ ਇਹ ਤਿਉਹਾਰ ਖ਼ਤਮ ਹੋ ਜਾਂਦਾ ਹੈ ਤੇ ਅਗਲੇ ਸਾਲ ਫਿਰ ਮਿਲਣ ਦੇ ਚਾਅ ਤੇ ਖ਼ੁਸ਼ੀਆਂ ਨਾਲ ਮੁਟਿਆਰਾਂ, ਸਹੇਲੀਆਂ ਇੱਕ ਦੂਜੇ ਤੋਂ ਵਿੱਛੜ ਜਾਂਦੀਆਂ ਹਨ ਤੇ ਕਹਿੰਦੀਆਂ ਹਨ।

ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ ਫੇਰ।

ਸੰਤ ਮੋਤੀ ਰਾਮ ਜੀ ਨੇ ਸਾਵਣ ਮਹੀਨੇ ਦਾ ਜ਼ਿਕਰ ਆਪਣੀ ਕਵੀਸ਼ਰੀ ਵਿੱਚ ਇੰਜ ਵਰਣਨ ਕੀਤਾ ਹੈ।

ਸਾਵਣ ਆਇਆ ਸ਼ੌਕ ਕਰਨ ਨੂੰ,
ਰੱਬ ਦਾ ਸ਼ੁਕਰ ਨਾ ਕੀਤੋ ਈ।
ਜਿਸ ਸਾਹਿਬ ਤੈਨੂੰ ਪੈਦਾ ਕੀਤਾ,
ਉਸ ਦਾ ਨਾਂਅ ਨਾ ਲੀਤੋ ਈ।
'ਮੋਤੀ ਰਾਮ' ਤੂੰ ਸਮਝ ਪਿਆਰੇ,
ਜਨਮ ਅਕਾਰਥ ਕੀਤੋ ਈ।

ਪੰਜਾਬੀ ਦੇ ਹਰਮਨ-ਪਿਆਰੇ ਕਵੀ ਹਿਦਾਇਤਉਲਾ ਨੇ ਆਪਣੀ ਕਵਿਤਾ ਬਾਰਹਮਾਹ ਵਿੱਚ ਸਾਵਣ ਮਹੀਨੇ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ।

ਚੜ੍ਹਦੇ ਸਾਵਣ ਮੀਂਹ ਬਰਸਾਵਣ ਸਈਆਂ ਪੀਂਘਾਂ ਪਾਈਆਂ ਨੀ।
ਕਾਲੀ ਘਟਾ ਸਿਰੇ ਪਰ ਮੇਰੇ ਜਾਲਮ ਇਸ਼ਕ ਝੜਾਈਆਂ ਨੀ।
ਬਿਜਲੀ ਚਮਕੇ ਬਿਰਹੋਂ ਵਾਲੀ ਨੈਣਾਂ ਝੜੀਆਂ ਲਾਈਆਂ ਨੀ।
ਸੌਖਾ ਇਸ਼ਕ ਹਿਦਾਇਤ ਦਿਸੇ ਇਸ ਵਿੱਚ ਸ਼ਖ਼ਤ ਬਲਾਈਆਂ ਨੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੋ ਬਾਰਹਮਾਹਾ ਅੰਕਿਤ ਹਨ। ਇੱਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਂਝ ਵਿੱਚ ਤੇ ਦੂਜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿੱਚ ਹੈ। ਬਾਰਹਮਾਹਾ ਵਿੱਚ ਸਾਵਣ ਮਹੀਨਾ ਪੰਜਵੇਂ ਨੰਬਰ ਤੇ ਹੈ। ਇਹ ਦੇਸੀ ਮਹੀਨਾ ਹੈ। ਜੁਲਾਈ ਮਹੀਨੇ ਦੀ 16 ਤਾਰੀਖ਼ ਨੂੰ ਇਸ ਮਹੀਨੇ ਦੀ ਅਰੰਭਤਾ ਹੁੰਦੀ ਹੈ। ਸੰਗਰਾਂਦ ਦੇ ਸ਼ੁੱਭ ਦਿਹਾੜੇ ਤੇ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਅਰਦਾਸ ਤੇ ਫਿਰ ਹੁਕਮਨਾਮੇ ਤੋਂ ਬਾਅਦ ਅਤੇ ਸ਼ਾਮ ਨੂੰ ਰਹਰਾਸਿ ਸਾਹਿਬ ਦੇ ਪਾਠ ਦੀ ਸਮਾਪਤੀ ਅਰਦਾਸ ਤੇ ਫਿਰ ਹੁਕਮਨਾਮੇ ਤੋਂ ਬਾਅਦ ਸਾਵਣ ਮਹੀਨੇ ਦਾ ਮੂਲ ਪਾਠ ਗ੍ਰੰਥੀ ਸਿੰਘ (ਸਿੰਘ ਸਾਹਿਬ) ਵੱਲੋਂ ਸੁਣਾਇਆ ਜਾਂਦਾ ਹੈ।

Nlight Financial

# Insurance



**Are you paying too much for Auto, Home, Business, Workman Compensation, Contractors, General Liability, E&O ?**

**Call us today for complimentary analysis of your policy.**

## NLight Financial LLC



**Sharanjit Singh Thind**
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA



# ਪੰਜਾਬ ਨੂੰ ਖੋਖਲਾ ਕਰ ਰਹੀ ਸਿਉਂਕ



ਪੰਜਾਬ ਦੀ ਧਰਤੀ ਪੱਧਰੀ ਅਤੇ ਜ਼ਰਖੇਜ਼ ਹੈ, ਹਰ ਇਕ ਇੰਚ ਉਪਜਾਊ ਹੈ। ਜਿੰਨੀ ਤਰ੍ਹਾਂ ਦੇ ਫੁੱਲ, ਫਲ਼ ਅਤੇ ਫ਼ਸਲਾਂ ਇੱਥੇ ਉਗਾਈਆਂ ਜਾ ਸਕਦੀਆਂ ਹਨ ਓਨੀਆਂ ਦੁਨੀਆਂ ਦੀ ਹੋਰ ਕਿਸੇ ਧਰਤੀ 'ਤੇ ਨਹੀਂ ਉਗਾਈਆਂ ਜਾ ਸਕਦੀਆਂ। ਏਨਾ ਖੁੱਲ੍ਹਾ ਪਾਣੀ ਵੀ ਸ਼ਾਇਦ ਹੀ ਧਰਤੀ ਦੇ ਕਿਸੇ ਹੋਰ ਖਿੱਤੇ ਨੂੰ ਨਸੀਬ ਹੋਵੇ। ਹਿਮਾਲਾ ਪਰਬਤ ਤੋਂ ਪੰਜਾਬ ਵਿਚ ਦਾਖਲ ਹੋਣ ਸਮੇਂ ਦਰਿਆਵਾਂ ਦਾ ਪਾਣੀ ਹੁੰਦਾ ਵੀ ਬਿਲਕੁਲ ਸਾਫ਼ ਅਤੇ ਸ਼ੁੱਧ ਹੈ। ਇਸ ਧਰਤੀ ਦੇ ਸਾਰੇ ਮੌਸਮ ਹਰ ਤਰ੍ਹਾਂ ਦੇ ਕੰਮ ਧੰਦੇ ਕਰਨ ਲਈ ਅਨੁਕੂਲ ਹਨ। ਗਰਮੀ, ਸਰਦੀ ਅਤੇ ਬਰਸਾਤ ਦੇ ਬਾਵਜੂਦ ਸਾਰਾ ਸਾਲ ਅਤੇ ਚੌਵੀ ਘੰਟੇ ਲੋਕ ਕੰਮ ਕਰ ਸਕਦੇ ਹਨ। ਪੰਜਾਬੀ ਲੋਕ ਮਿਹਨਤੀ ਵੀ ਬਹੁਤ ਹਨ, ਬੁੱਧੀ ਅਤੇ ਸਰੀਰਿਕ ਤੌਰ 'ਤੇ ਨਰੋਏ ਹਨ। ਵਿਰਾਸਤੀ ਵਿਚਾਰਧਾਰਕ ਅਮੀਰੀ ਦੇ ਨਾਲ ਨਾਲ ਹਰ ਨਵੇਂ ਖਿਆਲ ਅਤੇ ਤਕਨਾਲੋਜੀ ਦਾ ਸਵਾਗਤ ਕਰਨ ਵਾਲੇ ਪੰਜਾਬੀ ਤਰੱਕੀ ਪਸੰਦ, ਅਗਾਂਹ ਵਧੂ ਅਤੇ ਭਵਿੱਖ ਦੇ ਵੱਡੇ ਸੁਪਨੇ ਲੈਣ ਵਾਲੇ ਹਨ। ਇੱਥੇ ਹਰ ਕਿੱਤੇ, ਕਲਾ ਅਤੇ ਹੁਨਰ ਦੇ ਜਾਣਕਾਰ ਮਿਲਦੇ ਹਨ। ਔਰਤਾਂ ਵੀ ਬੰਦਿਆਂ ਨਾਲੋਂ ਘੱਟ ਕੰਮ ਕਰਨ ਵਾਲੀਆਂ ਨਹੀਂ। ਫਿਰ ਪੰਜਾਬ ਨੂੰ ਕਿਹੜੇ ਕੀੜੇ ਪਏ ਹੋਏ ਹਨ ਜਿਨ੍ਹਾਂ ਕਰਕੇ ਪੰਜਾਬ ਦੁਨੀਆਂ ਦਾ ਸਭ ਤੋਂ ਸੋਹਣਾ, ਅਮੀਰ ਅਤੇ ਖ਼ੁਸ਼ਹਾਲ ਖਿੱਤਾ ਨਹੀਂ ਬਣ ਸਕਿਆ ? ਸਾਰਾ ਕੁਝ ਵਧੀਆ ਹੋਣ ਦੇ ਬਾਵਜੂਦ ਇਹ ਏਨਾ ਨਿਘਾਰ ਮੁਖੀ ਕਿਉਂ ਹੈ ? ਇਸ ਦੇ ਬਾਸ਼ਿੰਦੇ ਆਪਣੀ ਧਰਤੀ ਨੂੰ ਏਨੀ ਤੇਜ਼ੀ ਨਾਲ ਛੱਡ ਕੇ ਦੌੜੀ ਕਿਉਂ ਜਾ ਰਹੇ ਹਨ ? ਪੰਜਾਬ ਨੂੰ ਅੱਗੇ ਵਧਾਉਣ ਦੀ ਬਜਾਏ ਪੰਜਾਬੀ ਸਿਰਫ਼ ਖ਼ੁਦਕੁਸ਼ੀ ਜਾਂ ਹਿਜਰਤ ਕਰਨ ਦੀ ਸੋਚਣ ਜੋਗੇ ਕਿਉਂ ਰਹਿ ਗਏ ਹਨ ?

ਮੈਂ ਪੰਜਾਬ ਦੇ ਸੈਂਕੜੇ ਇੰਜਨੀਅਰਾਂ ਨੂੰ ਜਾਣਦਾ ਹੋਵਾਂਗਾ ਜੋ ਇਧਰੋਂ ਇੰਜਨੀਰਿੰਗ ਦੀਆਂ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਛੱਡ ਕੇ ਅਮਰੀਕਾ, ਕੈਨੇਡਾ, ਆਸਟਰੇਲੀਆ ਜਾਂ ਹੋਰ ਵਿਕਸਤ ਦੇਸ਼ਾਂ ਵਿਚ ਬਤੌਰ ਇੰਜਨੀਅਰ ਕੰਮ ਕਰਦੇ ਹਨ। ਬਹੁਤ ਸਾਰੇ ਡਾਕਟਰ ਇਧਰੋਂ ਡਾਕਟਰੀ ਛੱਡ ਬਾਹਰਲੇ ਮੁਲਕਾਂ ਦੇ ਕਾਮਯਾਬ ਡਾਕਟਰ ਬਣੇ ਹੋਏ ਹਨ। ਪੰਜਾਬੀ ਵਿਗਿਆਨੀਆਂ ਨੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਆਪਣੇ ਖੇਤਰਾਂ ਵਿਚ ਨਾਮਣਾ ਖੱਟਿਆ ਹੈ। ਏਧਰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹਾਉਂਦੇ ਰਹੇ ਕਈ ਅਧਿਆਪਕ ਹੁਣ ਵਿਕਸਤ ਦੇਸ਼ਾਂ ਦੇ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪੜ੍ਹਾਉਂਦੇ ਹਨ। ਅਨੇਕਾਂ ਪੰਜਾਬੀ ਗਾਇਕਾਂ, ਸੰਗੀਤਕਾਰਾਂ, ਚਿਤਰਕਾਰਾਂ, ਫੋਟੋਕਾਰਾਂ ਅਤੇ ਮੀਡੀਆ ਕਰਮੀਆਂ ਨੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਆਪੋ ਆਪਣੇ ਖੇਤਰ ਵਿਚ ਬਹੁਤ ਨਾਮ ਅਤੇ ਨਾਮਾ ਕਮਾਇਆ ਹੈ। ਬਹੁਤ ਸਾਰੇ ਪੰਜਾਬੀ ਕਿਸਾਨਾਂ ਦੇ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਵਿਚ ਵੱਡੇ ਵੱਡੇ ਖੇਤੀ ਫਾਰਮ ਅਤੇ ਬਾਗ਼ ਹਨ। ਕਈ ਪੰਜਾਬੀ ਵਪਾਰੀਆਂ ਨੇ ਬਾਹਰ ਜਾ ਕੇ ਆਪਣੇ ਵਪਾਰਕ ਅਦਾਰੇ ਸਥਾਪਤ ਕੀਤੇ ਹਨ। ਆਪਣੀ ਜਾਣ ਪਛਾਣ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਪੰਜਾਬ ਦੇ ਕਿਸਾਨ, ਵਪਾਰੀ, ਇੰਜਨੀਅਰ, ਡਾਕਟਰ, ਵਿਗਿਆਨੀ, ਯੋਜਨਾਕਾਰ, ਅਧਿਆਪਕ ਅਤੇ ਹੋਰ ਕਿੱਤਾਕਾਰ ਤੇ ਹੁਨਰਮੰਦ ਵਿਕਸਤ ਦੇਸ਼ਾਂ ਦੀ ਤਰੱਕੀ ਵਿਚ ਆਪਣਾ ਹਿੱਸਾ ਪਾ ਰਹੇ ਹਨ। ਦੂਜੇ ਸ਼ਬਦਾਂ ਵਿਚ ਪੰਜਾਬ ਦੇ ਗੁਣੀ ਕਿੱਤਾਕਾਰ ਅਤੇ ਹੁਨਰਮੰਦ ਪੰਜਾਬ ਨੂੰ ਦੁਨੀਆਂ ਦਾ ਸਭ ਤੋਂ ਵਿਕਸਤ ਖਿੱਤਾ ਬਣਾਉਣ ਦੀ ਯੋਗਤਾ ਰੱਖਦੇ ਹਨ, ਪਰ ਉਨ੍ਹਾਂ ਦੇ ਅਜਿਹਾ ਕਰਨ ਲਈ ਪੰਜਾਬ ਅੰਦਰ ਲੋੜੀਂਦਾ ਮਾਹੌਲ ਗ਼ੈਰਹਾਜ਼ਰ ਹੈ। ਫਿਰ ਓਹੀ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਨੂੰ ਉਹ ਕਿਹੜੇ ਕੀੜੇ ਪਏ ਹਨ ਜਿਨ੍ਹਾਂ ਨੇ ਪੰਜਾਬ ਦੇ ਸੰਘਰਸ਼, ਤਰੱਕੀ ਅਤੇ ਚੜ੍ਹਦੀ ਕਲਾ ਦੇ ਜਜ਼ਬੇ ਨੂੰ ਚੂਸ ਕੇ ਇਸ ਨੂੰ ਆਰਥਿਕ, ਮਾਨਸਿਕ ਅਤੇ ਆਤਮਿਕ ਤੌਰ 'ਤੇ ਸਾਹ-ਸਤ ਹੀਣ ਕਰ ਦਿੱਤਾ ਹੈ ?

ਉਪਰੋਕਤ ਸਵਾਲ ਦਾ ਜਵਾਬ ਤਸਵੀਰ ਦੇ ਦੂਸਰੇ ਪਾਸੇ ਪਿਆ ਹੈ। ਤਸਵੀਰ ਦਾ ਦੂਸਰਾ ਪਾਸਾ ਦਰਸਾਉਂਦਾ ਹੈ ਕਿ ਪੰਜਾਬ ਦਾ ਕੋਈ ਸਿਆਸਤਦਾਨ ਇੱਧਰ ਆਪਣੀ ਚੱਲਦੀ ਸਿਆਸਤ ਛੱਡ ਕੇ ਕਦੀ ਕਿਸੇ ਬਾਹਰਲੇ ਮੁਲਕ ਦਾ ਸਿਰਕੱਢ ਸਿਆਸਤਦਾਨ ਨਹੀਂ ਬਣਿਆ। ਮੇਰੀ ਜਾਣਕਾਰੀ ਵਿਚ ਪੰਜਾਬ ਦਾ ਕੋਈ ਨੌਕਰਸ਼ਾਹ ਆਪਣੀ ਇਧਰਲੀ ਨੌਕਰੀ ਛੱਡ ਕੇ ਕਿਸੇ ਬਾਹਰਲੇ ਮੁਲਕ ਦਾ ਸਿਰਕੱਢ ਨੌਕਰਸ਼ਾਹ ਨਹੀਂ ਬਣਿਆ। ਨਤੀਜਾ ਇਹ ਨਿਕਲਦਾ ਹੈ ਕਿ ਸਾਡਾ ਕਾਮਯਾਬ ਸਿਆਸਤਦਾਨ ਅਤੇ ਸ਼ਕਤੀਸ਼ਾਲੀ ਨੌਕਰਸ਼ਾਹ ਵਧੀਆ ਮੁਲਕਾਂ ਦੇ ਕਿਸੇ ਕੰਮ ਦੇ ਨਹੀਂ, ਇਨ੍ਹਾਂ ਦੀ ਓਧਰ ਕੋਈ ਮੰਗ ਨਹੀਂ, ਇਨ੍ਹਾਂ ਲਈ ਉੱਥੇ ਕੋਈ ਥਾਂ ਨਹੀਂ। ਇਹ ਸਿਰਫ਼ ਸਾਡੇ ਜਾਂ ਸਾਡੇ ਤੋਂ ਪੱਛੜੇ ਮੁਲਕਾਂ ਵਿਚ ਹੀ ਪਾਏ ਜਾਂਦੇ ਹਨ। ਦੂਜੇ ਸ਼ਬਦਾਂ ਵਿਚ ਪੰਜਾਬ ਦਾ ਸਥਾਪਤ ਸਿਆਸਤਦਾਨ ਅਤੇ ਨੌਕਰਸ਼ਾਹੀ ਪ੍ਰਬੰਧ ਇਸ ਨੂੰ ਗੁਣਾਤਮਕ ਤਰੱਕੀ ਦੇ ਰਸਤੇ ਤੋਰ ਸਕਣ ਦੇ ਯੋਗ ਨਹੀਂ। ਫਿਰ ਵੀ ਪੰਜਾਬ ਵਿਚ ਇਨ੍ਹਾਂ ਦਾ ਪੂਰਾ ਦਬਦਬਾ ਹੈ। ਇਨ੍ਹਾਂ ਦੀ ਹਰ ਖੇਤਰ ਵਿਚ ਦਖਲਅੰਦਾਜ਼ੀ ਅਤੇ ਚੌਧਰ ਹੈ। ਉਪਰੋਕਤ ਉਦਾਹਰਨਾਂ ਅਤੇ ਚਰਚਾ ਨਾਲ ਪੰਜਾਬ ਨੂੰ ਪਏ ਹੋਏ ਕੀੜਿਆਂ ਦੀਆਂ ਦੋ ਮੋਟੀਆਂ ਕਿਸਮਾਂ ਦੀ ਪਛਾਣ ਹੋ ਜਾਂਦੀ ਹੈ ਜਿਨ੍ਹਾਂ ਦੀ ਕਾਰਗੁਜ਼ਾਰੀ ਨਾਲ ਸੰਸਾਰ ਦੇ ਸਭ ਤੋਂ ਉਨਤ, ਖ਼ੁਸ਼ਹਾਲ ਅਤੇ ਸੋਹਣਾ ਖਿੱਤਾ ਹੋਣ ਦੀਆਂ ਸੰਭਾਵਨਾਵਾਂ ਵਾਲਾ ਪੰਜਾਬ ਖ਼ੁਦਕੁਸ਼ੀਆਂ ਅਤੇ ਉਜਾੜੇ ਦੀ ਧਰਤੀ ਬਣ ਗਿਆ ਹੈ। ਪਰ ਇਹ ਕੀੜੇ ਕੋਈ ਬਾਹਰੋਂ ਨਹੀਂ ਪਏ, ਅੰਦਰੋਂ ਪੈਦਾ ਹੋਏ ਹਨ। ਪੰਜਾਬੀ ਮਾਨਸਿਕਤਾ ਨੇ ਇਨ੍ਹਾਂ ਨੂੰ ਵਧਣ ਫੁੱਲਣ ਦਿੱਤਾ ਹੈ।


ਇੱਥੇ ਹਰ ਸਰਕਾਰ ਕਹਿੰਦੀ ਹੈ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ, ਕਰਮਚਾਰੀਆਂ ਨੂੰ ਤਨਖਾਹਾਂ ਦੇਣ ਅਤੇ ਹੋਰ ਜ਼ਰੂਰੀ ਖ਼ਰਚੇ ਕਰਨ ਲਈ ਪੈਸੇ ਨਹੀਂ ਹਨ। ਸਭ ਤਰ੍ਹਾਂ ਦੇ ਕਿੱਤਾਕਾਰਾਂ, ਕਿਰਤੀਆਂ, ਹੁਨਰਮੰਦਾਂ ਨੂੰ ਮਿਲਦੀਆਂ ਉਜਰਤਾਂ ਅਤੇ ਸਹੂਲਤਾਂ ਕਿਸੇ ਗ਼ਰੀਬ ਤੋਂ ਗ਼ਰੀਬ ਦੇਸ਼ ਵਾਲੀਆਂ ਹਨ, ਪਰ ਚੋਣਾਂ ਵਿਚ ਮੁੱਖ ਸਿਆਸੀ ਪਾਰਟੀਆਂ ਅਤੇ ਸਿਆਸਤਦਾਨਾਂ ਦਾ ਖ਼ਰਚ ਅਮੀਰ ਤੋਂ ਅਮੀਰ ਦੇਸ਼ ਤੋਂ ਵੀ ਜ਼ਿਆਦਾ ਹੁੰਦਾ ਹੈ। ਸੂਬੇ ਵਿਚ ਆਰਥਿਕ ਤੰਗੀ ਦੀ ਦੁਹਾਈ ਦਿੱਤੀ ਜਾਂਦੀ ਹੈ ਅਤੇ ਲੋਕਾਂ ਨੂੰ ਅਹਿਸਾਸ ਕਰਾਇਆ ਜਾਂਦਾ ਹੈ ਕਿ ਸਾਡਾ ਦੇਸ਼ ਜਾਂ ਸੂਬਾ ਗ਼ਰੀਬ ਹੈ। ਫਿਰ ਰਾਜਨੀਤਕ ਪਾਰਟੀਆਂ ਜਾਂ ਸਿਆਸੀ ਲੋਕਾਂ ਕੋਲ ਚੋਣਾਂ ਲਈ ਏਨਾ ਪੈਸਾ ਕਿੱਥੋਂ, ਕਿਵੇਂ ਅਤੇ ਕਿਉਂ ਆ ਜਾਂਦਾ ਹੈ ? ਚੋਣਾਂ ਲੜ ਰਹੇ ਉਮੀਦਵਾਰਾਂ ਅਤੇ ਪਾਰਟੀਆਂ ਵੱਲੋਂ ਹਰੇਕ ਸੰਸਦੀ ਸੀਟ 'ਤੇ ਤਕਰੀਬਨ ਇਕ-ਇਕ ਅਰਬ ਰੁਪਇਆ ਖ਼ਰਚਿਆ ਜਾਂਦਾ ਹੈ। ਜਿਸ ਤਰ੍ਹਾਂ ਦੀ ਸਿਆਸਤ ਅਸੀਂ ਆਪਣੇ ਪੇਸ਼ ਪਾ ਲਈ ਹੈ ਇਹ ਪੰਜਾਬੀਆਂ ਨੂੰ ਬਹੁਤ ਜ਼ਿਆਦਾ ਮਹਿੰਗੀ ਪੈ ਰਹੀ ਹੈ। ਜਿੱਥੇ ਇਕ ਪੋਸਟਰ ਜਾਂ ਬੈਨਰ ਨਾਲ ਸਰ ਸਕਦਾ ਹੈ, ਉੱਥੇ ਸੌ ਸੌ ਲਗਾਏ ਜਾਂਦੇ ਹਨ। ਅਜਿਹਾ ਕਰਕੇ ਸਹੀ ਸੋਚ ਵਾਲੇ ਸਿਆਣੇ ਲੋਕਾਂ ਨੂੰ ਡਰਾਇਆ ਜਾਂਦਾ ਹੈ ਕਿ ਉਹ ਰਾਜਨੀਤੀ ਵਿਚ ਆਉਣ ਦੀ ਸੋਚ ਵੀ ਨਾ ਸਕਣ। ਵੱਡੀ ਗਿਣਤੀ ਵਿਚ ਵੱਡੇ ਵੱਡੇ ਹੋਰਡਿੰਗ ਲਾ ਕੇ ਸਿਆਸੀ ਬਦਮਾਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਸਥਾਪਤ ਸਿਆਸੀ ਲੋਕਾਂ ਦਾ ਉਦੇਸ਼ ਸ਼ਕਤੀ ਹਥਿਆਉਣ ਲਈ ਪੈਸਾ ਖ਼ਰਚਣਾ ਅਤੇ ਪੈਸੇ 'ਕੱਠੇ ਕਰਨ ਲਈ ਸ਼ਕਤੀ ਹਥਿਆਉਣਾ ਬਣ ਗਿਆ ਹੈ। ਕੋਈ ਸਿਧਾਂਤਕ ਜਾਂ ਨੀਤੀਗਤ ਵਖਰੇਵਾਂ ਨਾ ਹੋਣ ਕਰਕੇ ਇਹ ਆਪਣੀ ਸਹੂਲਤ ਲਈ ਬੜੇ ਆਰਾਮ ਨਾਲ ਪਾਰਟੀ ਬਦਲ ਲੈਂਦੇ ਹਨ। ਉੱਪਰੋਂ ਵਿਰੋਧੀ ਲੱਗਦੀਆਂ ਪਾਰਟੀਆਂ ਅੰਦਰੋਂ ਇਕ ਦੂਜੀ ਨਾਲ ਸੀਟਾਂ ਦਾ ਦੇਣ ਲੈਣ ਵੀ ਕਰ ਲੈਂਦੀਆਂ ਹਨ। ਲੋਕ ਬੇਦਿਲੀ ਨਾਲ ਕਹਿ ਛੱਡਦੇ ਹਨ, 'ਸਾਰੇ ਇਕੋ ਜਿਹੇ ਹਨ' ਜਾਂ 'ਸਭ ਰਲੇ ਹੋਏ ਹਨ।' ਇਸ ਤਰ੍ਹਾਂ ਪੰਜਾਬ ਜਾਂ ਦੇਸ਼ ਅੰਦਰ ਵਧੀ ਫੁੱਲੀ ਸਿਆਸਤ ਦਾ ਕੀੜਾ ਇਸ ਦੀ ਆਰਥਿਕ ਅਤੇ ਮਾਨਸਿਕ ਸਿਹਤ ਦਾ ਦੁਸ਼ਮਣ ਬਣਿਆ ਹੋਇਆ ਹੈ।

ਅਸਲ ਆਗੂਆਂ ਨੇ ਦੇਖਣਾ ਹੁੰਦਾ ਹੈ ਕਿ ਲੋਕਾਂ ਦੀ ਭਲਾਈ ਕਿਸ ਗੱਲ ਵਿਚ ਹੈ, ਲੋਕਾਂ ਨੂੰ ਚੰਗੇ, ਸਿਆਣੇ ਅਤੇ ਖ਼ੁਸ਼ਹਾਲ ਕਿਵੇਂ ਬਣਾਉਣਾ ਹੈ। ਉਹ ਆਪ ਆਚਰਨ, ਵਿਹਾਰ ਅਤੇ ਕਾਨੂੰਨ ਪਾਲਣਾ ਦੇ ਉੱਚੇ ਮਿਆਰ ਅਪਣਾਉਂਦੇ ਅਤੇ ਜਨਤਾ ਲਈ ਉਦਾਹਰਨ ਬਣਦੇ ਹਨ, ਪਰ ਪੰਜਾਬ ਵਿਚ ਅਜਿਹੇ ਆਗੂਆਂ ਦਾ ਕਾਲ਼ ਹੈ। ਸਾਡੇ ਵਾਂਗ ਸਾਡਾ ਸਿਆਸਤਦਾਨ ਆਪਣਾ ਵਕਤੀ ਲਾਭ ਦੇਖਦਾ ਹੈ। ਲੋਕਾਂ ਨੂੰ ਬੇਵਕੂਫ ਅਤੇ ਉਜੱਡ ਬਣਾਉਂਦਾ ਹੈ। ਰਾਜਨੀਤੀ ਦਾ ਕੰਮ ਸਮੱਸਿਆਵਾਂ ਨੂੰ ਸੁਲਝਾਉਣਾ ਜਾਂ ਮੁੱਦਿਆਂ ਨੂੰ ਨਜਿੱਠਣਾ ਹੁੰਦਾ ਹੈ, ਪਰ ਸਾਡੇ ਹਰ ਪੱਧਰ ਦੇ ਮਸਲੇ ਵਧੀ ਜਾ ਰਹੇ ਹਨ। ਪੰਜਾਬ ਸਾਹ ਲੈਣ ਯੋਗ ਸਾਫ਼ ਹਵਾ ਅਤੇ ਪੀਣ ਯੋਗ ਸ਼ੁੱਧ ਪਾਣੀ ਵਰਗੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਹੀ ਵਾਂਝਾ ਹੋ ਗਿਆ ਹੈ। ਸਾਡੇ ਸਥਾਪਤ ਸਿਆਸਤਦਾਨ ਔਸਤਨ ਹਰ ਸਵਾ ਸਾਲ ਬਾਅਦ ਆਉਣ ਵਾਲੀ ਕਿਸੇ ਨਾ ਕਿਸੇ ਚੋਣ ਲਈ ਜਿੰਨਾ ਪੈਸਾ, ਸਮਾਂ, ਸ਼ਕਤੀ, ਰਸੂਖ ਅਤੇ ਦਿਮਾਗ਼ ਵਰਤਦੇ ਹਨ ਜੇ ਓਨਾ ਲੋਕਾਂ ਦੀਆਂ ਸਮੱਸਿਆਂ ਨੂੰ ਨਜਿੱਠਣ ਲਈ ਲਾਉਣ ਤਾਂ ਸਵਾ ਸਾਲ ਦੇ ਅੰਦਰ ਪੰਜਾਬ ਮੋਟੀਆਂ ਮੋਟੀਆਂ ਸਾਰੀਆਂ ਸਮੱਸਿਆਵਾਂ ਤੋਂ ਮੁਕਤ ਹੋ ਸਕਦਾ ਹੈ, ਪਰ ਜਿਸ ਭਾਂਤ ਦੀ ਰਾਜਨੀਤੀ ਨੂੰ ਪੰਜਾਬ ਨੇ ਵਧਣ ਫੁੱਲਣ ਦਿੱਤਾ ਅਤੇ ਆਪਣੇ ਗਲ਼ ਪਾ ਲਿਆ ਹੈ ਇਹ ਆਪਣੇ ਆਪ ਵਿਚ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ। ਵੋਟਾਂ ਦੀ 'ਮਜਬੂਰੀ' ਕਾਰਨ ਇਹ ਰਾਜਨੀਤੀ ਜਨਤਕ ਪ੍ਰਬੰਧ ਨੂੰ ਸੁਚਾਰੂ ਰੱਖਣ ਵਾਲੇ ਸਾਰੇ ਨਿਯਮਾਂ ਕਾਨੂੰਨਾਂ ਦੀ ਪਾਲਣਾ ਲਈ ਅੜਿੱਕਾ ਬਣਦੀ ਹੈ। ਅੜਿੱਕਾ ਹੀ ਨਹੀਂ ਬਣਦੀ ਸਗੋਂ ਕਾਨੂੰਨ ਲਾਗੂ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰਨ ਵਿਚ ਲੱਗੀ ਰਹਿੰਦੀ ਹੈ। ਪੁਲੀਸ ਪ੍ਰਬੰਧ ਵਿਚ ਦਖਲ ਦੇ ਕੇ ਉਸਦਾ ਅਪਰਾਧੀਕਰਨ ਕਰਦੀ ਹੈ। ਅਧੀਨ ਕਰਨ ਦੀ ਪ੍ਰਕਿਰਿਆ ਨੂੰ ਜ਼ੋਰਸ਼ੋਰ ਅਤੇ ਅਸਰਦਾਰ ਢੰਗ ਨਾਲ ਚਲਾਉਣ ਲਈ ਸਿਆਸਤਦਾਨਾਂ ਨੂੰ ਆਪਣੇ ਟੱਬਰ ਨਾਲ ਲਾਉਣੇ ਪੈਂਦੇ ਹਨ। ਨਤੀਜੇ ਵਜੋਂ ਸਿਆਸਤ ਵਿਚ ਦੇਸ਼ ਪਿਆਰ ਜਾਂ ਲੋਕ ਭਲਾਈ ਦੀ ਜਗ੍ਹਾ ਪਰਿਵਾਰਵਾਦ ਦਾ ਬੋਲਬਾਲਾ ਹੋ ਗਿਆ ਹੈ।

ਦੂਸਰੀ ਗੱਲ, ਜਿਸ ਮੁਲਕ ਜਾਂ ਸੂਬੇ ਵਿਚ ਪ੍ਰਸ਼ਾਸਕ ਦਾ ਰੁਤਬਾ, ਰੋਹਬ ਜਾਂ ਦਬਦਬਾ ਕਿਸੇ ਵਿਗਿਆਨੀ, ਯੋਜਨਾਕਾਰ, ਆਰਥਿਕ ਮਾਹਿਰ, ਸਿੱਖਿਆ ਸ਼ਾਸਤਰੀ, ਤਕਨੀਕੀ ਮਾਹਿਰ ਜਾਂ ਹੋਰ ਹੁਨਰਮੰਦਾਂ ਨਾਲੋਂ ਵਧੇਰੇ ਹੋਵੇਗਾ ਉਹ ਸਾਡੇ ਮੁਲਕ ਜਾਂ ਸੂਬੇ ਵਰਗੀ 'ਤਰੱਕੀ' ਹੀ ਕਰੇਗਾ। ਅਸੀਂ ਜਨਤਕ ਸੇਵਕ ਨੂੰ ਲੋਕਾਂ ਦੇ ਸੇਵਾਦਾਰ ਦੀ ਬਜਾਏ ਮਾਲਕ ਜਾਂ ਹਾਕਮ ਹੋਣ ਜਾਂ ਮਹਿਸੂਸ ਕਰਨ ਦਾ ਅਧਿਕਾਰ ਦਿੱਤਾ ਹੈ। ਨੌਕਰਸ਼ਾਹੀ ਕਿਸੇ ਵੀ ਖੇਤਰ ਦੀ ਮਾਹਿਰ ਨਾ ਹੋਣ ਦੇ ਬਾਵਜੂਦ ਇਹ ਸਭ ਮਾਹਿਰਾਂ ਦੇ ਸਿਰ 'ਤੇ ਬੈਠਦੀ ਹੈ। ਆਪਣੀ ਚਮਕ ਦਮਕ ਅਤੇ ਰਾਜ ਸ਼ਕਤੀ ਕਾਰਨ ਇਹ ਹਰ ਤਰ੍ਹਾਂ ਦੀਆਂ ਸਰਕਾਰੀ ਕੁਰਸੀਆਂ 'ਤੇ ਬੈਠੇ ਹੋਰ ਲੋਕਾਂ ਲਈ ਰੋਲ ਮਾਡਲ ਬਣਦੀ ਹੈ। ਨੌਕਰਸ਼ਾਹੀ ਦਾ ਮਤਲਬ ਤਾਂ ਮੁਣਸ਼ੀਗਰੀ ਸੀ, ਪਰ ਸਰਕਾਰੀ ਮੁਣਸ਼ੀਆਂ ਦਾ ਰੋਹਬ-ਦਾਬ ਤੇ ਪ੍ਰਭਾਵ ਦੇਖ ਕੇ ਰੀਸੋ ਰੀਸੀ ਸਰਕਾਰੀ ਡਾਕਟਰਾਂ ਨੂੰ ਮੈਡੀਕਲ ਅਫ਼ਸਰ ਹੋਣਾ ਚੰਗਾ ਲੱਗਾ।

ਖੇਤੀ ਵਿਗਿਆਨੀ ਖੇਤੀਬਾੜੀ ਅਫ਼ਸਰ ਹੋ ਗਏ ਤੇ ਸਿੱਖਿਆ ਸ਼ਾਸਤਰੀ ਸਿੱਖਿਆ ਅਫ਼ਸਰ ਅਖਵਾਉਣ ਲੱਗੇ। ਇਸੇ ਤਰ੍ਹਾਂ ਇੰਜਨੀਅਰਿੰਗ ਅਤੇ ਵਿਕਾਸ ਨਾਲ ਸਬੰਧਤ ਹੋਰ ਸਿਰਜਨਾਤਮਕ ਖੇਤਰਾਂ ਦਾ ਗੌਰਵ ਮੁਣਸ਼ੀਪੁਣੇ ਤਹਿਤ ਹੈ। ਨੌਕਰਸ਼ਾਹੀ ਨੇ ਇਕ ਜਮਾਤ ਨਾ ਰਹਿ ਕੇ ਸਮੁੱਚੇ ਸਰਕਾਰੀ ਤੰਤਰ ਵਿਚ ਫੈਲੇ ਭਿਆਨਕ ਕੋਹੜ ਦਾ ਰੂਪ ਧਾਰ ਲਿਆ ਹੈ। ਅੱਜਕੱਲ੍ਹ ਰਾਜ ਨੇਤਾਵਾਂ ਵੱਲੋਂ ਜਨਤਕ ਧੰਨ ਹੜੱਪਣ ਦੇ ਘੁਟਾਲੇ ਲੱਖਾਂ ਨੂੰ ਟੱਪ ਕੇ ਕਰੋੜਾਂ, ਕਰੋੜਾਂ ਤੋਂ ਅਰਬਾਂ ਅਤੇ ਹੁਣ ਖਰਬਾਂ ਨੂੰ ਛੂਹਣ ਲੱਗੇ ਹਨ, ਪਰ ਨੌਕਰਸ਼ਾਹੀ ਦੀ ਅਜੇ 'ਢਕੀ ਰਿੱਝ' ਰਹੀ ਹੈ।

**ਜਸਵੰਤ ਸਿੰਘ ਜ਼ਫ਼ਰ**
**ਸੰਪਰਕ : 96461-18209**


ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ਪਿਛਲੇ 13 ਸਾਲਾਂ ਤੋਂ
ਪੰਜਾਬੀ ਦੁਨੀਆ ਮੀਡੀਆ ਹਾਊਸ
ਦਿਲ ਦੀਆਂ ਗਹਿਰਾਈਆਂ ਵਿਚੋਂ ਦਿੱਤੇ
ਪਿਆਰ ਲਈ ਆਪ ਜੀ ਦਾ ਅਤਿ ਧੰਨਵਾਦੀ ਹੈ
ਕਿ ਥੋੜ੍ਹੇ ਜਿਹੇ ਸਮੇਂ ਵਿਚ ਹੀ ਤੁਸੀਂ
ਸਾਨੂੰ ਘਰ ਘਰ ਦੀ ਪਸੰਦ ਬਣਾ ਦਿੱਤਾ ਹੈ।
ਅਜਿਹੇ ਵਿਚ ਅਸੀਂ ਪਹਿਲਾਂ ਨਾਲੋਂ ਵੀ ਵਧੇਰੇ
ਮਿਹਨਤ ਨਾਲ ਕੰਮ ਕਰਨ ਲਈ ਵਚਨਬੱਧ ਹਾਂ
ਪਰ ਤੁਹਾਡੇ ਸਾਥ ਤੋਂ ਬਿਨਾ ਕੁਝ ਵੀ ਸੰਭਵ ਨਹੀਂ,
ਸੋ ਪੰਜਾਬੀ ਦੁਨੀਆ ਅਖ਼ਬਾਰ ਪੜ੍ਹਨ ਲਈ ਕਲਿੱਕ ਕਰੋ
www.punjabiduniya.com
Phone: 917 612 3158 TelFax : 516 342 1076
P.O Box 7005 Hicksville New York 11801

# ਦੇਸ਼ ਵਿੱਚ ਫੈਲ ਰਿਹਾ ਅਪਰਾਧਤੰਤਰ

ਸਾਲ 1993 ਵਿੱਚ ਪੀ ਵੀ ਨਰਸਿਮਹਾ ਰਾਓ ਸਰਕਾਰ ਦੌਰਾਨ ਕੇਂਦਰ ਸਰਕਾਰ ਨੇ ਨਰਿੰਦਰ ਨਾਥ ਵੋਹਰਾ ਦੀ ਅਗਵਾਈ ਵਿੱਚ ਇੱਕ ਕਮੇਟੀ ਗਠਿਤ ਸੀ, ਜਿਸਨੂੰ ਵੋਹਰਾ ਕਮੇਟੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਉਸ ਕਮੇਟੀ ਨੂੰ ਇਹ ਜ਼ੁੰਮੇਵਾਰੀ ਸੌਂਪੀ ਗਈ ਕਿ ਉਹ ਇਸ ਗੱਲ ਦਾ ਪਤਾ ਲਗਾਵੇ ਕਿ ਭਾਰਤ ਵਿੱਚ ਸੰਗਠਿਤ ਅਪਰਾਧਿਕ ਗ੍ਰੋਹ ਕਿਸ ਤਰ੍ਹਾਂ ਵੱਧ-ਫੁੱਲ ਰਹੇ ਹਨ ਅਤੇ ਉਹਨਾ ਨੂੰ ਪਿਛੇ ਤੋਂ ਕੌਣ ਸਰਪ੍ਰਸਤੀ ਦੇ ਰਿਹਾ ਹੈ। ਕਮੇਟੀ ਦੇ ਜ਼ੁੰਮੇ ਇਹ ਕੰਮ ਵੀ ਸੀ ਕਿ ਉਹ ਸੁਝਾਅ ਦੇਵੇ ਕਿ ਇਸ ਅਪਰਾਧੀਕਰਨ ਦੇ ਵਾਧੇ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਵੋਹਰਾ ਕਮੇਟੀ ਦੀ ਰਿਪੋਰਟ ਪੜ੍ਹਨ ਵਾਲੀ ਹੈ। ਵੋਹਰਾ ਕਮੇਟੀ ਨੇ ਸੀ.ਬੀ.ਆਈ., ਇੰਟੈਲੀਜੇਂਟ ਬਿਊਰੋ, ਰੈਵਿਨੀਊ ਇੰਟੈਲੀਜੈਂਸ, ਆਦਿ ਤੋਂ ਰਿਪੋਰਟ ਮੰਗਵਾਈ। ਇਹਨਾਂ ਰਿਪੋਰਟਾਂ ਦੇ ਆਧਾਰ ਉਤੇ ਸਿੱਟੇ ਕੱਢੇ ਗਏ। ਪਹਿਲਾ ਕਿ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਮਾਫੀਆ ਦੇ ਸੰਗਠਿਤ ਗ੍ਰੋਹ ਆਪਣੀ ਸਮਾਨਤੰਤਰ ਸਰਕਾਰ ਚਲਾ ਰਹੇ ਹਨ ਅਤੇ ਮੌਜੂਦਾ ਸਮੇਂ 'ਚ ਜੋ ਰਾਜ ਵਿਵਸਥਾ ਹੈ, ਉਹ ਊਣੀ ਹੁੰਦੀ ਜਾ ਰਹੀ ਹੈ। ਦੂਜਾ ਕਿ ਦੇਸ਼ ਦੇ ਕੁਝ ਸੂਬਿਆਂ ਵਿੱਚ ਇਹਨਾਂ ਗ੍ਰੋਹਾਂ ਨੂੰ ਸਥਾਨਿਕ ਪੱਧਰ ਤੇ ਸਿਆਸੀ ਆਗੂਆਂ ਅਤੇ ਸਰਕਾਰੀ ਅਫ਼ਸਰਾਂ ਦੀ ਸਰਪ੍ਰਸਤੀ ਹਾਸਲ ਹੈ। ਇਹ ਰਿਪੋਰਟ ਜਦ ਸੰਸਦ ਵਿੱਚ ਪੇਸ਼ ਕੀਤੀ ਗਈ ਤਾਂ ਕਾਫੀ ਹੋ-ਹੱਲਾ ਮਚਿਆ ਸੀ। ਫਿਰ ਇਸ ਰਿਪੋਰਟ ਨੂੰ ਪਬਲਿਕ ਵਿੱਚ ਨਹੀਂ ਲਿਆਂਦਾ ਗਿਆ। ਇਸਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ। ਇਸ ਅਪਰਾਧੀ, ਸਿਆਸੀ ਅਤੇ ਸਰਕਾਰੀ ਤੰਤਰ ਦੇ ਗੱਠਜੋੜ ਨੂੰ ਤੋੜਨ ਲਈ ਕਦੇ ਕੋਈ ਕੋਸ਼ਿਸ਼ ਜਾਂ ਕਾਰਵਾਈ ਨਹੀਂ ਹੋਈ। ਹੁੰਦੀ ਵੀ ਕਿਵੇਂ, ਕਿਉਂਕਿ ਦੇਖਿਆ ਗਿਆ ਹੈ ਕਿ ਦੇਸ਼ ਦੀ ਸੰਸਦ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਸਿਆਸੀ ਅਪਰਾਧੀ ਸਾਂਸਦਾਂ ਅਤੇ ਵਿਧਾਇਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਸਾਲ 2019 ਵਿੱਚ ਦੇਸ਼ ਦੇ ਜੋ ਲੋਕ ਸਭਾ ਦੇ ਮੈਂਬਰ ਲੋਕਾਂ ਨੇ ਚੁਣ ਕੇ ਭੇਜੇ ਹਨ ਉਹਨਾਂ ਵਿੱਚੋਂ ਅੱਧਿਆਂ ਉਤੇ ਅਪਰਾਧਿਕ ਕੇਸ ਦਰਜ ਹਨ। ਕੁਲ 539 ਲੋਕ ਸਾਂਸਦ ਚੁਣੇ ਗਏ, ਇਹਨਾਂ ਵਿੱਚ 233 ਸਾਂਸਦਾਂ ਨੇ ਆਪ ਘੋਸ਼ਣਾ ਪੱਤਰ ਦੇਕੇ ਪ੍ਰਵਾਨਿਆਂ ਹੈ ਕਿ ਉਹਨਾਂ ਵਿਰੁੱਧ ਫੌਜਦਾਰੀ (ਅਪਰਾਧਿਕ) ਕੇਸ ਦਰਜ ਹਨ। ਸਾਲ 2009 ਵਿੱਚ ਜਿਨ੍ਹੇ ਅਪਰਾਧਿਕ ਸਾਂਸਦ ਲੋਕ ਸਭਾ ਵਿੱਚ ਬੈਠੇ ਹਨ ਇਸ ਗਿਣਤੀ ਵਿੱਚ 2019 ਵਿੱਚ 44 ਫ਼ੀਸਦੀ ਦਾ ਵਾਧਾ ਦਰਜ਼ ਹੋਇਆ ਹੈ। ਹੈਰਾਨੀ ਵਾਲੀ ਗੱਲ ਹੈ ਕਿ ਉਹ ਵਿਅਕਤੀ, ਜਿਸ ਉਤੇ 204 ਅਪਰਾਧਿਕ ਕੇਸ ਦਰਜ ਹਨ, ਉਹ ਕਾਂਗਰਸ ਦਾ ਕੇਰਲਾ ਤੋਂ ਚੁਣਿਆ ਮੈਂਬਰ ਪਾਰਲੀਮੈਂਟ ਹੈ ਅਤੇ ਉਸਦਾ ਨਾਮ ਦੀਨ ਕੁਰੀਆਕੋਸ ਹੈ। ਸਾਲ 2014 ਵਿੱਚ 185 ਲੋਕ ਸਭਾ ਮੈਂਬਰ (ਕੁਲ ਗਿਣਤੀ ਦਾ 34 ਫ਼ੀਸਦੀ) ਜਦਕਿ 2009 ਵਿੱਚ 162 ਸਾਂਸਦ (ਕੁਲ ਸਾਂਸਦਾਂ ਦਾ 30 ਫ਼ੀਸਦੀ) ਅਪਰਾਧਿਕ ਪਿਛੋਕੜ ਵਾਲੇ ਸਨ ਜਦਕਿ 2019 ਵਿੱਚ 233 (ਕੁਲ ਸਾਂਸਦਾਂ ਦਾ 43 ਫ਼ੀਸਦੀ) ਅਪਰਾਧਕ ਪਿਛੋਕੜ ਵਾਲੇ ਹਨ। ਇਥੇ ਹੀ ਬੱਸ ਨਹੀਂ ਇਹਨਾਂ 233 ਸਾਂਸਦਾਂ ਵਿੱਚ 159 ਇਹੋ ਜਿਹੇ ਹਨ ਜਿਹਨਾ ਉਤੇ ਗੰਭੀਰ ਅਪਰਾਧਾਂ ਜਿਹਨਾਂ ਵਿੱਚ ਬਲਾਤਕਾਰ, ਕਤਲ, ਕਤਲ ਲਈ ਯਤਨ, ਔਰਤਾਂ ਨਾਲ ਵਧੀਕੀਆਂ ਵਾਲੇ ਅਪਰਾਧਾਂ ਦੇ ਕੇਸ ਦਰਜ ਹਨ। ਇਹਨਾਂ ਵਿੱਚ 10 ਲੋਕ ਸਭਾ ਮੈਂਬਰ ਇਹੋ ਜਿਹੇ ਹਨ, ਜਿਹੜੇ 302 ਧਾਰਾ ਅਧੀਨ ਘੋਸ਼ਿਤ ਅਪਰਾਧੀ ਹਨ ਅਤੇ 11 ਇਹੋ ਜਿਹੇ ਹਨ ਜਿਹੜੇ 307 ਅਧੀਨ ਅਪਰਾਧੀ ਘੋਸ਼ਿਤ ਹਨ। ਇਹਨਾ ਅਪਰਾਧਿਕ ਸਾਂਸਦਾਂ ਵਿੱਚ ਭਾਜਪਾ ਵਾਲੇ ਵੀ ਹਨ, ਕਾਂਗਰਸ ਵਾਲੇ ਵੀ, ਡੀ.ਐਮ.ਕੇ., ਜਨਤਾ ਦਲ ਵਾਲੇ ਸਾਂਸਦ ਵੀ ਹਨ। ਫ਼ੀਸਦੀ ਦੇ ਮਾਮਲੇ 'ਚ 51 ਕਾਂਗਰਸੀ ਸਾਂਸਦਾਂ ਵਿੱਚ 37 ਫ਼ੀਸਦੀ, 301 ਭਾਜਪਾ ਵਾਲਿਆਂ ਵਿਚੋਂ 29 ਫ਼ੀਸਦੀ, ਜਨਤਾ ਦਲ ਵਾਲੇ 8 ਵਿੱਚ 50 ਫ਼ੀਸਦੀ ਸਾਂਸਦ ਅਪਰਾਧਿਕ ਪਿਛੋਕੜ ਵਾਲੇ ਹਨ। ਇਹ ਅੰਕੜੇ ਨੈਸ਼ਨਲ ਇਲੈਕਸ਼ਨ ਵਾਚ ਅਤੇ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰੀਫਾਮਜ਼ (ਏ.ਡੀ.ਆਰ.) ਨੇ ਰਿਲੀਜ਼ ਕੀਤੇ ਹਨ। ਹੁਣ ਜਦਕਿ ਦੇਸ਼ ਦੀ ਸਾਂਸਦ ਉਤੇ ਅਪਰਾਧਿਕ ਸੋਚ ਵਾਲੇ ਉਹਨਾਂ ਲੋਕਾਂ ਦਾ ਕਬਜ਼ਾ ਹੈ ਜਿਹੜੇ ਸਾਮ, ਦਾਮ, ਦੰਡ ਨਾਲ ਮਾਫੀਏ ਦੀ ਬਦੌਲਤ ਚੋਣਾਂ ਜਿੱਤਦੇ ਹਨ, ਜਿਹਨਾਂ ਨੂੰ ਅਪਰਾਧੀਆਂ ਦੀ ਦਿਖਵੀਂ, ਅਦਿਖਵੀਂ ਸਹਾਇਤਾ, ਸਹਿਯੋਗ ਪ੍ਰਾਪਤ ਹੈ ਅਤੇ ਜਿਹੜੇ ਅਪਰਾਧੀਆਂ ਦੀ ਸਰਪ੍ਰਸਤੀ ਕਰਦੇ ਹਨ, ਉਹ ਕਿਵੇਂ ਦੇਸ਼ ਅਪਰਾਧੀਆਂ ਨੂੰ ਨੱਥ ਪਾਉਣ ਲਈ ਜਾਂ ਅਪਰਾਧਿਕ ਪ੍ਰਵਿਰਤੀਆਂ ਨੂੰ ਦੇਸ਼ ਵਿੱਚ ਰੋਕ ਲਾਉਣ ਲਈ ਕੋਈ ਯਤਨ ਕਰਨਗੇ?

ਦੇਸ਼ ਦੇ ਇਹ ਸਿਆਸਤਦਾਨ ਸਰਕਾਰੀ ਖਜ਼ਾਨੇ 'ਚ ਆਉਣ ਵਾਲਾ ਪੈਸਾ ਮਾਫੀਏ ਨਾਲ ਰਲਕੇ ਖਾਂਦੇ ਹਨ। ਚੋਣਾਂ ਵੇਲੇ ਹੀ ਨਹੀਂ, ਸਗੋਂ ਬਾਅਦ ਵਿੱਚ ਜਾਂ ਪਹਿਲਾਂ ਵੀ ਇਹਨਾਂ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਆਪਣੇ ਦਲਾਲਾਂ ਵਜੋਂ ਵੀ ਵਰਤਦੇ ਹਨ। ਰੇਤਾ/ਬਜਰੀ ਮਾਫੀਆ, ਸ਼ਰਾਬ ਮਾਫੀਆ, ਟਰਾਂਸਪੋਰਟ ਮਾਫੀਆ, ਇਲੈਕਟ੍ਰੋਨਿਕ ਮੀਡੀਆ (ਗੋਦੀ ਮਾਫੀਆ), ਜ਼ਮੀਨ ਮਾਫੀਆ, ਪ੍ਰਾਈਵੇਟ ਮਾਫੀਆ, ਮੈਡੀਕਲ ਮਾਫੀਆ ਤੇ ਪਤਾ ਨਹੀਂ ਹੋਰ ਕਿਹੜੇ ਮਾਫੀਏ ਹਨ, ਜਿਹੜੇ ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠ ਪਲਦੇ, ਵਧਦੇ, ਫੁੱਲਦੇ ਹਨ। ਇਹੋ ਮਾਫੀਏ ਦੇਸ਼ ਦੇ ਸੋਮਿਆਂ ਦੀ ਚੋਰੀ ਕਰਦੇ ਹਨ। ਜੰਗਲ ਕੱਟਦੇ ਹਨ, ਚੰਦਨ ਦੇ ਦਰੱਖ਼ਤ ਕੌਡੀਆਂ ਦੇ ਭਾਅ ਵੇਚਦੇ ਹਨ। ਕੌਣ ਰੋਕ ਸਕਦਾ ਹੈ ਚੰਦਨ ਸਮਗਲਰਾਂ ਨੂੰ ਜਿਹਨਾਂ ਦੀ ਸਰਪ੍ਰਸਤੀ ਸਿਆਸਤਦਾਨ ਕਰਦੇ ਹਨ। ਪਿਛਲੇ ਸਮੇਂ ਵਿੱਚ ਤਾਂ ਦੇਖਣ ਵਿੱਚ ਇਹ ਵੀ ਆਇਆ ਹੈ ਕਿ ਕੁਝ ਵੱਡੇ ਅਪਰਾਧੀ, ਡਾਕੂ, ਆਪ ਸਿਆਸਤ ਵਿੱਚ ਕੁੱਦ ਪਏ, ਲੋਕਾਂ ਨੂੰ ਡਰਾ, ਧਮਕਾ ਕੇ ਪੈਸੇ ਦੇ ਜ਼ੋਰ ਨਾਲ ਵੋਟਾਂ ਲਈਆਂ ਅਤੇ ਸੰਸਦਾਂ ਅਤੇ ਵਿਧਾਨ ਸਭਾਵਾਂ 'ਚ ਆ ਬੈਠੇ।

ਇੱਕਲੇ ਸੰਸਦ ਵਿੱਚ ਹੀ ਨਹੀਂ ਵਿਧਾਨ ਸਭਾਵਾਂ ਵਿੱਚ ਵੀ ਅਪਰਾਧਿਕ ਪਿਛੋਕੜ ਵਾਲੇ ਵਿਧਾਇਕਾਂ ਦੀ ਗਿਣਤੀ ਘੱਟ ਨਹੀਂ ਹੈ। ਉੱਤਰ ਪ੍ਰਦੇਸ਼ ਦੀ ਉਦਾਹਰਨ ਹੀ ਲੈਂਦੇ ਹਾਂ। 2017 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਚੁਣੇ 143 ਵਿਧਾਇਕਾਂ (36 ਫ਼ੀਸਦੀ) ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਇਹਨਾ ਵਿੱਚੋਂ 42 ਵਿਧਾਇਕਾਂ ਵਿਰੁੱਧ ਕਤਲ ਜਿਹੇ ਗੰਭੀਰ ਅਪਰਾਧਾਂ ਦੇ ਮੁਕੱਦਮੇ ਹਨ। ਕੀ ਇਹੋ ਹੀ ਕਾਰਨ ਨਹੀਂ ਹੈ ਕਿ ਅਪਰਾਧੀਆਂ ਦੇ ਹੌਂਸਲੇ ਵਧੇ ਹੋਏ ਹਨ। ਅਪਰਾਧੀ ਵਿਕਾਸ ਦੂਬੇ ਤੇ ਉਸਦੀ ਗੈਂਗ ਨੇ 8 ਪੁਲਿਸ ਮੁਲਾਜ਼ਮਾਂ ਦੀ ਉੱਤਰ ਪ੍ਰਦੇਸ਼ 'ਚ ਹੱਤਿਆ ਕਰ ਦਿੱਤੀ। ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਇੰਨੀ ਭਾਰੀ ਗਿਣਤੀ 'ਚ ਅਪਰਾਧਿਕ ਪਿੱਠ ਭੂਮੀ ਵਾਲੇ ਲੋਕ ਸਿਆਸਤ ਵਿੱਚ ਬੈਠੇ ਹੋਣ ਤਾਂ ਗੈਂਗਾਂ, ਗੁਰਗਿਆਂ, ਮਾਫੀਏ ਵਿਰੁੱਧ ਕਾਰਵਾਈ ਕੌਣ ਕਰੇ? ਸੰਗਠਿਤ ਅਪਰਾਧਿਕ ਕਾਰਵਾਈਆਂ ਨੂੰ ਕੌਣ ਰੋਕੇ? ਅਸਲ ਵਿੱਚ ਤਾਂ ਅਪਰਾਧਿਕ ਪਿੱਠ ਭੂਮੀ ਦੇ ਲੋਕਾਂ ਵਿਚੋਂ ਲੋਕਾਂ ਦੇ ਪ੍ਰਤੀਨਿਧੀ ਬਣਨ ਨਾਲ ਸਿਆਸਤਦਾਨ ਅਤੇ ਅਪਰਾਧੀਆਂ ਦਾ ਗੱਠਜੋੜ ਮਜ਼ਬੂਤ ਹੁੰਦਾ ਜਾ ਰਿਹਾ ਹੈ। ਇਸ ਸਭ ਕੁਝ ਦੇ ਦ੍ਰਿਸ਼ਟੀਗੋਚਰ ਦੇਸ਼ ਦੀ ਸੁਪਰੀਮ ਕੋਰਟ ਨੇ 10 ਜੁਲਾਈ 2013 ਨੂੰ ਇੱਕ ਜੱਜਮੈਂਟ ਦਿੱਤੀ, ਜਿਸ ਅਧੀਨ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਦੇ ਉਹ ਮੈਂਬਰ ਜਿਹਨਾਂ ਨੂੰ ਅਪਰਾਧਿਕ ਮਾਮਲਿਆਂ ਵਿੱਚ 2 ਸਾਲ ਜਾਂ ਵੱਧ ਦੀ ਸਜ਼ਾ ਸੁਣਾਈ ਗਈ ਹੈ, ਉਹ ਮੈਂਬਰ ਨਹੀਂ ਰਹਿਣਗੇ। ਸਿੱਟੇ ਵਜੋਂ 10 ਲੋਕ ਸਭਾ, ਰਾਜ ਸਭਾ, ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਦੇ ਮੈਂਬਰ ਆਪਣੀ ਮੈਂਬਰੀ ਗੁਆ ਬੈਠੇ। ਸੁਪਰੀਮ ਕੋਰਟ ਵਿੱਚ ਇੱਕ ਐਫੀਡੇਵਿਟ ਵਿੱਚ ਕੇਂਦਰ ਸਰਕਾਰ ਨੇ ਇਹ ਦੱਸਿਆ ਕਿ ਦੇਸ਼ ਦੀਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਰਾਜ ਸਭਾ ਵਿੱਚ ਕੁਲ ਮਿਲਾਕੇ 1765 ਮੈਂਬਰ ਅਪਰਾਧਿਕ ਪਿਛੋਕੜ ਵਾਲੇ ਬੈਠੇ ਹਨ। ਇਸ ਸਬੰਧੀ ਸੁਪਰੀਮ ਕੋਰਟ ਨੇ ਇਹ ਨਿਰਦੇਸ਼ ਦਿੱਤੇ ਹਨ ਕਿ ਇਹਨਾਂ ਮੈਂਬਰਾਂ ਦੇ ਕੇਸਾਂ ਦੇ ਨਿਪਟਾਰੇ ਲਈ 12 ਸਪੈਸ਼ਲ ਕੋਰਟਾਂ ਸਥਾਪਿਤ ਕੀਤੀਆਂ ਜਾਣ ਜੋ ਦਿੱਲੀ ਜਾਂ 11 ਸੂਬਿਆਂ ਵਿੱਚ ਹੋਣ ਜੋ ਇਹਨਾਂ ਕੇਸਾਂ ਦਾ ਤੁਰੰਤ ਫ਼ੈਸਲਾ ਕਰਨ। ਇਹ ਫ਼ੈਸਲਾ 2018 ਸਤੰਬਰ ਦਾ ਹੈ, ਪਰ ਕੇਂਦਰ ਸਰਕਾਰ ਵਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਕੀ ਇਹ ਅਪਰਾਧਿਕ ਪਿਛੋਕੜ ਵਾਲੇ ਸਾਂਸਦਾਂ ਦਾ ਦਬਾਅ ਨਹੀਂ ਹੈ? ਸਾਲ 2020 ਮਾਰਚ ਵਿੱਚ ਇੱਕ ਜੱਜਮੈਂਟ 'ਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਿਆਸਤ ਵਿੱਚ ਅਪਰਾਧੀਕਰਨ ਨੂੰ ਰੋਕਿਆ ਜਾਣਾ ਚਾਹੀਦਾ ਹੈ ਅਤੇ ਅਪਰਾਧੀ ਪਿਛੋਕੜ ਵਾਲੇ ਲੋਕਾਂ ਨੂੰ ਦੇਸ਼ ਦਾ ਕਾਨੂੰਨ ਬਣਾਉਣ ਵਾਲੀ ਸੰਸਥਾ ਵਿੱਚ ਨਹੀਂ ਲਿਆਂਦਾ ਜਾਣਾ ਚਾਹੀਦਾ ਅਤੇ ਦੇਸ਼ ਦੇ ਲੋਕਾਂ ਨੂੰ ਸਾਫ਼-ਸੁਥਰਾ ਪ੍ਰਬੰਧ ਮਿਲਣਾ ਜ਼ਰੂਰੀ ਹੈ। ਸੁਪਰੀਮ ਕੋਰਟ ਨੇ ਸਰਕਾਰ ਨੂੰ ਨਿਰਦੇਸ਼ ਦਿੱਤੇ ਕਿ ਸਿਆਸਤ ਵਿੱਚ ਅਪਰਾਧੀਕਰਨ ਰੋਕਣ ਅਤੇ ਚੋਣ ਸੁਧਾਰਾਂ ਲਈ ਕਦਮ ਚੁੱਕੇ ਜਾਣੇ ਜ਼ਰੂਰੀ ਹਨ। ਸੁਪਰੀਮ ਕੋਰਟ ਦਾ ਤਾਂ ਕਹਿਣਾ ਇਹ ਵੀ ਹੈ ਕਿ ਖ਼ਾਸ ਤੌਰ 'ਤੇ ਚੋਣਾਂ ਵੇਲੇ ਉਮੀਦਵਾਰ ਘੋਸ਼ਿਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਉਮੀਦਵਾਰਾਂ ਦੇ ਅਪਰਾਧੀ ਪਿਛੋਕੜ ਨੂੰ ਅਖ਼ਬਾਰਾਂ ਵਿੱਚ ਛਾਪਣ ਤਾਂ ਕਿ ਲੋਕਾਂ ਨੂੰ ਉਹਨਾਂ ਬਾਰੇ ਜਾਣਕਾਰੀ ਹੋ ਸਕੇ। ਪਰ ਇਸ ਸਭ ਦੇ ਬਾਵਜੂਦ ਵੀ ਕਿ ਅਪਰਾਧ ਦਾ ਸਿਆਸਤ ਵਿੱਚ ਦਖ਼ਲ ਦੇਸ਼ ਦੇ ਲੋਕਤੰਤਰ ਨੂੰ ਸੱਟ ਮਾਰੇਗਾ। ਦੇਸ਼ ਵਿੱਚ ਭ੍ਰਿਸ਼ਟਾਚਾਰ 'ਚ ਵਾਧਾ ਕਰੇਗਾ। ਦੇਸ਼ ਦੀਆਂ ਇਖਲਾਕੀ ਕਦਰਾਂ ਕੀਮਤਾਂ ਨੂੰ ਸੱਟ ਮਾਰੇਗਾ। ਦੇਸ਼ ਦੀਆਂ ਨਿਰਪੱਖ ਚੋਣਾਂ ਨੂੰ ਤਹਿਸ਼-ਨਹਿਸ਼ ਕਰ ਦੇਵੇਗਾ। ਕੇਂਦਰ ਸਰਕਾਰ ਵਲੋਂ ਕੋਈ ਅਹਿਮ ਕਦਮ ਨਹੀਂ ਪੁੱਟੇ ਜਾ ਰਹੇ। ਦੇਸ਼ ਵਿੱਚ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਨਾਮ ਉਤੇ ਹਕੂਮਤ ਸੰਭਾਲਣ ਵਾਲੀ ਮੋਦੀ ਸਰਕਾਰ ਵਲੋਂ ਹਿੱਕ ਠੋਕ ਕੇ ਕੀਤੀਆਂ ਤਕਰੀਰਾਂ ਵੀ ਲੁਪਤ ਹੋ ਗਈਆਂ ਹਨ ਕਿ ਉਹ ਕਿਸੇ ਵੀ ਅਪਰਾਧਿਕ ਪਿਛੋਕੜ ਵਾਲੇ ਨੂੰ ਦੇਸ਼ ਦੀ ਪਾਰਲੀਮੈਂਟ ਵਿੱਚ ਦਾਖ਼ਲ ਨਹੀਂ ਹੋਣ ਦੇਣਗੇ। ਜਦ ਤੱਕ ਦੇਸ਼ ਦਾ ਕਾਨੂੰਨ ਘੜਨ ਵਾਲੀ ਲੋਕ ਸਭਾ, ਰਾਜ ਸਭਾ ਦੇਸ਼ ਵਿੱਚੋਂ ਅਪਰਾਧੀਕਰਨ ਖ਼ਤਮ ਕਰਨ ਲਈ ਅਤੇ ਅਪਰਾਧੀ ਪਿਛੋਕੜ ਵਾਲਿਆਂ ਦਾ ਸੰਸਦ ਵਿੱਚ ਦਾਖ਼ਲਾ ਬੰਦ ਕਰਨ ਲਈ ਢੁੱਕਵਾਂ ਕਾਨੂੰਨ ਨਹੀਂ ਬਣਾਉਂਦੀ, ਉਦੋਂ ਤੱਕ ਦੇਸ਼ ਦੇ ਅਪਰਾਧੀਕਰਨ ਨੂੰ ਨੱਥ ਨਹੀਂ ਪਾਈ ਜਾ ਸਕਦੀ। ਦੇਸ਼ ਦੇ ਹਾਕਮਾਂ 'ਚ ਭਾਵੇਂ ਉਹ ਪਹਿਲਾਂ ਰਹੇ ਹਾਕਮ ਕਾਂਗਰਸ ਨੇਤਾ ਹਨ, ਜਾਂ ਹੁਣ ਰਾਜ ਕਰ ਰਹੀ ਭਾਜਪਾ ਹੈ, ਰਾਜ ਦਾ ਮੋਹ ਨਹੀਂ ਤਿਆਗ ਰਹੀ, ਸਿੱਟੇ ਵਿੱਚੋਂ ਅਪਰਾਧੀਆਂ ਅਤੇ ਧਨਾਢਾਂ ਨੂੰ ਚੋਣਾਂ ਵੇਲੇ ਉਮੀਦਵਾਰ ਬਣਾਇਆ ਜਾ ਰਿਹਾ ਹੈ ਅਤੇ ਆਪਣੀ ਗੱਦੀ ਪੱਕੀ ਕੀਤੀ ਜਾ ਰਹੀ ਹੈ। ਇਹ ਅਸਲ ਅਰਥਾਂ ਵਿੱਚ ਲੋਕਤੰਤਰ ਦਾ ਘਾਣ ਹੈ। ਜੇਕਰ ਦੇਸ਼ ਦੀ ਪਾਰਲੀਮੈਂਟ 370 ਧਾਰਾ ਖ਼ਤਮ ਕਰਨ ਦਾ ਕਾਨੂੰਨ ਪਾਸ ਕਰ ਸਕਦੀ ਹੈ। ਜੇਕਰ ਦੇਸ਼ ਦੀ ਪਾਰਲੀਮੈਂਟ ਨਾਗਰਿਕਤਾ ਕਾਨੂੰਨ ਪਾਸ ਕਰ ਸਕਦੀ ਹੈ ਤਾਂ ਅਪਰਾਧਾਂ ਨੂੰ ਰੋਕਣ ਅਤੇ ਅਪਰਾਧੀਆਂ ਦਾ ਕਾਨੂੰਨ ਘੜਨੀ ਸੰਸਥਾਵਾਂ ਵਿੱਚ ਦਾਖ਼ਲੇ ਵਿਰੁੱਧ ਕਨੂੰਨ ਕਿਉਂ ਨਹੀਂ ਪਾਸ ਕਰ ਸਕਦੀ?

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੋਸਪੌਂਡੈਂਸ :
ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source



# ਹਿੰਦੂਤਵੀ ਹਮਲਾ

## ਪੱਤਰਕਾਰਾਂ ਦੀ ਗ੍ਰਿਫਤਾਰੀ ਅਤੇ ਮੀਡੀਆ ਦੀ ਭੂਮਿਕਾ

ਨਰਿੰਦਰ ਮੋਦੀ-ਅਮਿਤ ਸ਼ਾਹ ਦੀ ਕਮਾਨ ਹੇਠ ਸੰਘ ਬ੍ਰਿਗੇਡ ਦੀ ਸਰਕਾਰ ਦੁਬਾਰਾ ਬਣ ਜਾਣ ਤੋਂ ਬਾਅਦ ਪੱਤਰਕਾਰਾਂ ਅਤੇ ਆਲੋਚਕਾਂ ਦੀਆਂ ਧੜਾਧੜ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ ਹਨ। ਯੂ.ਪੀ. ਦੇ ਮੁੱਖ ਮੰਤਰੀ ਮਹੰਤ ਅਦਿਤਿਆਨਾਥ ਬਾਰੇ ਕਥਿਤ ਅਪਮਾਨਜਨਕ ਸਮੱਗਰੀ ਸ਼ੇਅਰ ਕਰਨ ਦੇ ਇਲਜ਼ਾਮ ਤਹਿਤ ਦਿੱਲੀ ਤੋਂ ਫਰੀਲਾਂਸ ਪੱਤਰਕਾਰ ਪ੍ਰਸ਼ਾਂਤ ਕਨੌਜੀਆ, ਨੋਇਡਾ ਤੋਂ ਨੇਸ਼ਨ ਲਾਈਵ ਨਿਊਜ਼ ਚੈਨਲ ਦੀ ਮੁਖੀ ਇਸ਼ੀਕਾ ਸਿੰਘ ਅਤੇ ਸੰਪਾਦਕ ਅਨੁਜ ਸ਼ੁਕਲਾ (ਜੋ ਮੋਦੀ ਦੇ ਹੱਕ ਵਿਚ 'ਮੈਂ ਵੀ ਚੌਕੀਦਾਰ' ਮੁਹਿਮ ਦਾ ਵੱਡਾ ਚੈਂਪੀਅਨ ਰਹਿ ਚੁੱਕਾ ਹੈ) ਨੂੰ ਗ੍ਰਿਫਤਾਰ ਕਰ ਲਿਆ ਗਿਆ।

ਇਸ ਚੈਨਲ ਨੇ ਇਕ ਔਰਤ ਦੀ ਵੀਡੀਓ ਫੁਟੇਜ ਦਿਖਾ ਕੇ ਇਸ ਮਾਮਲੇ ਉਪਰ ਲਾਈਵ ਚਰਚਾ ਕੀਤੀ ਸੀ। ਔਰਤ ਨੇ ਦਾਅਵਾ ਕੀਤਾ ਸੀ ਕਿ ਉਸ ਦਾ ਮਹੰਤ ਅਦਿਤਿਆਨਾਥ ਨਾਲ ਵੱਟਸਐਪ ਜ਼ਰੀਏ ਇਸ਼ਕ ਚੱਲ ਰਿਹਾ ਹੈ ਅਤੇ ਉਹ ਉਸ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ। ਇਸੇ ਹਫਤੇ ਮਹੰਤ ਬਾਰੇ ਸੋਸ਼ਲ ਮੀਡੀਆ ਉਪਰ ਟਿੱਪਣੀਆਂ ਕਰਨ ਦੇ ਇਲਜ਼ਾਮ ਵਿਚ 7 ਹੋਰ ਵਿਅਕਤੀਆਂ ਨੂੰ ਵੀ ਯੂ.ਪੀ. ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਪ੍ਰਸ਼ਾਂਤ ਕਨੌਜੀਆ ਦੀ ਪਤਨੀ ਵਲੋਂ ਸੁਪਰੀਮ ਕੋਰਟ ਵਿਚ ਰਿੱਟ ਪਾਉਣ 'ਤੇ ਭਾਵੇਂ ਸੁਪਰੀਮ ਕੋਰਟ ਵਲੋਂ ਉਸ ਨੂੰ ਤੁਰੰਤ ਰਿਹਾਅ ਕਰਨ ਦੇ ਆਦੇਸ਼ ਦੇਣ ਨਾਲ ਉਸ ਦੀ ਰਿਹਾਈ ਸੰਭਵ ਹੋ ਗਈ ਲੇਕਿਨ ਬਾਕੀ ਪੱਤਰਕਾਰ ਅਤੇ ਟਿੱਪਣੀਕਾਰ ਸੀਖਾਂ ਪਿੱਛੇ ਡੱਕੇ ਹੋਏ ਹਨ। ਪਤਾ ਨਹੀਂ ਉਨ੍ਹਾਂ ਨੂੰ ਕਿੰਨਾ ਵਕਤ ਜੇਲ੍ਹਾਂ ਵਿਚ ਸੜਨਾ ਪਵੇ।

ਯਾਦ ਰਹੇ ਕਿ ਗ੍ਰਿਫਤਾਰੀਆਂ ਦਾ ਘੇਰਾ ਅਦਿਤਿਆਨਾਥ ਦੇ ਮਾਮਲੇ ਤਕ ਮਹਿਦੂਦ ਨਹੀਂ। ਝਾਰਖੰਡ ਤੋਂ ਪੱਤਰਕਾਰ ਤੇ ਲੇਖਕ ਰੂਪੇਸ਼ ਕੁਮਾਰ ਸਿੰਘ ਅਤੇ ਉਸ ਦੇ ਦੋ ਸਾਥੀਆਂ ਨੂੰ 'ਖਤਰਨਾਕ ਮਾਓਵਾਦੀ' ਦਾ ਇਲਜ਼ਾਮ ਲਗਾ ਕੇ ਗ੍ਰਿਫਤਾਰ ਕੀਤਾ ਗਿਆ ਹੈ। ਮੁੰਬਈ ਦੀ ਔਰਤ ਪੱਤਰਕਾਰ ਨਿਕਿਤਾ ਰਾਵ ਵਲੋਂ ਸਰਕਾਰ ਨੂੰ ਤਿੱਖੇ ਸਵਾਲ ਪੁੱਛਣ 'ਤੇ ਸੱਤਾਧਾਰੀ ਬੁਰਛਾਗਰਦਾਂ ਨੇ ਉਸ ਉਪਰ ਜਾਨਲੇਵਾ ਹਮਲਾ ਕਰ ਕੇ ਉਸ ਨੂੰ ਲਹੂ-ਲੁਹਾਣ ਕਰ ਦਿੱਤਾ ਗਿਆ। ਤਾਮਿਲਨਾਡੂ ਵਿਚ ਹਿੰਦੂ ਮੱਕਾਲ ਕਾਚੀ ਦੇ ਆਗੂ ਦੀ ਸ਼ਿਕਾਇਤ 'ਤੇ ਫਿਲਮ ਨਿਰਦੇਸ਼ਕ ਤੇ ਦਲਿਤ ਕਾਰਕੁਨ ਪਾ ਰਣਜੀਤ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਉਸ ਨੇ ਪਿਛਲੇ ਦਿਨੀਂ ਟਿੱਪਣੀ ਕੀਤੀ ਸੀ ਕਿ ਚੋਲ ਸੁਲਤਾਨ ਰਾਜਾ ਰਾਜਾ-1 ਦਾ ਰਾਜ (985-1014) ਇਤਿਹਾਸ ਦਾ ਕਾਲਾ ਤਾਨਾਸ਼ਾਹ ਦੌਰ ਸੀ। ਸ਼ਾਮਲੀ (ਯੂ.ਪੀ.) ਵਿਚ ਰੇਲਵੇ ਅੰਦਰ ਭ੍ਰਿਸ਼ਟਾਚਾਰ ਦੀ ਰਿਪੋਰਟ ਕਰਨ ਗਏ ਸਟਿੰਗਰ (ਸਥਾਨਕ ਰਿਪੋਰਟਰ) ਉਪਰ ਰੇਲਵੇ ਪੁਲਿਸ ਦੇ ਗੈਂਗ ਨੇ ਹਮਲਾ ਕਰਕੇ ਅਤੇ ਉਸ ਨੂੰ ਨੰਗਾ ਕਰਕੇ ਉਸ ਦੀ ਬੇਤਹਾਸ਼ਾ ਕੁੱਟਮਾਰ ਕਰਨ ਅਤੇ ਦਰੋਗੇ ਵਲੋਂ ਪੱਤਰਕਾਰ ਦੇ ਮੂੰਹ ਵਿਚ ਪੇਸ਼ਾਬ ਕਰਨ ਦੀ ਵੀ ਖਬਰ ਹੈ।

ਐਡੀਟਰਜ਼ ਗਿਲਡ ਅਤੇ ਹੋਰ ਕਈ ਮੀਡੀਆ ਸੰਸਥਾਵਾਂ ਨੇ ਪ੍ਰਸ਼ਾਂਤ ਕਨੌਜੀਆ ਅਤੇ ਨਿਊਜ਼ ਚੈਨਲ ਦੀ ਮੁਖੀ ਅਤੇ ਸੰਪਾਦਕ ਦੀ ਗ੍ਰਿਫਤਾਰੀ ਵਿਰੁਧ ਤਾਂ ਸਟੈਂਡ ਲਿਆ ਹੈ ਅਤੇ ਦਿੱਲੀ ਵਿਚ ਸੈਂਕੜੇ ਪੱਤਰਕਾਰਾਂ ਵਲੋਂ ਰੋਸ ਮੁਜ਼ਾਹਰਾ ਵੀ ਕੀਤਾ ਗਿਆ ਲੇਕਿਨ ਰੂਪੇਸ਼ ਕੁਮਾਰ ਸਿੰਘ ਦੀ ਗ੍ਰਿਫਤਾਰੀ ਬਾਰੇ ਚੁੱਪ ਵੱਟ ਲਈ ਗਈ। ਉਸ ਦੇ ਬਾਰੇ ਸਿਰਫ ਸੰਵੇਦਨਸ਼ੀਲ ਪੱਤਰਕਾਰਾਂ ਨੇ ਹੀ ਇਕੱਠੇ ਹੋ ਕੇ ਆਵਾਜ਼ ਉਠਾਈ ਹੈ। ਰੂਪੇਸ਼ ਕੁਮਾਰ ਸਿੰਘ ਧੜੱਲੇਦਾਰ ਪੱਤਰਕਾਰ ਅਤੇ ਜੁਝਾਰੂ ਲੇਖਕ ਹਨ ਜਿਸ ਦੇ ਲੇਖ ਕਈ ਚਰਚਿਤ ਰਸਾਲਿਆਂ ਦੇ ਨਾਲ ਨਾਲ 'ਦਕਸ਼ਿਨ ਕੋਸਲ' ਵਿਚ ਅਕਸਰ ਛਪਦੇ ਰਹਿੰਦੇ ਹਨ; ਖਾਸ ਕਰਕੇ ਆਦਿਵਾਸੀ ਸੰਘਰਸ਼ਾਂ ਬਾਰੇ ਉਸ ਦੀਆਂ ਰਿਪੋਰਟਾਂ ਚਰਚਾ ਦਾ ਵਿਸ਼ਾ ਬਣੀਆਂ ਹਨ।

ਰੂਪੇਸ਼ ਕੁਮਾਰ ਸਿੰਘ ਨੇ ਸਰਕਾਰ ਦੀਆਂ ਨੀਤੀਆਂ ਅਤੇ ਜਬਰ ਵਿਰੁਧ ਬੇਬਾਕੀ ਨਾਲ ਲਿਖਿਆ ਹੈ। ਇਸੇ ਲਈ ਉਸ ਨੂੰ ਫਰਜ਼ੀ ਕੇਸ ਵਿਚ ਫਸਾ ਕੇ ਜੇਲ੍ਹ ਵਿਚ ਡੱਕਿਆ ਗਿਆ ਹੈ। ਗ੍ਰਿਫਤਾਰੀ ਸਮੇਂ ਉਸ ਕੋਲੋਂ ਜੋ 'ਮਾਓਵਾਦੀ ਸਾਹਿਤ' ਬਰਾਮਦ ਦਿਖਾਇਆ ਹੈ, ਉਹ ਦਰਅਸਲ 'ਲਾਲ ਮਾਟੀ' ਰਸਾਲਾ ਹੈ ਜਿਸ ਦਾ ਉਹ ਸੰਪਾਦਕ ਹੈ। ਜਦੋਂ ਥੋੜ੍ਹੇ ਸਾਲ ਪਹਿਲਾਂ ਛੱਤੀਸਗੜ੍ਹ ਵਿਚ ਦੋ ਪੱਤਰਕਾਰਾਂ ਸੋਮਾਰੂ ਨਾਗ ਅਤੇ ਸੰਤੋਸ਼ ਯਾਦਵ ਨੂੰ ਮਾਓਵਾਦੀ ਹਮਾਇਤੀ ਦੱਸ ਕੇ ਗ੍ਰਿਫਤਾਰ ਕੀਤਾ ਗਿਆ ਸੀ, ਉਦੋਂ ਸੰਬੰਧਤ ਅਖਬਾਰ ਅਤੇ ਟੀਵੀ ਚੈਨਲ ਉਨ੍ਹਾਂ ਨੂੰ ਆਪਣੇ ਪੱਤਰਕਾਰ ਮੰਨਣ ਤੋਂ ਹੀ ਮੁੱਕਰ ਗਏ ਸਨ।

ਦਰਅਸਲ, ਇਹ ਅਜਿਹੇ ਹਨ ਜੋ ਆਪਣੀਆਂ ਜਾਨਾਂ ਜੋਖਮ ਵਿਚ ਪਾ ਕੇ ਕਾਰਪੋਰੇਟ ਮਾਫੀਆ, ਹੁਕਮਰਾਨਾਂ ਅਤੇ ਰਾਜ ਮਸ਼ੀਨਰੀ ਦੇ ਲੋਕ ਦੁਸ਼ਮਣ ਗੱਠਜੋੜ ਦੀ ਅਸਲੀਅਤ ਸਾਹਮਣੇ ਲਿਆਉਂਦੇ ਹਨ ਅਤੇ ਦੱਬੇਕੁਚਲੇ ਅਵਾਮ ਦੇ ਅਸਲ ਮੁੱਦਿਆਂ ਉਪਰ ਬੇਖੌਫ ਹੋ ਕੇ ਜ਼ਮੀਨੀ ਰਿਪੋਰਟਿੰਗ ਕਰ ਰਹੇ ਹਨ। ਇਨ੍ਹਾਂ ਨੂੰ ਨਾ ਤਾਂ ਮਹਾਂਨਗਰਾਂ ਵਿਚ ਬੈਠੇ ਮੋਟੀਆਂ ਤਨਖਾਹਾਂ ਲੈਣ ਵਾਲੇ ਵੱਡੇ ਪੱਤਰਕਾਰਾਂ ਵਾਂਗ ਮਾਨਤਾ ਮਿਲਦੀ ਹੈ ਅਤੇ ਨਾ ਹੀ ਇਨ੍ਹਾਂ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਮੀਡੀਆ ਸੰਸਥਾਵਾਂ ਇਨ੍ਹਾਂ ਦੇ ਹੱਕ ਵਿਚ ਖੜ੍ਹਦੀਆਂ ਹਨ।

ਸਚਾਈ ਇਹ ਹੈ ਕਿ ਮੀਡੀਆ ਅੰਦਰ ਜਮਾਤੀ ਵੰਡ ਬੜੀ ਸਪਸ਼ਟ ਹੈ। 'ਮੁੱਖਧਾਰਾ' ਮੀਡੀਆ, ਖਾਸ ਕਰਕੇ ਇਲੈਕਟ੍ਰਾਨਿਕ ਮੀਡੀਆ ਉਪਰ ਕਾਰਪੋਰੇਟ ਘਰਾਣਿਆਂ ਦੀ ਅਜਾਰੇਦਾਰੀ ਹੈ। ਪੱਤਰਕਾਰਾਂ ਲਈ ਇਹ ਇਮਤਿਹਾਨ ਦੀ ਘੜੀ ਹੈ। ਪੱਤਰਕਾਰਾਂ ਅੱਗੇ ਅੱਜ ਮੁੱਖ ਚੁਣੌਤੀ ਇਹੀ ਹੈ ਸਰਕਾਰੀ ਪ੍ਰੈੱਸ ਕਾਨਫਰੰਸਾਂ ਦੇ ਪ੍ਰੈੱਸ ਨੋਟ ਛਾਪਣੇ ਹਨ ਜਾਂ ਪੱਤਰਕਾਰੀ ਦਾ ਸੱਚਾ ਫਰਜ਼ ਨਿਭਾਉਂਦੇ ਹੋਏ ਸਮਾਜ ਦੇ ਮੁੱਦਿਆਂ ਅਤੇ ਸਰੋਕਾਰਾਂ ਨੂੰ ਮੁੱਖ ਰੱਖਦੇ ਹੋਏ ਸੱਚੀ ਰਿਪੋਰਟਿੰਗ ਕਰਨੀ ਹੈ। ਕਥਿਤ ਮੁੱਖਧਾਰਾ ਮੀਡੀਆ ਦਾ ਵੱਡਾ ਹਿੱਸਾ ਦਰਬਾਰੀ ਪੱਤਰਕਾਰਾਂ ਦਾ ਹੈ ਜੋ ਸੱਤਾ ਦੀ ਚਾਪਲੂਸੀ ਕਰਕੇ ਆਪਣਾ ਭਵਿਖ ਚਮਕਾਉਣ ਵਿਚ ਜੁਟੇ ਹੋਏ ਹਨ। ਉਨ੍ਹਾਂ ਲਈ ਪ੍ਰੈੱਸ/ਮੀਡੀਆ ਦੀ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ, ਉਹ ਨਿਰੋਲ ਸੱਤਾ ਅਤੇ ਕਾਰਪੋਰੇਟ ਸਮੂਹਾਂ ਦੇ ਦਲਾਲ ਹਨ। ਪੁਲਿਸ ਅਤੇ ਹੋਰ ਸਰਕਾਰੀ ਤੰਤਰ ਵਲੋਂ ਬੇਬਾਕ ਪੱਤਰਕਾਰ ਜਾਂ ਲੇਖਕ ਨੂੰ ਅਲੱਗ-ਥਲੱਗ ਕਰਨ ਲਈ ਉਸ ਉਪਰ ਮਾਓਵਾਦੀ ਹਮਾਇਤੀ ਹੋਣ ਦਾ ਠੱਪਾ ਲਗਾਉਣਾ ਸੋਚੀ-ਸਮਝੀ ਸਕੀਮ ਹੁੰਦੀ ਹੈ ਲੇਕਿਨ ਦਰਬਾਰੀ ਖਸਲਤ ਵਾਲਿਆਂ ਨੂੰ ਇਨ੍ਹਾਂ ਤੋਂ ਵਿੱਥ ਬਣਾ ਲੈਣ ਲਈ ਬਹਾਨਾ ਮਿਲ ਜਾਂਦਾ ਹੈ।

ਹੁਣ ਤਾਂ ਹਾਲਤ ਇਹ ਬਣ ਚੁੱਕੀ ਹੈ ਕਿ ਪ੍ਰੈੱਸ ਕਲੱਬ ਆਫ ਇੰਡੀਆ ਦੇ ਕੁਝ ਅਹੁਦੇਦਾਰਾਂ ਨੇ ਅਦਿਤਿਆਨਾਥ ਬਾਬਤ ਸਮੱਗਰੀ ਨੂੰ 'ਪੱਤਰਕਾਰੀ ਦੀ ਆੜ ਵਿਚ ਕਿਰਦਾਰਕੁਸ਼ੀ ਅਤੇ ਬਲੈਕਮੇਲਿੰਗ ਕਰਨ 'ਤੇ ਉਤਾਰੂ ਏਜੰਡੇ ਵਾਲੇ ਪੱਤਰਕਾਰ' ਕਰਾਰ ਦੇ ਕੇ ਨਾ ਸਿਰਫ ਇਸ ਦੀ ਖੁੱਲ੍ਹੇਆਮ ਨਿਖੇਧੀ ਕੀਤੀ ਹੈ ਸਗੋਂ ਮੀਡੀਆ ਸੰਸਥਾਵਾਂ ਵਲੋਂ ਲਏ ਸਟੈਂਡ ਅਤੇ ਰੋਸ ਮੁਜ਼ਾਹਰੇ ਦਾ ਵਿਰੋਧ ਕਰਦਿਆਂ ਹੋਰ ਪੱਤਰਕਾਰਾਂ ਨੂੰ ਐਸੇ ਪੱਤਰਕਾਰਾਂ ਨਾਲ ਕੋਈ ਹਮਦਰਦੀ ਨਾ ਰੱਖਣ ਅਤੇ ਉਨ੍ਹਾਂ ਦਾ ਪਰਦਾਫਾਸ਼ ਕਰਨ ਦੀਆਂ ਅਪੀਲਾਂ ਤਕ ਕੀਤੀਆਂ ਗਈਆਂ ਹਨ!

ਰੂਪੇਸ਼ ਕੁਮਾਰ ਸਿੰਘ ਦੇ ਹੱਕ ਵਿਚ ਵੀ ਜਮਹੂਰੀ ਲੋਕ-ਪੱਖੀ ਤਾਕਤਾਂ ਅਤੇ ਕੁਝ ਘੱਟ ਚਰਚਿਤ ਪੱਤਰਕਾਰਾਂ ਨੇ ਹੀ ਡਟ ਕੇ ਸਟੈਂਡ ਲਿਆ ਹੈ। ਦਰਬਾਰੀ ਮੀਡੀਆ ਆਪਣੇ ਜਮਾਤੀ ਖਾਸੇ ਅਨੁਸਾਰ ਪੂਰੀ ਤਰ੍ਹਾਂ ਖਾਮੋਸ਼ ਹੈ। ਲੋਕ-ਪੱਖੀ ਤਾਕਤਾਂ ਨੂੰ ਰੂਪੇਸ਼ ਕੁਮਾਰ ਸਿੰਘ ਵਰਗੀਆਂ ਕਲਮਾਂ ਦੀ ਰਾਖੀ ਲਈ ਅਤੇ ਕੇਸ ਦਰਜ ਹੋਣ ਦੀ ਸੂਰਤ ਵਿਚ ਉਨ੍ਹਾਂ ਦੇ ਮਾਮਲਿਆਂ ਦੀ ਕਾਨੂੰਨੀ ਪੈਰਵਾਈ ਵੱਲ ਵਿਸ਼ੇਸ਼ ਧਿਆਨ ਦੇ ਕੇ ਕੰਮ ਕਰਨਾ ਚਾਹੀਦਾ ਹੈ।

ਰੂਪੇਸ਼ ਕੁਮਾਰ ਸਿੰਘ ਨੂੰ ਗ੍ਰਿਫਤਾਰ ਕਰਕੇ ਅਧਿਕਾਰੀਆਂ ਵਲੋਂ ਜੋ ਨਸੀਹਤਾਂ ਦਿੱਤੀਆਂ ਗਈਆਂ, ਉਨ੍ਹਾਂ ਤੋਂ ਗ੍ਰਿਫਤਾਰੀ ਦਾ ਮਨੋਰਥ ਸਾਫ ਪਤਾ ਲਗਦਾ ਹੈ। ਉਸ ਦੀ ਜੀਵਨ ਸਾਥਣ ਇਪਸਾ ਸ਼ਤਾਕਸ਼ੀ ਨੇ ਆਪਣੇ ਪਤੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਸੋਸ਼ਲ ਮੀਡੀਆ ਉਪਰ ਹਾਲਤ ਇਸ ਤਰ੍ਹਾਂ ਬਿਆਨ ਕੀਤੀ ਹੈ: '4 ਜੂਨ ਨੂੰ ਸਵੇਰੇ 8 ਵਜੇ ਰੂਪੇਸ਼ ਆਪਣੇ ਦੋ ਸਾਥੀਆਂ ਮਿਥਲੇਸ਼ ਕੁਮਾਰ ਅਤੇ ਮੁਹੰਮਦ ਕਲਾਮ ਨਾਲ ਘਰੋਂ ਔਰੰਗਾਬਾਦ ਲਈ ਚੱਲੇ। ਦੋ ਘੰਟੇ ਬਾਅਦ ਤਿੰਨਾਂ ਦਾ ਮੋਬਾਈਲ 'ਬੰਦ' ਆਉਣਾ ਸ਼ੁਰੂ ਹੋ ਗਿਆ। ਪਰਿਵਾਰ ਵਾਲਿਆਂ ਨੂੰ ਫਿਕਰ ਪੈ ਗਿਆ। 5 ਜੂਨ ਨੂੰ ਰਾਮਗੜ੍ਹ ਥਾਣੇ ਵਿਚ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਾਈ ਗਈ। ਰਾਮਗੜ੍ਹ ਪੁਲਿਸ ਰੂਪੇਸ਼ ਦਾ ਮੋਬਾਈਲ ਇਹ ਕਹਿ ਕੇ ਲੈ ਗਈ ਕਿ ਜਾਂਚ ਲਈ ਜ਼ਰੂਰਤ ਹੈ ਅਤੇ ਦੋ ਘੰਟੇ ਵਿਚ ਮੋੜ ਦਿੱਤਾ ਜਾਵੇਗਾ। ਉਹ ਮੋਬਾਈਲ ਹੁਣ ਤਕ ਵਾਪਸ ਨਹੀਂ ਕੀਤਾ ਗਿਆ। ਅਗਲੇ ਦਿਨ 6 ਜੂਨ ਨੂੰ ਮਿਥਲੇਸ਼ ਦਾ ਫੋਨ ਆਇਆ ਕਿ ਉਹ ਠੀਕ ਹਨ ਅਤੇ ਘਰ ਆ ਰਹੇ ਹਨ; ਲੇਕਿਨ ਤਿੰਨੇ ਹੀ ਘਰ ਨਹੀਂ ਪਹੁੰਚੇ। ਅਗਲੇ ਦਿਨ 7 ਜੂਨ ਨੂੰ ਅਖਬਾਰ ਵਿਚ ਖਬਰ ਛਪੀ 'ਵਿਸਫੋਟਕ ਸਮੇਤ ਤਿੰਨ ਖਤਰਨਾਕ ਨਕਸਲੀ ਰੂਪੇਸ਼ ਕੁਮਾਰ ਸਿੰਘ, ਮਿਥਲੇਸ਼ ਕੁਮਾਰ ਸਿੰਘ ਅਤੇ ਮੁਹੰਮਦ ਕਲਾਮ ਸ਼ੇਰਘਾਟੀ-ਡੋਭੀ ਪੁਲਿਸ ਦੁਆਰਾ ਗ੍ਰਿਫਤਾਰ ਕਰ ਲਏ ਗਏ।'

ਦਰਅਸਲ, ਰੂਪੇਸ਼ ਦੀ ਗ੍ਰਿਫਤਾਰੀ 4 ਜੂਨ ਨੂੰ ਸਵੇਰੇ ਸਾਢੇ ਨੌਂ ਵਜੇ ਹੋ ਗਈ ਸੀ, ਨਾ ਕਿ 6 ਜੂਨ ਨੂੰ ਹੋਈ ਜਿਵੇਂ ਪੁਲਿਸ ਕਹਿ ਰਹੀ ਹੈ। ਹਜ਼ਾਰੀਬਾਗ ਤੋਂ ਥੋੜ੍ਹਾ ਅੱਗੇ ਜਦੋਂ ਉਨ੍ਹਾਂ ਨੇ ਜੰਗਲ-ਪਾਣੀ ਜਾਣ ਲਈ ਗੱਡੀ ਰੋਕੀ ਤਾਂ ਉਨ੍ਹਾਂ ਨੂੰ ਆਈ.ਬੀ. ਵਾਲਿਆਂ ਨੇ ਪਿੱਛੋਂ ਹਮਲਾ ਕਰਕੇ ਦਬੋਚ ਲਿਆ। ਵਾਲਾਂ ਤੋਂ ਫੜ ਕੇ ਅੱਖਾਂ ਉਪਰ ਕੱਪੜਾ ਬੰਨ੍ਹ ਦਿੱਤਾ ਗਿਆ ਅਤੇ ਹੱਥਾਂ ਨੂੰ ਪਿੱਠ ਪਿੱਛੇ ਕਰਕੇ ਹੱਥਕੜੀ ਲਗਾ ਦਿੱਤੀ ਗਈ। ਵਿਰੋਧ ਕਰਨ 'ਤੇ ਹੱਥਕੜੀ ਖੋਲ੍ਹ ਦਿੱਤੀ ਅਤੇ ਅੱਖਾਂ ਤੋਂ ਪੱਟੀ ਵੀ ਹਟਾ ਦਿੱਤੀ। ਫਿਰ ਉਨ੍ਹਾਂ ਨੂੰ ਬਾਰਾਚੱਟੀ ਦੇ ਕੋਬਰਾ ਬਟਾਲੀਅਨ (ਸੀ.ਆਰ.ਪੀ.ਐਫ਼) ਕੈਂਪ ਵਿਚ ਲਿਜਾਇਆ ਗਿਆ। ਰੂਪੇਸ਼ ਨੂੰ ਬਿਲਕੁਲ ਸੌਣ ਨਹੀਂ ਦਿੱਤਾ ਗਿਆ ਅਤੇ ਪੂਰੀ ਰਾਤ ਮਾਨਸਿਕ ਤਸ਼ੱਦਦ ਕੀਤਾ ਗਿਆ। ਉਸ ਨੂੰ ਧਮਕਾਇਆ ਗਿਆ ਕਿ ਪ੍ਰਬੰਧ ਜਾਂ ਸਰਕਾਰ ਦੇ ਖਿਲਾਫ ਲਿਖਣਾ ਬੰਦ ਕਰੇ। ਉਸ ਨੂੰ ਕਿਹਾ ਗਿਆ ਪੜ੍ਹਿਆ-ਲਿਖਿਆ ਏਂ, ਮੌਜ ਨਾਲ ਕਮਾ ਤੇ ਖਾ। ਆਦਿਵਾਸੀਆਂ ਲਈ ਐਨਾ ਪ੍ਰੇਸ਼ਾਨ ਕਿਉਂ ਰਹਿੰਦਾ ਏਂ; ਕਦੇ ਕਵਿਤਾ, ਕਦੇ ਲੇਖ ਲਿਖਦਾ ਏਂ। ਇਸ ਨਾਲ ਆਦਿਵਾਸੀਆਂ ਦਾ ਮਨੋਬਲ ਵਧਦਾ ਹੈ। ਕੀ ਮਿਲੇਗਾ ਇਸ ਨਾਲ। ਜੰਗਲ, ਜ਼ਮੀਨ ਬਾਰੇ ਬਹੁਤ ਫਿਕਰਮੰਦ ਰਹਿੰਦਾ ਏਂ, ਇਸ ਤੋਂ ਕੁਝ ਵੀ ਨਹੀਂ ਮਿਲਣਾ। ਵਿਆਹਿਆ ਹੋਇਆ ਏਂ, ਪਰਿਵਾਰ ਬਾਰੇ ਸੋਚ। ਸਰਕਾਰ ਨੇ ਕਿੰਨੀਆਂ ਵਧੀਆ ਵਧੀਆ ਯੋਜਨਾਵਾਂ ਲਿਆਂਦੀਆਂ ਹਨ, ਉਨ੍ਹਾਂ ਬਾਰੇ ਲਿਖ। ਤੇਰੇ ਨਾਲ ਕੋਈ ਦੁਸ਼ਮਣੀ ਨਹੀਂ ਹੈ, ਛੱਡ ਦਿਆਂਗੇ। 5 ਜੂਨ ਨੂੰ ਮਿਥਲੇਸ਼ ਕੁਮਾਰ ਤੋਂ ਦੁਪਹਿਰ ਇਕ ਵਜੇ ਕਾਲ ਵੀ ਕਰਵਾਈ ਗਈ ਕਿ ਤਿੰਨੇ ਸੁਰੱਖਿਅਤ ਹਨ। ਘਰ ਆ ਰਹੇ ਹਨ।ਸ਼ 5 ਜੂਨ ਨੂੰ ਰੂਪੇਸ਼ ਨੂੰ ਚਾਰ ਘੰਟੇ ਸੌਣ ਦੀ ਇਜਾਜ਼ਤ ਦਿੱਤੀ ਗਈ। ਫਿਰ 5 ਜੂਨ ਦੀ ਸ਼ਾਮ ਨੂੰ ਕੋਬਰਾ ਬਟਾਲੀਅਨ ਦੇ ਕੈਂਪ ਵਿਚ ਇਨ੍ਹਾਂ ਦੇ ਸਾਹਮਣੇ ਹੀ ਇਨ੍ਹਾਂ ਦੀ ਗੱਡੀ ਵਿਚ ਵਿਸਫੋਟਕ (ਜਿਲੇਟਿਨ ਸਟਿੱਕ ਅਤੇ ਡੈਟੋਨੇਟਰ) ਰੱਖਿਆ ਗਿਆ। ਵਿਰੋਧ ਕਰਨ 'ਤੇ ਸ਼ੇਰਘਾਟੀ ਦੇ ਪੁਲਿਸ ਮੁਖੀ ਰਵੀਸ਼ ਕੁਮਾਰ ਨੇ ਕਿਹਾ ਕਿ 'ਅਰੇ ਫੜੇ ਹੋ ਤਾਂ ਐਵੇਂ ਕਿਵੇਂ ਛੱਡ ਦਿਆਂਗੇ। ਆਪਣੇ ਵਲੋਂ ਕੇਸ ਪੂਰੀ ਮਜ਼ਬੂਤੀ ਨਾਲ ਪੇਸ਼ ਕਰਾਂਗੇ ਰੂਪੇਸ਼ ਜੀ।' ਫਿਰ ਇਸੇ ਵਿਸਫੋਟਕ ਸਮੱਗਰੀ ਨੂੰ ਦਿਖਾ ਕੇ ਡੋਭੀ ਥਾਣੇ ਵਿਚ ਪ੍ਰੈੱਸ ਕਾਨਫਰੰਸ ਕੀਤੀ ਗਈ।

ਇਨ੍ਹਾਂ ਨੂੰ ਇਹ ਕਹਿ ਕੇ ਡੋਭੀ ਥਾਣੇ ਦੇ ਹਵਾਲੇ ਕਰ ਦਿੱਤਾ ਗਿਆ ਕਿ ਇਹ ਇਸ ਤਰ੍ਹਾਂ ਗੱਲ ਸੁਣਨ ਵਾਲੇ ਨਹੀਂ, ਇਨ੍ਹਾਂ ਨੂੰ ਅੰਦਰ ਕਰੋ। 6 ਜੂਨ ਸ਼ਾਮ ਨੂੰ ਇਨ੍ਹਾਂ ਨੂੰ ਡੋਭੀ ਥਾਣੇ ਤੋਂ ਸ਼ੇਰਘਾਟੀ ਜੇਲ੍ਹ ਭੇਜ ਦਿੱਤਾ ਗਿਆ।

ਪੁਲਿਸ 7 ਜੂਨ ਨੂੰ ਉਨ੍ਹਾਂ ਦੇ ਘਰੋਂ ਮਾਰਕਸ, ਲੈਨਿਨ ਦੀਆਂ ਲਿਖਤਾਂ ਅਤੇ ਹੋਰ ਕਿਤਾਬਾਂ ਚੁੱਕ ਕੇ ਲੈ ਗਈ। ਉਨ੍ਹਾਂ ਦਾ ਲੈਪਟਾਪ ਅਤੇ ਮੋਬਾਈਲ ਪੁਲਿਸ ਦੇ ਕਬਜ਼ੇ ਵਿਚ ਹੈ ਜਿਸ ਨਾਲ ਉਹ ਕੋਈ ਵੀ ਛੇੜਛਾੜ ਕਰਕੇ ਮਨਮਰਜ਼ੀ ਦਾ ਕੇਸ ਬਣਾ ਸਕਦੇ ਹਨ। ਇਸ ਦੇ ਨਾਲ ਹੀ ਪੁਲਿਸ 7 ਜੂਨ ਨੂੰ ਸਵੇਰੇ ਹੀ ਇਹ ਕਹਿ ਕੇ ਉਸ ਦੇ ਵੱਡੇ ਭਰਾ ਕੁਮਾਰ ਅੰਸ਼ੂ ਅਤੇ ਉਨ੍ਹਾਂ ਦੇ ਸਹੁਰੇ ਵਿਸ਼ਦ ਕੁਮਾਰ ਨੂੰ ਆਪਣੇ ਨਾਲ ਲੈ ਗਈ ਕਿ ਆਪਣਾ ਬੋਕਾਰੋ ਵਾਲਾ ਘਰ ਦਿਖਾਉਣ ਲਈ ਸਾਡੇ ਨਾਲ ਚੱਲੋ, ਉਥੋਂ ਛੱਡ ਦਿਆਂਗੇ। ਕੁਝ ਘੰਟੇ ਬਾਅਦ ਹੀ ਉਸ ਦੇ ਭਰਾ ਦਾ ਮੋਬਾਈਲ 'ਬੰਦ' ਆਉਣਾ ਸ਼ੁਰੂ ਹੋ ਗਿਆ ਅਤੇ ਸਹੁਰੇ ਦੀ ਕਾਲ ਰਿਸੀਵਿੰਗ ਵੀ ਬੰਦ ਹੋ ਗਈ।

ਇਸ ਸਮੁੱਚੇ ਘਟਨਾਕ੍ਰਮ ਬਾਰੇ ਪੱਤਰਕਾਰ ਉਤਮ ਕੁਮਾਰ ਲਿਖਦੇ ਹਨ: 'ਸਪਸ਼ਟ ਹੈ ਕਿ ਭਾਰਤ ਦੋ ਭਾਗਾਂ ਵਿਚ ਵੰਡਿਆ ਜਾ ਚੁੱਕਾ ਹੈ। ਇਕ ਇਥੋਂ ਦੇ ਹੁਕਮਰਾਨ, ਜਾਤੀਵਾਦੀ ਪੂੰਜੀਪਤੀ, ਜਾਤਵਾਦੀ, ਬ੍ਰਾਹਮਣਵਾਦੀ ਤੇ ਵਿਦੇਸ਼ੀ ਹੁਕਮਰਾਨ, ਉਨ੍ਹਾਂ ਦੀ ਸੁਰੱਖਿਆ ਵਿਚ ਇਥੋਂ ਦੀ ਪੁਲਿਸ ਅਤੇ ਸੁਰੱਖਿਆ ਬਲ ਹਨ। ਦੂਸਰੇ ਪਾਸੇ ਹਾਸ਼ੀਏ ਉਪਰਲੇ ਲੋਕ ਦਲਿਤ, ਆਦਿਵਾਸੀ ਅਤੇ ਘੱਟ ਗਿਣਤੀਆਂ ਜੋ ਮੁਲਕ ਦੇ ਜਲ, ਜੰਗਲ ਅਤੇ ਜ਼ਮੀਨ ਨੂੰ ਬਚਾਉਣ ਦੀ ਲੜਾਈ ਵਿਚ ਅਗਵਾਈ ਕਰ ਰਹੇ ਹਨ ਜੋ ਉਨ੍ਹਾਂ ਦੇ ਹਿਤ ਵਿਚ ਆਵਾਜ਼ ਉਠਾਏਗਾ ਜਾਂ ਪੱਤਰਕਾਰੀ ਕਰੇਗਾ, ਉਸ ਨੂੰ ਜਾਂ ਤਾਂ ਮੁਕਾਬਲੇ ਵਿਚ ਮਾਰ ਦਿੱਤਾ ਜਾਵੇਗਾ ਜਾਂ ਫਿਰ ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕ ਦਿੱਤਾ ਜਾਵੇਗਾ।

ਇਸ ਯੁੱਧ ਖੇਤਰ ਵਿਚ ਡੂੰਘੇ ਵੰਡੇ ਭਾਰਤ ਨੂੰ ਅਸੀਂ ਇਸ ਤਰ੍ਹਾਂ ਡੂੰਘੀ ਹੁੰਦੀ ਖਾਈ ਅਤੇ ਚੌੜੀ ਹੁੰਦੀ ਜਾ ਰਹੀ ਦਰਾੜ ਦੇ ਰੂਪ ਵਿਚ ਦੇਖ ਸਕਦੇ ਹਾਂ। ਹੱਕ, ਬਰਾਬਰੀ, ਸੁਤੰਤਰਤਾ, ਭਾਈਚਾਰਾ ਅਤੇ ਨਿਆਂਪ੍ਰੇਮੀ ਲੋਕਾਂ ਦੇ ਖਿਲਾਫ ਸੱਤਾ ਦੁਆਰਾ ਲਗਾਤਾਰ ਹਮਲੇ ਤਿੱਖੇ ਹੁੰਦੇ ਜਾ ਰਹੇ ਹਨ। ਲੋਕ ਆਪਣੀ ਆਜ਼ਾਦੀ ਅਤੇ ਹੱਕ ਦੇ ਲਈ ਤੇਜ਼ੀ ਨਾਲ ਉਠ ਰਹੇ ਹਨ। ਆਉਣ ਵਾਲਾ ਵਕਤ ਘੁੱਪ ਹਨੇਰਾ ਜ਼ਰੂਰ ਹੋਵੇਗਾ, ਲੇਕਿਨ ਬਰਾਬਰੀ ਦਾ ਚਾਨਣ ਕਾਲੀਆਂ ਹਨੇਰੀਆਂ ਪਰਤਾਂ ਨੂੰ ਚੀਰ ਦੇਵੇਗਾ।

**ਬੂਟਾ ਸਿੰਘ ਫੋਨ: +91-94634-74342**

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA





# ਰਫਰੈਂਡਮ 2020
## ਕਿੱਥੇ ਖੜ੍ਹੀ ਹੈ ਸਿੱਖ ਕੌਮ ?

ਅਰਦਾਸ ਵਿੱਚ ਇੱਕ ਸ਼ਬਦ ਧਿਆਨ ਵਾਰ ਵਾਰ ਆਉਂਦਾ ਹੈ। ਇਸ ਸ਼ਬਦ ਦੇ ਖਾਸਮਖਾਸ, ਵਿਸ਼ੇਸ਼, ਮਹੱਤਵਪੂਰਨ, ਅਸਧਾਰਨ, ਡੂੰਘੇ ਅਤੇ ਅਸਚਰਜੋ- ਅਸਚਰਜ ਅਰਥ ਹਨ, ਖਾਸ ਇਸ਼ਾਰੇ ਹਨ ਜਿਸ ਬਾਰੇ ਇਸ ਸਮੇਂ ਕੌਮ ਨੂੰ ਧਿਆਨ ਦੇਣ ਦੀ ਲੋੜ ਹੈ।

ਜਦੋਂ ਇੱਕ ਕੌਮ ਦੇ ਇਤਿਹਾਸਕ ਪ੍ਰਬੰਧ ਵਿੱਚ ਰੂਹਾਨੀ ਕੀਮਤਾਂ ਦਾ ਸਿਲਸਿਲਾ ਟੁੱਟਣ ਲੱਗਦਾ ਹੈ, ਜਦੋਂ ਉਸ ਕੌਮ ਦੀ ਸਾਂਝੀ ਚੇਤਨਾ ਵਿੱਚ ਵਸੀ ਗੁਰੂ -ਯਾਦ ਦੀ ਤਾਜ਼ਗੀ ਪਹਿਲਾਂ ਵਾਲੀ ਨਹੀਂ ਰਹਿੰਦੀ ਜਾਂ ਇਹ ਧੁੰਦਲੀ ਪੈਣ ਲੱਗਦੀ ਹੈ ਤਾਂ ਉਸ ਸਮੇਂ ਕੌਮ ਨੂੰ ਆਪਣੇ ਅੰਦਰੋਂ - ਬਾਹਰੋਂ ਕੁਝ ਸਵਾਲ ਤਾਂ ਕਰਨੇ ਹੀ ਚਾਹੀਦੇ ਹਨ।

ਅੱਜ ਸਾਨੂੰ ਆਪਣੀ ਜ਼ਮੀਰ ਦੇ ਸਨਮੁਖ ਹੋਣ ਦੀ ਲੋੜ ਹੈ। ਆਖਰਕਾਰ ਸਰਦਾਰ ਗੁਰਪਤਵੰਤ ਸਿੰਘ ਪੰਨੂੰ ਕੀ ਕਰ ਰਹੇ ਹਨ ?ਕੀ ਉਹ ਕੋਈ ਜੱਗੋਂ ਬਾਹਰੀ ਗੱਲ ਕਰ ਰਹੇ ਹਨ ?

ਨਹੀਂ, ਉਹ ਉਸੇ ਖਾਲਿਸਤਾਨ ਦੀ ਗੱਲ ਕਰ ਰਹੇ ਹਨ ਜੋ ਕੁਝ ਦਿਨ ਪਹਿਲਾਂ ਸਿੱਖ ਪੰਥ ਦੀ ਸਰਵਉੱਚ ਸੰਸਥਾ ਅਕਾਲ ਤਖਤ ਸਾਹਿਬ ਤੋਂ ਜਥੇਦਾਰ ਹਰਪ੍ਰੀਤ ਸਿੰਘ ਨੇ ਕੀਤੀ ਸੀ।

ਫਿਰ ਖਾਲਸਾ ਪੰਥ ਦੀ ਲੀਡਰਸ਼ਿਪ ਅੱਜ ਚੁੱਪ ਕਿਉਂ ਹੈ ? ਸਿੱਖ ਵਿਦਵਾਨ ਖਾਮੋਸ਼ ਕਿਉਂ ਹਨ ? ਸੰਤਾਂ ਮਹਾਂਪੁਰਸ਼ਾਂ ਦੀ ਪਵਿੱਤਰ ਮਜਲਸ ਵਿੱਚ ਕਿਸ ਗੱਲ ਦਾ ਭੈਅ ਹੈ ?ਕੀ ਸਾਡੇ ਕੋਲ2020 ਰਿਫਰੈਂਡਮ ਦਾ ਵਿਰੋਧ ਕਰਨ ਲਈ ਕੋਈ ਬੌਧਿਕ, ਕੋਈ ਕਾਨੂੰਨੀ, ਕੋਈ ਠੋਸ ਇਤਿਹਾਸਕ ਤਰਕ ਹਨ ?

ਵੈਸੇ ਚਾਰ ਜੂਨ ਵਾਲੇ ਦਿਨ ਜਦੋਂ ਰਿਫਰੈਂਡਮ ਵੀਹ ਸੌ ਵੀਹ ਦੀ ਮੁਹਿੰਮ ਦਾ ਉਦਘਾਟਨ ਹੋਇਆ, ਮਹੱਤਵਪੂਰਨ ਵੀ ਹੈ ਅਤੇ ਇਤਿਹਾਸ ਦੀਆਂ ਯਾਦਾਂ ਆਪਣੇ ਬੁੱਕਲ ਵਿੱਚ ਸਮੋਈ ਬੈਠੀ ਹੈ, ਜਿਸ ਵਿੱਚ ਇੱਕੋ ਸਮੇਂ ਦਰਦ ਵੀ ਹੈ ਤੇ ਖ਼ੁਸ਼ੀ ਵੀ।

ਕੱਲ੍ਹ ਚਾਰ ਜੂਨ ਨੂੰ ਪਹਿਰੇਦਾਰ ਅਖਬਾਰ ਦੇ ਸੰਪਾਦਕ ਸਰਦਾਰ ਜਸਪਾਲ ਸਿੰਘ ਹੇਰਾਂ ਨੇ ਬਿਮਾਰੀ ਦੇ ਬਿਸਤਰੇ ਤੋਂ ਇੱਕ ਵਿਸ਼ੇਸ਼ ਸੰਪਾਦਕੀ ਵਿੱਚ ਯਾਦ ਕਰਵਾਇਆ ਸੀ ਕਿ ਚਾਰ ਜੂਨ 1965ਵਾਲੇ ਦਿਨ ਲੁਧਿਆਣਾ ਵਿੱਚ ਸਿੱਖ ਜਰਨੈਲ ਹਰੀ ਸਿੰਘ ਨਲੂਆ ਦੇ ਨਾਂਅ ਤੇ ਬਣਾਏ ਗਏ ਪੰਡਾਲ ਵਿੱਚ ਸਿੱਖ ਹੋਮਲੈਂਡ ਦੀ ਪ੍ਰਾਪਤੀ ਲਈ ਇੱਕ ਮਤਾ ਜੈਕਾਰਿਆਂ ਦੀ ਗੂੰਜ ਵਿੱਚ ਪਾਸ ਕੀਤਾ ਗਿਆ ਸੀ। ਦਰਦ ਭਿੱਜੀ ਦਾਸਤਾਨ ਇਹ ਹੈ ਕਿ ਇਸੇ ਦਿਨ ਚਾਰ ਜੁਲਾਈ ਉੱਨੀ ਸੌ ਪਚਵੰਜਾ ਨੂੰ ਪੁਲਿਸ ਅਸ਼ਵਨੀ ਕੁਮਾਰ ਦੀ ਅਗਵਾਈ ਵਿੱਚ ਦਰਬਾਰ ਸਾਹਿਬ ਵਿੱਚ ਜੁੱਤੀਆਂ ਸਮੇਤ ਦਾਖ਼ਲ ਹੋਈ ਸੀ, ਗੋਲੀਆਂ ਚੱਲੀਆਂ ਸਨ, ਅਕਾਲ ਤਖਤ ਸਾਹਿਬ ਅਤੇ ਪਰਿਕਰਮਾ ਵਿੱਚ ਅੱਥਰੂ ਗੈਸ ਸੁੱਟ ਕੇ ਬੇਅਦਬੀ ਕੀਤੀ ਗਈ ਸੀ ਅਤੇ ਸੈਂਕੜੇ ਅਕਾਲੀਆਂ ਨੂੰ ਜੋ ਪੰਜਾਬੀ ਸੂਬੇ ਲਈ ਸੰਘਰਸ਼ ਕਰ ਰਹੇ ਸਨ ਗ੍ਰਿਫਤਾਰ ਕੀਤਾ ਗਿਆ ਸੀ।ਇਹ ਵੀ ਦਰਦ ਭਿੱਜੀ ਕਹਾਣੀ ਹੈ ਕਿ ਅੱਜ ਦੇ ਅਕਾਲੀ ਇਸ ਮਹਾਨ ਦਿਨ ਨੂੰ ਭੁੱਲ ਚੁੱਕੇ ਹਨ। ਕਿਸ ਨੂੰ ਦੋਸ਼ ਦੇਈਏ ? ਛੋਟਾ ਵੱਡਾ ਬਾਦਲ ਭੁੱਲ ਗਏ ਹਨ ਅਤੇ ਉਨ੍ਹਾਂ ਦੀ ਇਹ ਦਿਲੀ ਤਮੰਨਾ ਵੀ ਹੈ ਕਿ ਕੌਮ ਵੀ ਭੁੱਲ ਜਾਵੇ ।

ਤਾਂ ਫਿਰ ਰਿਫਰੈਂਡਮ ਵੀਹ ਸੌ ਵੀਹ ਦੀ ਗੱਲ ਕਰਨੀ ਕੋਈ ਪਾਪ ਹੈ ? ਕੋਈ ਗੁਨਾਹ ਹੈ ?ਕੋਈ ਬੁਰਾਈ ਹੈ ? ਕੋਈ ਜੁਰਮ ਹੈ ? ਕੋਈ ਮਨਹੂਸ ਗੱਲ ਕੀਤੀ ਗਈ ਹੈ ? ਇਸ ਦੇਸ਼ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਦਾ ਫੈਸਲਾ ਹੈ ਕਿ ਪੁਰਅਮਨ ਰਹਿ ਕੇ ਖਾਲਿਸਤਾਨ ਦੀ ਗੱਲ ਕਰਨੀ ਕੋਈ ਜੁਰਮ ਨਹੀਂ ਹੈ।

ਕੀ ਹੈ ਰਿਫਰੈਂਡਮ 2020 ? ਆਜ਼ਾਦੀ ਦੇ ਸੰਘਰਸ਼ ਵਿੱਚ ਇਹ ਇੱਕ ਉਹ ਇਤਿਹਾਸਕ ਕੜੀ ਹੈ ਜਿਸ ਦੇ ਪਿਛੋਕੜ ਵਿਚ ਜਾ ਕੇ ਅਸੀਂ ਆਪਣੀ ਕੌਮ ਨੂੰ ਕੁਝ ਗੱਲਾਂ ਅਜ ਯਾਦ ਕਰਵਾਉਣਾ ਚਾਹੁੰਦੇ ਹਾਂ। ਆਪਣੇ ਲੀਡਰਾਂ ਬਾਰੇ ਵੀ ਦਸਣਾ ਚਾਹੁੰਦੇ ਹਾਂ ਜਿਨ੍ਹਾਂ ਵਿੱਚੋਂ ਦੋ ਅਜੇ ਜਿਉਂਦੇ ਜਾਗਦੇ ਹਨ ਜਿਨ੍ਹਾਂ ਨੇ ਆਜ਼ਾਦੀ ਦੀ ਮੰਗ ਲਈ ਦਸਤਾਵੇਜ਼ਾਂ ਉੱਤੇ ਬਾਕਾਇਦਾ ਦਸਤਖ਼ਤ ਕੀਤੇ ਹਨ। ਇਨ੍ਹਾਂ ਵਿੱਚੋਂ ਇੱਕ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਨ ਅਤੇ ਦੂਜੇ ਹਨ ਕੈਪਟਨ ਅਮਰਿੰਦਰ ਸਿੰਘ ਜੋ ਅੱਜ ਕੱਲ੍ਹ ਆਰਾਮ ਨਾਲ ਹੀ, ਮੌਜ ਨਾਲ ਹੀ ਕਹਿ ਰਹੇ ਹਨ ਕਿ ਖਾਲਿਸਤਾਨ ਕਿਸੇ ਦੀ ਵੀ ਮੰਗ ਨਹੀਂ ।

ਅਸੀਂ ਚੇਤੇ ਕਰਾਉਣਾ ਚਾਹੁੰਦੇ ਹਾਂ ਕਿ ਅਕਾਲ ਤਖ਼ਤ ਸਾਹਿਬ ਉੱਤੇ ਪਾਸ ਹੋਏ ਅੰਮ੍ਰਿਤਸਰ ਐਲਾਨਨਾਮੇ ਉੱਤੇ ਅਮਰਿੰਦਰ ਸਿੰਘ ਨੇ ਦਸਤਖਤ ਕੀਤੇ ਹਨ- ਇੱਕ ਅਜਿਹਾ ਐਲਾਨਨਾਮਾ ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਜੇ ਭਾਰਤੀ ਸਟੇਟ ਆਜ਼ਾਦੀ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਨਹੀਂ ਕਰਦੀ ਤਾਂ ਸਿੱਖ ਪ੍ਰਭੂ ਸੰਪੰਨ ਸਿੱਖ ਸਟੇਟ ਦੀ ਮੰਗ ਕਰਨਗੇ। ਵਾਅਦੇ ਤਾਂ ਅਜੇ ਪੂਰੇ ਹੋਏ ਹੀ ਨਹੀਂ ,ਇਹ ਗੱਲ ਕੈਪਟਨ ਸਾਹਿਬ ਇਤਿਹਾਸਕਾਰ ਹੋਣ ਦੇ ਨਾਤੇ ਜਾਣਦੇ ਹੀ ਹਨ।

ਪਰ ਕੀ ਹੁਣ ਕੈਪਟਨ ਸਾਹਿਬ ਦਸਤਖਤਾਂ ਮੁਤਾਬਿਕ ਪ੍ਰਭੂ ਸੰਪੰਨ ਸਿੱਖ ਸਟੇਟ ਦੀ ਜੱਦੋ ਜਹਿਦ ਵਿੱਚ ਸ਼ਾਮਿਲ ਹੋਣਗੇ ?ਉਨ੍ਹਾਂ ਨੂੰ ਕਿਵੇਂ ਤੇ ਕੌਣ ਜਵਾਬਦੇਹ ਬਣਾਏਗਾ ? ਕੈਸੇ ਹਨ ਇਹ ਸਾਡੇ ਲੀਡਰ ?

ਹੁਣ ਉਸ ਬਜ਼ੁਰਗ ਪ੍ਰਕਾਸ਼ ਸਿੰਘ ਬਾਦਲ ਦੀ ਗੱਲ ਕਰਦੇ ਹਾਂ ਜਿਸ ਦੀ ਹਾਲਤ ਇਸ ਸਮੇਂ ਵਾਟਰਲੂ ਲੜਾਈ ਦੀ ਹਾਰ ਤੋਂ ਪਿੱਛੋਂ ਇਨਕਲਾਬ ਦੇ ਪੁੱਤਰ ਨੈਪੋਲੀਅਨ ਵਰਗੀ ਬਣੀ ਹੋਈ ਹੈ ਜੋ ਦੂਰ ਪਰੇ ਸਮੁੰਦਰ ਦੀ ਇੱਕ ਚੱਟਾਨ ਉੱਤੇ ਸੇਂਟ ਹਲੀਨਾ ਦੇ ਟਾਪੂ ਉੱਤੇ ਬਿਪਤਾ ਦੇ ਦਿਨ ਬਤੀਤ ਕਰ ਰਿਹਾ ਸੀ ।ਸਾਡੇ ਇਸ ਬਜ਼ੁਰਗ ਬਾਦਲ ਸਾਹਿਬ ਨੇ ਸਿੱਖ ਪੰਥ ਲਈ ਆਤਮ ਨਿਰਣੇ ਦੀ ਮੰਗ ਕਰਦਿਆਂ ਉਸ ਦਸਤਾਵੇਜ਼ ਉੱਤੇ ਦਸਤਖਤ ਕੀਤੇ ਹਨ ਜੋ ਦਸਤਾਵੇਜ਼ ਮੰਗ ਪੱਤਰ ਦੀ ਸ਼ਕਲ ਵਿੱਚ ਉਸ ਸਮੇਂ ਦੇ ਯੂ ਐਨ ਓ ਦੇ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਪੇਸ਼ ਕੀਤੀ ਗਈ ਸੀ।

ਦੋ ਦੋ ਪੰਥਕ ਸਨਮਾਨ ਹਾਸਲ ਕਰਨ ਵਾਲਾ ਇਹ ਆਗੂ ਉਮਰ ਦੇ ਆਖਰੀ ਵਰ੍ਹਿਆਂ ਵਿੱਚ ਆਪਣੇ ਜੱਦੀ ਪਿੰਡ ਵਿੱਚ ਹਰ ਰਾਤ ਸੌਣ ਵੇਲੇ ਇਸ ਸਵਾਲ ਦੇ ਸਨਮੁੱਖ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਰੋਸ ਪ੍ਰਗਟ ਕਰਨ ਲਈ ਪਾਠ ਕਰਦੀ ਸ਼ਾਂਤਮਈ ਸੰਗਤ ਉੱਤੇ ਗੋਲੀ ਚਲਾਉਣ ਦਾ ਰਾਜ਼ ਖੋਲ੍ਹਾਂ ਕੇ ਨਾ ਖੋਲਾਂ ? ਇਸ ਡਰਾਉਣੇ ਸਵਾਲ ਅੱਗੇ ਇਹ ਬਜ਼ੁਰਗ ਹਰ ਪਲ ਮਰਦਾ ਹੈ, ਹਰ ਪਲ ਜਿਊਂਦਾ ਹੈ ਪਰ ਇਹ ਵੀ ਕੋਈ ਜਿਊਣਾ ਹੈ ? ਹੁਣ ਕੋਈ ਅਕਾਲੀ ਫੂਲਾ ਸਿੰਘ ਵਰਗਾ ਹੀ ਵੱਡੇ ਬਾਦਲ ਸਾਹਿਬ ਨੂੰ ਇਸ ਸਵਾਲ ਦਾ ਜਵਾਬ ਦੇਣ ਲਈ ਕਟਹਿਰੇ ਵਿੱਚ ਖੜ੍ਹਾ ਕਰ ਸਕਦਾ ਹੈ।

ਮੈਂ ਇੱਥੇ ਸਰਦਾਰ ਸਿਮਰਨਜੀਤ ਸਿੰਘ ਮਾਨ ਦਾ ਜ਼ਿਕਰ ਨਹੀਂ ਕਰ ਰਿਹਾ ਕਿਉਂਕਿ ਉਹ ਤਾਂ ਹਰ ਘੜੀ ਖਾਲਸਤਾਨ ਉੱਤੇ ਹੀ ਪਹਿਰਾ ਦੇ ਰਹੇ ਹਨ ਅਤੇ ਇਹੋ ਜਾਪਦਾ ਹੈ ਕਿ ਉਹ ਸਭ ਮੁਸ਼ਕਿਲਾਂ ਦੇ ਬਾਵਜੂਦ ਇਸ ਨਿਸ਼ਾਨੇ ਉੱਤੇ ਆਖਰੀ ਸਮੇਂ ਤੱਕ ਡਟੇ ਰਹਿਣਗੇ ।

ਜਦੋਂ ਮੈਂ ਰਿਫਰੈਂਡਮ 2020 ਦੀ ਗੱਲ ਕਰਦਾ ਹਾਂ ਤਾਂ ਯਾਦ ਆਉਂਦੇ ਹਨ ਨਾਮਧਾਰੀ ਸਿੰਘ ਅਤੇ ਭਾਈ ਮਹਾਰਾਜ ਸਿੰਘ ਜਿਨ੍ਹਾਂ ਨੇ 1849 ਤੋਂ ਪਿੱਛੋਂ ਖਾਲਸਾ ਰਾਜ ਦੀ ਬਹਾਲੀ ਲਈ ਯਤਨ ਕੀਤੇ ਤੇ ਸ਼ਹਾਦਤਾਂ ਦੇ ਜਾਮ ਪੀਤੇ ।

ਅਪਰੈਲ ਉੱਨੀ ਸੌ ਚਾਲੀ ਵਿੱਚ ਡਾਕਟਰ ਵੀਰ ਸਿੰਘ ਭੱਟੀ ਨੇ ਸਿੱਖ ਸਟੇਟ ਦਾ ਇਕ ਮਸੌਦਾ ਤਿਆਰ ਕੀਤਾ ਸੀ ਜਿਸ ਵਿੱਚ ਉਸ ਨੇ ਸਿੱਖ ਸਟੇਟ ਵਿੱਚ ਆਉਣ ਵਾਲੇ ਇਲਾਕਿਆਂ ਦਾ ਜ਼ਿਕਰ ਕੀਤਾ।

20.8.1944-ਆਲ ਪਾਰਟੀ ਸਿੱਖ ਕਾਨਫਰੰਸ ਨੇ ਬਕਾਇਦਾ ਇਕ ਮਤਾ ਪਾਸ ਕੀਤਾ ਕਿ ਸਿੱਖ ਸਟੇਟ ਦੀ ਸਥਾਪਨਾ ਕੀਤੀ ਜਾਵੇ।

2.10.1944

ਗਿਆਨੀ ਸ਼ੇਰ ਸਿੰਘ ਨੇ ਸਿੱਖਾਂ ਨੂੰ ਕਿਹਾ ਕਿ ਉਹ ਸਿੱਖ ਸਟੇਟ ਦੀ ਮੰਗ ਲਈ ਤਿਆਰ ਰਹਿਣ ।

24.11.1944

ਮੁਹੰਮਦ ਅਲੀ ਜਿਨਾਹ ਨੇ ਸਿੱਖ ਆਗੂਆਂ ਦੇ ਇਕ ਵਫਦ ਨੂੰ ਕਿਹਾ ਕਿ ਪਾਕਿਸਤਾਨ ਬਣਨ ਤੋਂ ਦੁਨੀਆ ਦੀ ਕੋਈ ਤਾਕਤ ਹੁਣ ਰੋਕ ਨਹੀਂ ਸਕੇਗੀ। ਇਸ ਲਈ ਸਿੱਖਾਂ ਨੂੰ ਵੀ ਹੁਣ ਸਿੱਖ ਸਟੇਟ ਦੀ ਮੰਗ ਕਰਨੀ ਚਾਹੀਦੀ ਹੈ।

15.7.1945

ਮਾਸਟਰ ਤਾਰਾ ਸਿੰਘ ਨੇ ਮੰਗ ਕੀਤੀ ਕਿ ਇਸਰਾਈਲ ਦੀ ਤਰਜ਼ ਉੱਤੇ ਸਿੱਖ ਸਟੇਟ ਕਾਇਮ ਕੀਤੀ ਜਾਵੇ।

10.3.1946

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਪਾਸ ਕੀਤਾ ਕਿ ਸਿੱਖ ਸਟੇਟ ਕਾਇਮ ਕੀਤੀ ਜਾਵੇ।

21.3.1946

ਅਕਾਲੀ ਦਲ ਨੇ ਇੱਕ ਮਤੇ ਰਾਹੀਂ ਆਜ਼ਾਦ ਸਿੱਖ ਰਾਜ ਦੀ ਮੰਗ ਕੀਤੀ।

25.3.1946

ਨੈਸ਼ਨਲਿਜ਼ਮ ਸਿੱਖ ਕਾਨਫਰੰਸ ਨੇ ਸਿੱਖ ਸਟੇਟ ਦੀ ਮੰਗ ਕੀਤੀ ।

4.4.1946

ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨੂੰ ਪ੍ਰਾਮਿਸ ਕੀਤਾ ਕੇ ਭਾਰਤ ਵਿੱਚ ਸਿੱਖਾਂ ਲਈ ਇੱਕ ਸੈਮੀ ਆਟੋਨੋਮਸ ਯੂਨਿਟ ਕਾਇਮ ਕੀਤਾ ਜਾਵੇਗਾ।

6.7.1946

ਜਵਾਹਰਲਾਲ ਨਹਿਰੂ ਨੇ ਫਿਰ ਵਾਅਦਾ ਕੀਤਾ ਕਿ ਜੇ ਸਿੱਖ ਭਾਰਤ ਨਾਲ ਸ਼ਾਮਲ ਹੋਣਾ ਸਵੀਕਾਰ ਕਰ ਲੈਣ ਤਾਂ ਉਨ੍ਹਾਂ ਨੂੰ ਭਾਰਤ ਵਿੱਚ ਸਪੈਸ਼ਲ ਸਟੇਟਸ ਪ੍ਰਦਾਨ ਕੀਤਾ ਜਾਵੇਗਾ।

3.4.1947

ਪਟੇਲ ਨੇ ਐਲਾਨ ਕੀਤਾ ਕਿ ਆਜ਼ਾਦੀ ਤੋਂ ਪਿੱਛੋਂ ਸਿੱਖਿਸਤਾਨ ਕਾਇਮ ਕਰ ਦਿੱਤਾ ਜਾਵੇਗਾ।

29 ਅਪਰੈਲ 1986 ਨੂੰ ਪੰਥਕ ਕਮੇਟੀ ਨੇ ਦਰਬਾਰ ਸਾਹਿਬ ਪਰਿਕਰਮਾ ਤੋਂ ਪ੍ਰਭੂ ਸੰਪੰਨ ਸਿੱਖ ਸਟੇਟ ਦਾ ਐਲਾਨ ਕੀਤਾ।

(ਇਹ ਅੰਕੜੇ sikh reference 2020 ਵਿਚੋਂ ਲਏ ਗਏ ਹਨ)

ਰਫਰੈਂਡਮ 2020 ਵੀ ਆਜ਼ਾਦੀ ਦੀ ਜੱਦੋ ਜਹਿਦ ਵਿੱਚ ਇੱਕ ਅਜਿਹਾ ਪੜਾਅ ਹੈ ਜਦੋਂ ਕਰੋਨਾ- ਵਰਤਾਰੇ ਵਿੱਚ ਲੋੜਵੰਦਾਂ ਲਈ ਲੰਗਰਾਂ ਦੇ ਪ੍ਰਬੰਧ ਨਾਲ ਸਿੱਖ ਸਾਰੀ ਦੁਨੀਆਂ ਵਿੱਚ ਸਤਿਕਾਰ ਦਾ ਪਾਤਰ ਬਣ ਗਏ ਅਤੇ ਸੱਤਾ ਦੇ ਵਰਾਂਡਿਆਂ ਵਿੱਚ ਸਿੱਖ ਕੌਮ ਦੀਆਂ ਗੱਲਾਂ ਹੋਣ ਲੱਗੀਆਂ। ਹੁਣ ਇਸ ਵੱਡੇ ਸਤਿਕਾਰ ਨੂੰ ਪੁਲੀਟੀਕਲ ideology ਵਿੱਚ ਟਰਾਂਸਫਾਰਮ ਕਰਕੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਜਾਵੇ ਕਿ ਉਹ ਆਜ਼ਾਦੀ ਦੇ ਵਿਸ਼ੇ ਤੇ ਸਿੱਖ ਆਗੂਆਂ ਨੂੰ ਗੱਲਬਾਤ ਦਾ ਸੱਦਾ ਦੇਣ, ਜਿਸ ਵਿੱਚ ਸਰਦਾਰ ਗੁਰਪਤਵੰਤ ਸਿੰਘ ਪੰਨੂ ਨੂੰ ਵੀ ਸ਼ਾਮਿਲ ਕੀਤਾ ਜਾਵੇ।

ਆਖਰਕਾਰ ਇਸ ਧਰਤੀ ਉੱਤੇ ਪੂਰੇ ਦਸ ਸਾਲ ਖਾਲਿਸਤਾਨ ਲਈ ਸੰਘਰਸ਼ ਕੀਤਾ ਗਿਆ ਹੈ। ਉਹ ਨਿਸ਼ਾਨਾ ਅਜੇ ਵੀ ਸਿੱਖਾਂ ਦੇ ਅਵਚੇਤਨ ਅਤੇ ਚੇਤਨ ਵਿੱਚ ਉੱਸਲਵੱਟੇ ਲੈ ਰਿਹਾ ਹੈ। ਕਿਉਂਕਿ ਹਜ਼ਾਰਾਂ ਸਿੱਖ ਇਸ ਨਿਸ਼ਾਨੇ ਲਈ ਸ਼ਹੀਦ ਹੋਏ, ਫਾਂਸੀ ਦੇ ਰੱਸਿਆਂ ਨੂੰ ਚੁੰਮਿਆ, ਘਰ ਘਾਟ ਬਰਬਾਦ ਹੋਏ ,ਲਹਿ ਲਹਾਉਂਦੀਆਂ ਫ਼ਸਲਾਂ ਨੂੰ ਤਬਾਹ ਕਰ ਦਿੱਤਾ ਗਿਆ ਅਤੇ ਅਜੇ ਵੀ ਦਰਜਨਾਂ ਸਿੱਖ ਜੇਲ੍ਹਾਂ ਵਿੱਚ ਨਜ਼ਰਬੰਦ ਹਨ। ਅਤੇ ਹਰ ਦੂਜੇ ਤੀਜੇ ਦਿਨ ਨੌਜਵਾਨਾਂ ਉੱਤੇ ਝੂਠੇ ਕੇਸ ਬਣਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ ।

ਇੱਥੇ ਇਹ ਵੀ ਚੇਤੇ ਕਰਾਇਆ ਜਾਂਦਾ ਹੈ ਕਿ ਜਥੇਦਾਰ ਹਰਪ੍ਰੀਤ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਪੰਜਾਹ ਸਾਲਾਂ ਦੇ ਜਸ਼ਨਾਂ ਮੌਕੇ ਸੁਲਤਾਨਪੁਰ ਲੋਧੀ ਵਿਖੇ ਹੋਏ ਇਕ ਵਿਸ਼ੇਸ਼ ਸਮਾਗਮ ਵਿਚ ਪ੍ਰਭੂ ਸੰਪੰਨ ਸਿੱਖ ਸਟੇਟ ਅਤੇ ਹੋਰ ਮੁੱਦਿਆਂ ਉੱਤੇ ਦੁਨੀਆਂ ਭਰ ਦੇ ਸਿੱਖਾਂ ਨੂੰ ਅਤੇ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਸੀ। ਫਿਰ ਰਫਰੈਂਡਮ ਵੀ ਉਸੇ ਹੀ ਬਹਿਸ ਦਾ ਇੱਕ ਹਿੱਸਾ ਹੈ ਜਿਸ ਵਿੱਚ ਸਿੱਖ ਪੰਥ ਨੂੰ ਪੁਰ ਅਮਨ ਰਹਿ ਕੇ ਆਪਣੇ ਵਿਚਾਰ ਰੱਖਣੇ ਚਾਹੀਦੇ ਹਨ। ਭਾਰਤ ਜੋ ਹਰ ਰੋਜ਼ ਇਹ ਦਾਅਵਾ ਕਰਦਾ ਹੈ ਕਿ ਉਹ ਜਮਹੂਰੀਅਤ ਦਾ ਵਡਾ ਥੰਮ ਹੈ ਅਤੇ ਜੇ ਇਹ ਸਚ ਹੈ ਤਾਂ ਉਸ ਨੂੰ ਆਜ਼ਾਦੀ ਦੇ ਮੁੱਦੇ ਤੇ ਵਿਚਾਰ ਪਰਗਟ ਕਰਨ ਦੀ ਖੁੱਲ ਦੇਣੀ ਚਾਹੀਦੀ ਹੈ ਅਤੇ ਪੰਨੂ ਸਾਹਿਬ ਸਮੇਤ ਸਿੱਖ ਆਗੂਆਂ ਨੂੰ ਸਤਿਕਾਰ ਸਹਿਤ ਗਲ ਬਾਤ ਕਰਨ ਦਾ ਖੁਲਾ ਸਦਾ ਦੇਣਾ ਚਾਹੀਦਾ ਹੈ। ਕਰਮਜੀਤ ਸਿੰਘ



# ਲੱਭ ਗਿਆ ਸ਼ਰਾਬ ਨਾਲ ਹੁੰਦੇ ਨੁਕਸਾਨ ਨੂੰ ਪੂਰਾ ਕਰਨ ਦਾ ਤੋੜ !



ਆਸਟ੍ਰੇਲਿਆਈ ਖ਼ੋਜੀਆਂ ਨੇ ਸ਼ਰਾਬ ਦੇ ਨਸ਼ੇ ਦਾ ਤੋੜ ਲੱਭਿਆ ਹੈ। ਵਿਗਿਆਨੀਆਂ ਨੇ ਇੱਕ ਅਜਿਹੀ ਦਵਾਈ ਦੀ ਪਛਾਣ ਕੀਤੀ ਹੈ ਜਿਹੜੀ ਸ਼ਰਾਬ ਨਾਲ ਦਿਮਾਗ਼ ਨੂੰ ਹੋਏ ਨੁਕਸਾਨ ਨੂੰ ਪੂਰਾ ਕਰ ਸਕਦੀ ਹੈ। ਇਸ ਦੀ ਪਛਾਣ ਡਿਪ੍ਰੈਸ਼ਨ-ਰੋਕੂ ਦਵਾਈ ਦੇ ਤੌਰ ਉੱਤੇ ਹੋਈ ਹੈ। ਅਧਿਐਨ ਤੋਂ ਪਤਾ ਲੱਗਾ ਹੈ ਕਿ ਟੈਂਡੋਸਪਾਈਰੋਨ ਨਾਂ ਦੀ ਦਵਾਈ ਦਿਮਾਗ਼ ਦੀਆਂ ਕੋਸ਼ਕਾਵਾਂ ਨੂੰ ਮੁੜ ਬਣਾਉਣ ਵਿਚ ਮਦਦ ਕਰ ਸਕਦੀ ਹੈ। ਆਸਟ੍ਰੇਲੀਆ ਦੀ 'ਕੁਈਨਜ਼ਲੈਂਡ ਯੂਨੀਵਰਸਿਟੀ ਆਫ਼ ਟੈਕਨਾਲੋਜੀ' ਦੇ ਵਿਗਿਆਨੀ ਅਰਨਾਲਡ ਬੇਲਮਰ ਨੇ ਕਿਹਾ ਕਿ ਟੈਂਡੋਸਪਾਈਰੋਨ ਸਿਰਫ਼ ਚੀਨ ਤੇ ਜਾਪਾਨ 'ਚ ਮੁਹੱਈਆ ਹੈ। ਆਮ ਤੌਰ 'ਤੇ ਇਸ ਨੂੰ ਸਾਧਾਰਨ ਰੂਪ 'ਚ ਵਰਤੋਂ ਵਿਚ ਲਿਆਂਦਾ ਜਾਂਦਾ ਹੈ ਅਤੇ ਚਿੰਤਾ ਦੂਰ ਕਰਨ 'ਚ ਕਾਫ਼ੀ ਅਸਰਦਾਰ ਹੈ। ਤਜਰਬੇ ਵਜੋਂ ਚੂਹਿਆਂ ਨੂੰ 2 ਹਫ਼ਤਿਆਂ ਲਈ ਟੈਂਡੋਸਪਾਈਰੋਨ ਦਵਾਈ ਦਿੱਤੀ ਗਈ। ਇਸ ਨਾਲ ਉਨ੍ਹਾਂ ਵਿਚ ਸ਼ਰਾਬ ਕਾਰਨ ਪੈਦਾ ਹੋਏ ਡਿਪ੍ਰੈਸ਼ਨ ਵਿਚ ਕਮੀ ਆਈ।

# ਘਰ ਵਿਚ ਸਫਾਈ ਦਾ ਕੰਮ ਕਰਨ ਵਾਲੀਆਂ ਔਰਤਾਂ ਨੂੰ ਹੋ ਸਕਦੀਆਂ ਨੇ ਇਹ ਬੀਮਾਰੀਆਂ



ਸਫਾਈ ਮੁਲਾਜ਼ਮਾਂ ਦੇ ਤੌਰ ਉੱਤੇ ਕੰਮ ਕਰਨ ਵਾਲੀਆਂ ਔਰਤਾਂ ਜਾਂ ਘਰ ਉੱਤੇ ਲਗਾਤਾਰ ਕਲੀਨਿੰਗ ਸਪਰੇਅ ਦੀ ਵਰਤੋਂ ਕਰਨ ਨਾਲ ਤੁਹਾਡੇ ਫੇਫੜਿਆਂ ਵਿਚ ਸਮੇਂ ਦੇ ਨਾਲ ਸਮੱਸਿਆਵਾਂ ਆ ਸਕਦੀਆਂ ਹਨ। ਇਕ ਨਵੇਂ ਅਧਿਐਨ ਵਿਚ ਇਹ ਪਤਾ ਲੱਗਾ ਹੈ ਕਿ ਸਫਾਈ ਦਾ ਕੰਮ ਨਾ ਕਰਨ ਵਾਲੀਆਂ ਔਰਤਾਂ ਦੇ ਮੁਕਾਬਲੇ ਨਿਯਮਿਤ ਤੌਰ ਉੱਤੇ ਸਫਾਈ ਕਰਨ ਵਾਲੀਆਂ ਔਰਤਾਂ ਨੂੰ ਇਹ ਪ੍ਰੇਸ਼ਾਨੀ ਜ਼ਿਆਦਾ ਹੋ ਸਕਦੀ ਹੈ। ਨਾਰਵੇ ਦੀ ਯੂਨੀਵਰਸਿਟੀ ਆਫ ਬਰਜਨ ਦੇ ਸੇਸਾਈਲ ਸਵੇਂਸ ਨੇ ਦੱਸਿਆ ਕਿ ਇਸ ਸਬੰਧੀ ਭਰਪੂਰ ਸਬੂਤ ਮਿਲਦੇ ਹਨ ਕਿ ਸਫਾਈ ਵਿਚ ਇਸਤੇਮਾਲ ਹੋਣ ਵਾਲੇ ਰਸਾਇਣਾਂ ਦਾ ਦਮਾ ਦੀ ਸਥਿਤੀ ਉੱਤੇ ਥੋੜਾ ਪ੍ਰਭਾਵ ਪੈਂਦਾ ਹੈ, ਪਰ ਲੰਮੇ ਸਮੇਂ ਦੇ ਪ੍ਰਭਾਵਾਂ ਬਾਰੇ ਅਜੇ ਜਾਣਕਾਰੀ ਨਹੀਂ ਮਿਲੀ ਹੈ। ਵਿਗਿਆਨੀਆਂ ਨੇ ਪਤਾ ਲਗਾਇਆ ਹੈ ਕਿ ਸਫਾਈ ਨਾ ਕਰਨ ਵਾਲੀਆਂ ਔਰਤਾਂ ਦੇ ਮੁਕਾਬਲੇ (9.6 ਫੀਸਦੀ) ਉਨ੍ਹਾਂ ਔਰਤਾਂ ਵਿਚ ਦਮਾ ਦਾ ਖਦਸ਼ਾ ਜ਼ਿਆਦਾ ਹੁੰਦਾ ਹੈ ਜੋ ਘਰਾਂ ਵਿਚ ਸਫਾਈ ਕਰਦੀਆਂ ਹਨ (12.3 ਫੀਸਦੀ) ਜਾਂ ਸਫਾਈ ਮੁਲਾਜ਼ਮਾਂ ਦੇ ਤੌਰ ਉੱਤੇ ਕੰਮ ਕਰਦੀਆਂ ਹਨ (13.7 ਫੀਸਦੀ)। ਇਹ ਅਧਿਐਨ ਅਮਰੀਕਨ ਜਨਰਲ ਆਫ ਰੇਸਿਪਰੇਟਰੀ ਐਂਡ ਕ੍ਰਿਟੀਕਲ ਕੇਅਰ ਮੈਡੀਸਿਨ ਵਿਚ ਪ੍ਰਕਾਸ਼ਿਤ ਹੋਇਆ ਹੈ।

# ਨਹੁੰ ਚਬਾਉਂਦੇ ਹੋ ਤਾਂ ਜ਼ਰਾ ਪੰਜ ਖਤਰਨਾਕ ਨਤੀਜਿਆਂ ਬਾਰੇ ਵੀ ਜਾਣ ਲਵੋ

ਨਹੁੰ ਚਬਾਉਣਾ ਇੱਕ ਬੁਰੀ ਆਦਤ ਹੈ ਇਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਇਹ ਦੇਖਣ ਨੂੰ ਤਾਂ ਬੁਰੀ ਲਗਦੀ ਹੀ ਹੈ ਅਤੇ ਸਿਹਤ ਲਈ ਵੀ ਬਹੁਤ ਹਾਨੀਕਾਰਕ ਹੈ। ਸੋ ਜੇਕਰ ਤੁਹਾਡੇ ਆਸ-ਪਾਸ ਕਿਸੇ ਨੂੰ ਇਹ ਬਿਮਾਰੀ ਹੈ ਤਾਂ ਉਸ ਨੂੰ ਜਲਦੀ ਤੋਂ ਜਲਦੀ ਇਸ ਨੂੰ ਠੀਕ ਕਰਨ ਲਈ ਕਹੋ। ਨਹੁੰ ਚਬਾਉਂਦੇ ਰਹਿਣ ਨਾਲ ਜੋ ਨਹੁੰ ਦੇ ਬੈਕਟੀਰੀਆ ਸਾਡੇ ਸਰੀਰ ਦੇ ਅੰਦਰ ਜਾਂਦੇ ਹਨ ਤਾਂ ਮੂੰਹ ਦੇ ਬੈਕਟੀਰੀਆ ਵੀ ਸਾਡੇ ਨਹੁੰ 'ਤੇ ਲਗਦੇ ਹਨ। ਜਿਸ ਕਾਰਨ ਕੋਈ ਕੰਮ ਕਰਦੇ ਸਮੇਂ ਇਹ ਬੈਕਟੀਰੀਆ ਫੈਲਦੇ ਹਨ। ਇਹ ਬਿਮਾਰੀ ਵਧਾਉਂਦੇ ਹਨ। ਜਿੰਨੀ ਜਲਦੀ ਹੋ ਸਕੇ ਇਸ ਆਦਤ ਨੂੰ ਬਦਲ ਲਓ।

ਨਹੁੰ ਚਬਾਉਂਦੇ ਰਹਿਣ ਨਾਲ ਨਹੁੰ 'ਚ ਜੋ ਬੈਕਟੀਰੀਆ ਹੁੰਦੇ ਹਨ ਉਹ ਸਾਡੀਆਂ ਅੰਤੜੀਆਂ 'ਚ ਚਲੇ ਜਾਂਦੇ ਹਨ। ਇਹ ਬੈਕਟੀਰੀਆ ਕੈਂਸਰ ਦਾ ਕਾਰਨ ਬਣਦੇ ਹਨ।

ਨਹੁੰ ਚਬਾਉਂਦੇ ਰਹਿਣ ਨਾਲ ਉਂਗਲੀਆਂ 'ਤੇ ਵੀ ਜ਼ਖਮ ਹੋ ਜਾਂਦੇ ਹਨ।

ਕਿਸੇ ਨੂੰ ਨਹੁੰ ਚਬਾਉਂਦੇ ਦੇਖ ਕੇ ਹਰ ਕੋਈ ਇਹ ਹੀ ਸੋਚਦਾ ਹੈ ਕਿ ਇਹ ਕਿਸੇ ਤਣਾਓ ਦੇ ਕਾਰਨ ਹੀ ਨਹੁੰ ਚਬਾ ਰਿਹਾ ਹੈ।

ਨਹੁੰ ਚਬਾਉਂਦੇ ਰਹਿਣ ਨਾਲ ਇਸ ਦਾ ਅਸਰ ਦੰਦਾਂ 'ਤੇ ਵੀ ਹੋ ਜਾਂਦਾ ਹੈ। ਨਹੁੰ ਦੀ ਗੰਦਗੀ ਕਾਰਨ ਦੰਦ ਖ਼ਰਾਬ ਹੋਣਾ ਸ਼ੁਰੂ ਹੋ ਜਾਂਦੇ ਹਨ।

ਨਹੁੰ ਚਬਾਉਂਦੇ ਰਹਿਣ ਨਾਲ ਪੇਟ ਦਾ ਇਨਫੈਕਸ਼ਨ ਵੀ ਹੋ ਜਾਂਦਾ ਹੈ। ਜਿਸ ਕਿਸੇ ਨੂੰ ਵੀ ਇਹ ਆਦਤ ਹੁੰਦੀ ਹੈ ਉਹ ਕਦੇ ਵੀ, 'ਹੱਥ ਧੋ ਕੇ ਤੇ ਨਹੀਂ ਨਹੁੰ ਚਬਾਏਗਾ'। ਸੋ ਜੋ ਵੀ ਹੱਥਾਂ 'ਤੇ ਲੱਗਾ ਹੁੰਦਾ ਹੈ ਉਹ ਪੇਟ 'ਚ ਜਾਂਦਾ ਹੈ ਅਤੇ ਇਸ ਨਾਲ ਪੇਟ ਦਾ ਇਨਫੈਕਸ਼ਨ ਹੋਣ ਦਾ ਖ਼ਤਰਾ 75% ਵੱਧ ਜਾਂਦਾ ਹੈ।

# ਜਿਣਸੀ ਕਮਜ਼ੋਰੀ ਲਈ ਚੁਕੰਦਰ ਵਰਦਾਨ



ਅਸੀਂ ਸਲਾਦ ਵਿੱਚ ਚੁਕੰਦਰ ਖਾਂਦੇ ਹਾਂ ਪਰ ਜ਼ਿਆਦਾਤਰ ਲੋਕ ਇਸ ਦੇ ਪੱਤੇ ਸੁੱਟਦੇ ਹਨ, ਜਦਕਿ ਇਸ ਦੇ ਪੱਤੇ ਵੀ ਬਹੁਤ ਪ੍ਰਭਾਵਸ਼ਾਲੀ ਹੁੰਦੇ ਹਨ। ਜਾਣਦੇ ਹਾਂ ਖਾਣ ਦੇ ਲਾਭ

ਪਹਿਲਾਂ ਆਦਮੀ ਜਿਨਸੀ ਸਿਹਤ ਲਈ ਚੁਕੰਦਰ ਦੀ ਵਰਤੋਂ ਕਰਦੇ ਸਨ। ਚੁਕੰਦਰ ਨਾਈਟ੍ਰਿਕ ਆਕਸਾਈਡ ਨਾਲ ਭਰਪੂਰ ਹੁੰਦਾ ਹੈ, ਜੋ ਖ਼ੂਨ ਦੀਆਂ ਨਾੜੀਆਂ ਨੂੰ ਵਧਾਉਂਦਾ ਹੈ ਤੇ ਪ੍ਰਾਈਵੇਟ ਅੰਗਾਂ ਵਿੱਚ ਖ਼ੂਨ ਦਾ ਵਾਧਾ ਕਰਦਾ ਹੈ। ਇਸ ਤੋਂ ਇਲਾਵਾ ਇਸ ਵਿੱਚ ਵੱਡੀ ਮਾਤਰਾ ਵਿੱਚ ਕੈਮੀਕਰੋਨ ਬੋਰਨ ਹੁੰਦਾ ਹੈ, ਜੋ ਸੈਕਸ ਸਬੰਧਾਂ ਦੀ ਇੱਛਾ ਨੂੰ ਵਧਾਉਂਦਾ ਹੈ।

ਚਕੁੰਦਰ ਦਾ ਜੂਸ ਪੀਣ ਨਾਲ ਵਿਅਕਤੀ ਦਾ ਸਟੈਮਨਾ 16 ਪ੍ਰਤੀਸ਼ਤ ਤੱਕ ਵਧਦਾ ਹੈ। ਸਰੀਰ ਵਿੱਚ ਆਕਸੀਜਨ ਵਧਾ ਕੇ, ਦਿਮਾਗ ਸਹੀ ਢੰਗ ਨਾਲ ਕੰਮ ਕਰਦਾ ਹੈ। ਚੁਂਕਦਰ ਖਾਣ ਨਾਲ, ਤੁਸੀਂ ਡਿਮੈਂਸ਼ੀਆ ਤੋਂ ਰਾਹਤ ਪ੍ਰਾਪਤ ਕਰ ਸਕਦੇ ਹੋ। ਚੁਕੰਦਰ ਉਨ੍ਹਾਂ ਔਰਤਾਂ ਲਈ ਵਰਦਾਨ ਹੈ, ਜਿਨ੍ਹਾਂ ਨੂੰ ਅਨੀਮੀਆ ਹੁੰਦਾ ਹੈ। ਖ਼ੂਨ ਦੀ ਕਮੀ ਨੂੰ ਪੂਰਾ ਕਰਨ ਵਿੱਚ ਚੁਕੰਦਰ ਦਾ ਕੋਈ ਜਵਾਬ ਨਹੀਂ। ਖ਼ੂਨ ਦੀ ਘਾਟ ਨੂੰ ਦੂਰ ਕਰਨ ਵਿੱਚ ਇਸ ਦੇ ਪੱਤੇ ਬਹੁਤ ਲਾਹੇਵੰਦ ਹੁੰਦੇ ਹਨ। ਇਸ ਵਿੱਚ ਆਇਰਨ ਤੇ ਲੋਹਾ ਬ਼ੁਹਤ ਮਾਤਰਾ ਵਿੱਚ ਪਾਇਆ ਜਾਂਦਾ ਹੈ ਤੇ ਲਾਲ ਰਕਤਾਣੂਆਂ ਵਿੱਚ ਆਇਰਨ ਮਦਦਗਾਰ ਹੁੰਦਾ ਹੈ।

ਇਹ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਫਾਇਦੇਮੰਦ ਹੈ। ਇਸ ਦੇ ਖਾਨ ਨਾਲ ਕੇਵਲ ਮਿੱਠੇ ਖਾਣੇ ਦੀ ਤਲਬ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ। ਇਸ ਨੂੰ ਖਾਣ ਨਾਲ ਇਹ ਤੁਹਾਨੂੰ ਫਿੱਟ ਕਰਦਾ ਹੈ। ਸਭ ਤੋਂ ਮਹੱਤਵਪੂਰਨ ਫਾਇਦਾ ਇਹ ਹੈ ਕਿ ਬੀਟਰੋਟ ਵਿੱਚ ਕੋਈ ਚਰਬੀ ਨਹੀਂ। ਕੁੱਲ ਮਿਲਾ ਕੇ, ਕੈਲਸ਼ੀਅਮ ਬੀਟਰੋਟ ਪੱਤੇ ਵਿੱਚ ਪਾਇਆ ਜਾਂਦਾ ਹੈ। ਇਹ ਸਰੀਰ ਦੇ ਵਿਕਾਸ ਤੇ ਹੱਡੀਆਂ ਦੇ ਵਿਕਾਸ ਵਿੱਚ ਫਾਇਦੇਮੰਦ ਹੈ। 99 ਮਿਲੀਗ੍ਰਾਮ ਕੈਲਸ਼ੀਅਮ 100 ਗ੍ਰਾਮ ਬੀਟਰਰੋਟ ਵਿੱਚ ਮਿਲਦਾ ਹੈ।

# ਵਜ਼ਨ ਘਟਾਉਣਾ ਤਾਂ ਇਨ੍ਹਾਂ ਚੀਜ਼ਾਂ ਨਾਲ ਵਧਾਓ ਦੋਸਤੀ



**ਨਟਸ:** ਬਾਦਾਮ, ਮੂੰਗਫਲੀ, ਅਖਰੋਟ ਵਰਗੇ ਨਟਸ ਤੁਹਾਡੀ ਭੁੱਖ ਨੂੰ ਕੰਟਰੋਲ ਕਰਦੇ ਹਨ। ਇਨ੍ਹਾਂ 'ਚ ਸਿਹਤਮੰਦ ਅਨਸੈਚੂਰੇਟਿਡ ਫੈਟ ਦੇ ਨਾਲ ਪ੍ਰੋਟੀਨ ਤੇ ਫਾਈਬਰ ਹੁੰਦੇ ਹਨ। ਹਾਲੀਆ ਹੋਈ ਸਟੱਡੀ ਮੁਤਾਬਕ ਲੋ-ਕੈਲਰੀ ਆਹਾਰ 'ਚ ਨਟਸ ਖਾਸਕਰ ਬਾਦਾਮ ਮਿਲਾਉਣ ਨਾਲ ਵਜ਼ਨ ਘੱਟ ਕਰਨ 'ਚ ਮਦਦ ਮਿਲਦੀ ਹੈ।

**ਟਸ:** ਬਾਦਾਮ, ਮੂੰਗਫਲੀ, ਅਖਰੋਟ ਵਰਗੇ ਨਟਸ ਤੁਹਾਡੀ ਭੁੱਖ ਨੂੰ ਕੰਟਰੋਲ ਕਰਦੇ ਹਨ। ਇਨ੍ਹਾਂ 'ਚ ਸਿਹਤਮੰਦ ਅਨਸੈਚੂਰੇਟਿਡ ਫੈਟ ਦੇ ਨਾਲ ਪ੍ਰੋਟੀਨ ਤੇ ਫਾਈਬਰ ਹੁੰਦੇ ਹਨ। ਹਾਲੀਆ ਹੋਈ ਸਟੱਡੀ ਮੁਤਾਬਕ ਲੋ-ਕੈਲਰੀ ਆਹਾਰ 'ਚ ਨਟਸ ਖਾਸਕਰ ਬਾਦਾਮ ਮਿਲਾਉਣ ਨਾਲ ਵਜ਼ਨ ਘੱਟ ਕਰਨ 'ਚ ਮਦਦ ਮਿਲਦੀ ਹੈ।

**ਸੇਬ:** ਅਧਿਐਨਾਂ ਤੋਂ ਪਤਾ ਚੱਲਿਆ ਹੈ ਕਿ ਸੇਬ ਦੇ ਛਿਲਕਿਆਂ 'ਚ ਮਿਲਣ ਵਾਲਾ ਯੂਰਸੋਲਿਕ ਐਸਿਡ ਵਜ਼ਨ ਘੱਟ ਕਰਨ 'ਚ ਮਦਦ ਕਰਦਾ ਹੈ। ਇਸ 'ਚ ਪੇਕਟਿਨ ਵੀ ਹੁੰਦਾ ਹੈ ਜੋ ਖ਼ੂਨ 'ਚ ਸ਼ੂਗਰ ਦੀ ਮਾਤਰਾ ਵਧਣ ਤੋਂ ਰੋਕਦਾ ਹੈ। ਭੋਜਨ ਤੋਂ ਤਕਰੀਬਨ 30 ਮਿੰਟ ਪਹਿਲਾਂ ਸੇਬ ਖਾਓ। ਸੇਬ 'ਚ ਮੌਜੂਦ ਫਾਈਬਰ ਤੇ ਪਾਣੀ ਤੁਹਾਡਾ ਪੇਟ ਭਰਿਆ ਰੱਖਣਗੇ ਤੇ ਤੁਸੀਂ ਘੱਟ ਖਾਓਗੇ।

**ਅੰਡੇ:** ਵੱਧ ਪ੍ਰੋਟੀਨ ਵਾਲਾ ਨਾਸ਼ਤਾ ਕਰਨ ਵਾਲੇ ਦਿਨ ਭਰ ਘੱਟ ਕੈਲਰੀ ਉਪਯੋਗ ਕਰਦੇ ਹਨ। ਜੋ ਨਾਸ਼ਤੇ 'ਚ ਅੰਡੇ ਦਾ ਪ੍ਰੋਟੀਨ ਖਾਂਦੇ ਹਨ, ਉਨ੍ਹਾਂ ਨੂੰ ਦਿਨ 'ਚ ਘੱਟ ਭੁੱਖ ਲੱਗਦੀ ਹੈ। ਅੰਡੇ ਤੁਹਾਨੂੰ ਜ਼ਰੂਰੀ ਅਮਿਨੋ ਐਸਿਡ, ਕਈ ਜ਼ਰੂਰੀ ਵਿਟਾਮਿਨ ਤੇ ਖਣਿਜ ਵੀ ਪ੍ਰਦਾਨ ਕਰਦਾ ਹੈ।


**ਖੀਰਾ:** ਖੀਰਾ ਖਾਣਾ ਤੁਹਾਡੇ ਸਰੀਰ ਦੀ ਅੰਦਰ ਤੋਂ ਸਫਾਈ ਦਾ ਚੰਗਾ ਤੇ ਅਸਰਦਾਰ ਤਰੀਕਾ ਹੈ। ਤੁਸੀਂ ਆਮ ਪਾਣੀ ਦੇ ਗਿਲਾਸ 'ਚ ਇਸ ਨੂੰ ਪਾ ਕੇ ਇਸ ਦਾ ਅਨੰਦ ਲੈ ਸਕਦੇ ਹੋ।

**ਡਾਰਕ ਚਾਕਲੇਟ:** ਜਦ ਤਹਾਨੂੰ ਕੁਝ ਮਿੱਠਾ ਖਾਣ ਦਾ ਹੋਵੇ ਤਾਂ ਡਾਰਕ ਚਾਕਲੇਟ ਚੰਗਾ ਵਿਕਲਪ ਹੈ। ਜਰਨਲ ਆਫ ਨਿਊਟ੍ਰਿਸ਼ਨ ਐਂਡ ਡਾਇਬਟੀਜ਼ ਮੁਤਾਬਕ ਡਾਰਕ ਚਾਕਲੇਟ ਮਿੱਠੇ ਤੇ ਨਮਕੀਨ ਚੀਜ਼ਾਂ 'ਚ ਤੁਹਾਡੀ ਰੁਚੀ ਘੱਟ ਕਰਦਾ ਹੈ।

**ਫਲੈਕਸਸੀਡ (ਅਲਸੀ):** ਅਲਸੀ 'ਚ ਫਾਈਬਰਜ਼ ਓਮੇਗਾ ਫੈਟੀ ਐਸਿਡ ਦੀ ਭਰਪੂਰ ਮਾਤਰਾ ਹੁੰਦੀ ਹੈ। ਇਹ ਭੁੱਖ ਘੱਟ ਕਰਦੇ ਹਨ। ਸਵੇਰੇ ਪਾਣੀ ਦੇ ਨਾਲ ਅੱਧਾ ਚਮਚ ਅਲਸੀ ਲੈ ਸਕਦੇ ਹੋ ਜਾਂ ਇਸ ਨੂੰ ਸਿੱਧੇ ਸਲਾਦ 'ਤੇ ਛਿੜਕ ਕੇ ਖਾ ਸਕਦੇ ਹੋ। ਇਹ ਕੈਂਸਰਰੋਧੀ ਤੇ ਪਾਚਣ ਲਈ ਚੰਗੇ ਹਨ। ਇਹ ਵਜ਼ਨ ਘੱਟ ਕਰਨ 'ਚ ਮਦਦਗਾਰ ਹਨ ਤੇ ਸਕਿਨ ਲਈ ਵੀ ਸ਼ਾਨਦਾਰ ਹੁੰਦੇ ਹਨ।

# ਸੇਬ ਤੇ ਗ੍ਰੀਨ ਟੀ ਬੇਹੱਦ ਫ਼ਾਇਦੇਮੰਦ

ਦੰਦ ਤੇ ਮੂੰਹ ਨੂੰ ਤੰਦਰੁਸਤ ਰੱਖਣ ਲਈ ਸੇਬ ਖਾਣਾ ਤੇ ਗ੍ਰੀਨ ਟੀ ਪੀਣਾ ਫ਼ਾਇਦੇਮੰਦ ਹੈ। ਮਾਡਲ ਤੇ ਫਿਟਨੈੱਸ ਟਰੇਨਰ ਆਸਟ੍ਰੇਲੀਆ ਦੇ ਇੱਕ ਨਿਊਜ਼ ਪੇਪਰ ਨੇ ਇਸ ਗੱਲ ਦਾ ਖ਼ੁਲਾਸਾ ਕੀਤਾ ਹੈ। ਇਸ ਅਖ਼ਬਾਰ ਵਿੱਚ ਸਿਡਨੀ ਦੇ ਮਾਹਿਰ ਨੇ ਆਪਣੇ ਰੋਜ਼ਾਨਾ ਦੇ ਆਹਾਰ ਤੇ ਕਾਰੋਬਾਰ ਦੀ ਰੁਟੀਨ ਨੂੰ ਸਾਂਝਾ ਕੀਤਾ ਹੈ। ਮਾਹਰ ਨੇ ਦੱਸਿਆ ਕਿ ਜੇ ਮੂੰਹ ਤੰਦਰੁਸਤ ਹੈ ਤਾਂ ਪੂਰਾ ਸਰੀਰ ਤੰਦਰੁਸਤ ਹੈ। ਇਸ ਲਈ ਸੇਬ ਤੇ ਗ੍ਰੀਨ ਟੀ ਕਾਫ਼ੀ ਫ਼ਾਇਦੇਮੰਦ ਹੈ। ਉਨ੍ਹਾਂ ਦੱਸਿਆ ਕਿ ਸੌਣਾ ਉਨ੍ਹਾਂ ਦੇ ਜੀਵਨ ਦਾ ਅਹਿਮ ਹਿੱਸਾ ਹੈ। ਉਹ ਹਮੇਸ਼ਾ 9.30 ਵਜੇ ਸੌਣ ਚਲੇ ਜਾਂਦੇ ਹਨ। ਖ਼ੁਰਾਕ ਮਾਹਿਰ ਸੇਪੇਲ ਨੂੰ ਡਾ. ਲੇਵਿਸ ਨੇ ਦੱਸਿਆ ਕਿ ਉਹ ਗ੍ਰੀਨ ਟੀ ਪੀਂਦੇ ਹਨ। ਇਹ ਦੰਦਾਂ ਤੇ ਮਸੂੜ੍ਹਿਆਂ ਲਈ ਫ਼ਾਇਦੇਮੰਦ ਹੁੰਦੀ ਹੈ। ਆਪਣੀ ਰੁਟੀਨ ਦੇ ਵਿਸ਼ੇ ਵਿੱਚ ਦੱਸਿਆ ਕਿ ਉਹ ਸਵੇਰੇ ਛੇ ਵਜੇ ਉੱਠ ਜਾਂਦੇ ਹਨ। ਨਾਸ਼ਤੇ ਵਿੱਚ ਉਹ ਆਮਲੇਟ ਖਾਂਦੇ ਹਨ। ਇਹ ਦੁਪਹਿਰ ਦੇ ਖਾਣੇ ਤੱਕ ਚੱਲਦਾ ਹੈ। ਲੰਚ ਵਿੱਚ ਉਹ ਸਲਾਦ, ਕੁਝ ਸਬਜ਼ੀਆਂ ਤੇ ਕੁਝ ਚਿਕਨ ਜਾਂ ਕੋਈ ਦੂਜਾ ਪ੍ਰੋਟੀਨ ਵਾਲਾ ਖਾਣਾ ਖਾਂਦੇ ਹਨ।



# ਸਵੇਰ ਦੀ ਸੈਰ ਕਰਦੇ ਸਮੇਂ ਰੱਖੋ ਇਨ੍ਹਾਂ ਗੱਲਾਂ ਦਾ ਧਿਆਨ

ਦਿਨ ਦੀ ਸ਼ੁਰੂਆਤ ਜੇਕਰ ਚੰਗੀ ਹੋਵੋ ਤਾਂ ਪੂਰਾ ਦਿਨ ਚੰਗਾ ਗੁਜਰਦਾ ਹੈ। ਇਸ ਲਈ ਸਵੇਰ ਦੀ ਸੈਰ ਕਰਨਾ ਸਰੀਰ ਲਈ ਬਹੁਤ ਚੰਗੀ ਹੁੰਦੀ ਹੈ। ਸਵੇਰੇ ਦੌੜਣ ਨਾਲ ਸਰੀਰ 'ਚ ਖੂਨ ਦਾ ਸੰਚਾਰ ਠੀਕ ਢੰਗ ਨਾਲ ਹੁੰਦਾ ਹੈ ਅਤੇ ਤੁਸੀਂ ਸਾਰਾ ਦਿਨ ਤਾਜਾ ਮਹਿਸੂਸ ਕਰਦੇ ਹੋ। ਸਵੇਰੇ ਘੱਟ ਤੋਂ ਘੱਟ 30 ਮਿੰਟ ਤਕ ਦੌੜਨਾਂ ਜਿੰਮ ਜਾਣ ਦੇ ਬਰਾਬਰ ਹੀ ਸਰੀਰ ਨੂੰ ਫਿਟ ਰੱਖਦਾ ਹੈ। ਪਰ ਕੀ ਤੁਸੀਂ ਸੈਰ ਕਰਨ ਦਾ ਸਹੀ ਤਰੀਕਾ ਜਾਣਦੇ ਹੋ। ਅੱਜ ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਅਜਿਹੇ ਟਿਪਸ ਜਿਨ੍ਹਾਂ ਨੂੰ ਅਪਣਾ ਕੇ ਤੁਸੀਂ ਦੁਗਣਾ ਫਾਇਦਾ ਲੈ ਸਕਦੇ ਹੋ। ਸੈਰ ਤੇ ਜਾਣ ਤੋਂ ਪਹਿਲਾਂ ਘੱਟ ਤੋਂ ਘੱਟ 1 ਗਿਲਾਸ ਪਾਣੀ ਜ਼ਰੂਰ ਪੀਓ। ਇਸ ਨਾਲ ਸਰੀਰ ਦਾ ਤਾਪਮਾਨ ਸਹੀ ਰਹਿੰਦਾ ਹੈ। ਸੈਰ ਦੀ ਸ਼ੁਰੂਆਤ ਹੌਲੀ-ਹੌਲੀ ਕਰੋਂ ਇਸਦੇ ਬਾਅਦ ਆਪਣੇ ਚਲਣ ਦੀ ਗਤੀ ਵਧਾਓ। ਇਸ ਤਰ੍ਹਾਂ ਕਰਨ ਨਾਲ ਜਲਦੀ ਧਕਾਵਟ ਨਹੀਂ ਹੋਵੇਗੀ। ਸੈਰ ਤੇ ਜਾਣ ਦੇ ਲਈ ਸ਼ਾਤ ਅਤੇ ਖੁਲੀ ਜਗ੍ਹਾ ਚੁਣੋ। ਜਿੱਥੇ ਆਲੇ ਦੁਆਲੇ ਹਰਿਆਲੀ ਹੋਵੇ ਇਸ ਨਾਲ ਤੁਹਾਨੂੰ ਠੰਡੀ ਅਤੇ ਸਵਸਥ ਹਵਾ ਮਿਲੇਗੀ।







THE PRESIDENT'S **CORONAVIRUS GUIDELINES** FOR AMERICA

# 30 DAYS TO SLOW THE SPREAD

Listen to and follow the directions of your **STATE AND LOCAL AUTHORITIES.**

**IF YOU FEEL SICK,** stay home. Do not go to work. Contact your medical provider.

**IF YOUR CHILDREN ARE SICK,** keep them at home. Do not send them to school. Contact your medical provider.

**IF SOMEONE IN YOUR HOUSEHOLD HAS TESTED POSITIVE** for the coronavirus, keep the entire household at home. Do not go to work. Do not go to school. Contact your medical provider.

**IF YOU ARE AN OLDER PERSON,** stay home and away from other people.

**IF YOU ARE A PERSON WITH A SERIOUS UNDERLYING HEALTH CONDITION** that can put you at increased risk (for example, a condition that impairs your lung or heart function or weakens your immune system), stay home and away from other people.

THE WHITE HOUSE
CDC

For more information, please visit
**CORONAVIRUS.GOV**



# ਖ਼ੁਦਕੁਸ਼ੀ ਦਾ ਵਰਤਾਰਾ

## ਮਨੁੱਖੀ ਵਿਕਾਸ 'ਤੇ ਪ੍ਰਸ਼ਨ ਚਿੰਨ੍ਹ

ਮਨ ਉਦਾਸ ਹੈ, ਕੁਝ ਵੀ ਚੰਗਾ ਨਹੀਂ ਲੱਗ ਰਿਹਾ ਬੰਦਾ ਆ ਕੇ ਡਾਕਟਰ ਨੂੰ ਕਹਿੰਦਾ ਹੈ। ਡਾਕਟਰ ਅੰਗਰੇਜ਼ੀ ਵਿਚ 'ਡਿਪਰੈਸ਼ਨ' ਲਿਖ ਦਿੰਦਾ ਹੈ ਜਿਸ ਦਾ ਸ਼ਬਦਕੋਸ਼ੀ ਅਰਥ 'ਉਦਾਸੀ' ਹੈ। ਫਿਰ ਡਾਕਟਰ ਨੇ ਕੀ ਲੱਭਿਆ ? ਦਵਾਈ ਦਿੱਤੀ, ਐਂਟੀ-ਡਿਪਰੈਸੇਂਟ, ਉਦਾਸੀ ਨੂੰ ਠੀਕ ਕਰਨ ਵਾਲੀ, ਨਾ ਕਿ ਰੋਕਣ ਵਾਲੀ। ਦਵਾਈ ਦਾ ਅਸਰ ਖ਼ਤਮ, ਉਦਾਸੀ ਫਿਰ ਤੋਂ। ਉਦਾਸੀ ਕਿਉਂ ਹੈ ? ਕਿਸ ਕਰ ਕੇ ਹੈ ? ਅਸਲੀ ਕਾਰਨ ਲੱਭਿਆ ਹੀ ਨਹੀਂ। ਲੱਛਣ ਨੂੰ ਹੀ ਬਿਮਾਰੀ ਦਾ ਨਾਂ ਦੇ ਦਿੱਤਾ। ਇਸ ਲਗਾਤਾਰਤਾ ਵਿਚ ਆਪਣੀ ਹੋਂਦ ਨੂੰ ਬੇਮਤਲਬ ਸਮਝਣਾ, ਕਿਸੇ ਤਰ੍ਹਾਂ ਦੀ ਕੋਈ ਆਸ-ਉਮੀਦ ਨਾ ਹੋਣੀ, ਤੇ ਫਿਰ 'ਜੀਣ ਦਾ ਕੀ ਫਾਇਦਾ' ਵਰਗੇ ਖ਼ਿਆਲ ਹੀ ਖ਼ੁਦਕੁਸ਼ੀ ਵੱਲ ਜਾਣ ਦੀ ਨਿਸ਼ਾਨਦੇਹੀ ਕਰਦੇ ਹਨ ਜਦੋਂਕਿ 'ਕੁਝ ਵੀ ਚੰਗਾ ਨਹੀਂ ਲੱਗਦਾ' ਬਹੁਤ ਪਹਿਲਾਂ ਸ਼ੁਰੂ ਹੋ ਜਾਂਦਾ ਹੈ।

ਮਨੋਵਿਗਿਆਨਕ ਸਮਝ ਮੁਤਾਬਕ, ਜੀਵ ਵਿਚ ਜ਼ਿੰਦਾ ਰਹਿਣ ਦੀ ਲਾਲਸਾ ਸਭ ਤੋਂ ਤਾਕਤਵਰ ਹੈ। ਜਿਊਣਾ ਕੁਦਰਤੀ ਇੱਛਾ ਹੈ। ਵਾਹ ਲੱਗੇ, ਕੋਈ ਵੀ ਜੀਵ ਮਰਨਾ ਨਹੀਂ ਚਾਹੁੰਦਾ। ਕੁਦਰਤ ਵੀ ਹਰ ਜੀਵ ਦੀ ਮਦਦ ਕਰਦੀ ਹੈ। ਕੁਦਰਤ ਨੇ ਸਭ ਨੂੰ ਬਚਾ ਕੇ ਰੱਖਣ ਲਈ ਕਿਸੇ ਵੀ ਤਰ੍ਹਾਂ ਦੀ ਆਫ਼ਤ ਦਾ ਸਾਹਮਣਾ ਕਰਨ ਲਈ ਕੁਝ ਨਾ ਕੁਝ ਮੁਹੱਈਆ ਕਰਵਾਇਆ ਹੈ। ਕਿਸੇ ਨੂੰ ਤਿੱਖੇ ਦੰਦ, ਕਿਸੇ ਨੂੰ ਨਹੁੰ, ਕਿਸੇ ਨੂੰ ਡੰਗ ਤੇ ਜ਼ਹਿਰ ਅਤੇ ਕਿਸੇ ਨੂੰ ਤੇਜ਼ ਰਫ਼ਤਾਰੀ ਦੀ ਸਮਰੱਥਾ। ਮਨੁੱਖ ਕੋਲ ਨਹੁੰ ਵੀ ਨੇ, ਦੰਦ ਵੀ, ਤੇਜ਼ ਦੌੜਨ ਦੀ ਸਮਰੱਥਾ ਵੀ ਹੈ ਅਤੇ ਦਰੱਖਤ ਤੇ ਚੜ੍ਹ ਜਾਣ ਦਾ ਹੁਨਰ ਵੀ। ਇਨ੍ਹਾਂ ਦੇ ਨਾਲ ਹੀ ਬਹੁਤ ਵਿਲੱਖਣ ਗੁਣਾਂ ਵਾਲਾ ਦਿਮਾਗ ਵੀ। ਇਸ ਵਿਸ਼ੇਸ਼ਤਾ ਕਾਰਨ ਮਨੁੱਖ ਨੂੰ ਹਰ ਵਾਰੀ ਲੁਕਣ, ਭੱਜਣ ਦੀ ਲੋੜ ਨਹੀਂ ਪੈਂਦੀ ਸਗੋਂ ਹਾਲਾਤ ਨੂੰ ਸਮਝ ਕੇ ਨਜਿੱਠਣਾ ਵੀ ਆਉਂਦਾ ਹੈ। ਇਸ ਤਰ੍ਹਾਂ ਦੀ ਕਾਬਲੀਅਤ ਹੁੰਦਿਆਂ ਮਨੁੱਖ ਹੀ ਇਕੱਲਾ ਜੀਵ ਹੈ ਜੋ ਸੋਚ-ਸਮਝ ਕੇ ਆਪ ਮੌਤ ਨੂੰ ਕਲਾਵੇ ਵਿਚ ਲੈਂਦਾ ਹੈ।

ਜੀਵ ਵਿਕਾਸ ਵਿਚ ਮਨੁੱਖ ਨੂੰ ਮੋਹਰੀ ਥਾਂ ਹਾਸਿਲ ਹੈ। ਇਹ ਸਥਾਨ ਉਸ ਨੇ ਕੁਦਰਤ ਨਾਲ ਸਮੇਂ ਸਮੇਂ ਆਢਾ ਲਾਉਣ ਕਾਰਨ ਪ੍ਰਾਪਤ ਕੀਤਾ ਹੈ। ਇਹ ਸੰਘਰਸ਼ ਕੁਦਰਤ ਅੰਦਰ ਆਪਣੇ ਆਪ ਨੂੰ ਬਚਾ ਕੇ ਰੱਖਣ ਦਾ ਸੀ ਤੇ ਅੱਜ ਵੀ ਹੈ। ਕੁਦਰਤ ਨਾਲ ਹੋਏ ਇਸ ਸੰਘਰਸ਼ ਦੌਰਾਨ ਕੁਦਰਤੀ ਆਫ਼ਤਾਂ ਤੋਂ ਘਬਰਾ ਕੇ ਮਨੁੱਖ ਨੂੰ ਕਦੇ ਖ਼ੁਦਕੁਸ਼ੀ ਦਾ ਖ਼ਿਆਲ ਨਹੀਂ ਆਇਆ। ਨਾ ਹੀ ਅਜਿਹਾ ਵਰਤਾਰਾ ਅੱਜ ਤੱਕ ਕਿਸੇ ਹੋਰ ਜੀਵ ਵਿਚ ਦੇਖਣ ਨੂੰ ਮਿਲਿਆ ਹੈ। ਜੇਕਰ ਸਮਝੀਏ ਤਾਂ ਖ਼ੁਦਕੁਸ਼ੀ ਵਰਗਾ ਵਰਤਾਰਾ ਮਨੁੱਖ ਨੇ ਸਮਾਜ ਸਿਰਜ ਕੇ ਉਸ ਵਿਚ ਰਹਿਣ ਦੇ ਚਲਨ ਤਹਿਤ ਜਦੋਂ ਜਿਊਣਾ ਸ਼ੁਰੂ ਕੀਤਾ, ਉਸ ਕਾਰਜ ਸ਼ੈਲੀ ਵਿਚੋਂ ਕਿਤੇ ਖ਼ੁਦਕੁਸ਼ੀ ਦੀ ਪੈਦਾਇਸ਼ ਹੋਈ। ਖ਼ੁਦਕੁਸ਼ੀ ਕੁਦਰਤ ਦਾ ਅਮਲ ਨਹੀਂ।

ਇਸ ਤਰ੍ਹਾਂ ਖ਼ੁਦਕੁਸ਼ੀ ਸਮਾਜਿਕ ਹਾਲਾਤ ਦੀ ਦੇਣ ਹੈ ਤੇ ਇਸ ਨੂੰ ਸਮਝਣ ਲਈ ਸਮਾਜ ਦੀਆਂ ਪਰਤਾਂ ਸਮਝਣ ਦੀ ਲੋੜ ਹੈ। ਇਸ ਪ੍ਰਸੰਗ ਵਿਚ ਖ਼ੁਦਕੁਸ਼ੀ ਕਰਨ ਵਾਲੇ ਜਾਂ ਅਸਫ਼ਲ ਰਹਿਣ ਵਾਲੇ ਲੋਕਾਂ ਦੀ ਜ਼ਿੰਦਗੀ ਉੱਤੇ ਝਾਤ ਮਾਰੀਏ ਤਾਂ ਅਨੇਕਾਂ ਹੀ ਸਰਵੇਖਣਾਂ ਦੇ ਆਧਾਰ ਤੇ ਕਾਰਨਾਂ ਦੀ ਲੰਮੀ ਸੂਚੀ ਤਿਆਰ ਹੋ ਸਕਦੀ ਹੈ।

ਤਣਾਅ, ਉਦਾਸੀ, ਬੇਗਾਨਗੀ ਦੇ ਅਹਿਸਾਸ, ਤੇ ਫਿਰ ਹੀਣਭਾਵਨਾ ਵਿਚੋਂ ਖ਼ੁਦਕੁਸ਼ੀ ਆਖਰੀ ਕਦਮ ਹੈ। ਇਹ ਭਾਵ ਹਰ ਉਮਰ ਵਿਚ ਦੇਖਣ ਨੂੰ ਮਿਲਦੇ ਹਨ। ਨੌਜਵਾਨੀ ਨੂੰ ਮੁਕਾਬਲੇਬਾਜ਼ੀ ਵਿਚ ਧੱਕੇ ਜਾਣ ਤੇ ਕੁਝ ਪ੍ਰਾਪਤ ਕਰਨ ਦਾ ਦਬਾਅ, ਬੁਢਾਪੇ ਵਿਚ ਜ਼ਿੰਦਗੀ ਦੇ ਮੁਲੰਕਣ ਰਾਹੀਂ ਆਪਣੀ ਥਾਂ ਲੱਭਣ ਦੀ ਪ੍ਰੇਸ਼ਾਨੀ। ਔਰਤ ਦੀ ਹਾਲਤ ਬਾਰੇ ਤਾਂ ਅਸੀਂ ਸਾਰੇ ਜਾਣੂ ਹਾਂ ਕਿ ਉਹ ਆਪਣੀ ਜ਼ਿੰਦਗੀ ਦੇ ਦੋ ਘਰਾਂ ਵਿਚ ਆਪਣੀ ਪਛਾਣ ਹੀ ਲੱਭਦੀ ਰਹਿੰਦੀ ਹੈ। ਇਨ੍ਹਾਂ ਹਾਲਾਤ ਵਿਚ ਵੀ ਹੋਰ ਅਨੇਕਾਂ ਸੂਖ਼ਮ ਕਾਰਨ ਹਨ ਪਰ ਜੇ ਇਨ੍ਹਾਂ ਵਿਚੋਂ ਦੋ ਕੇਂਦਰੀ ਬਿੰਦੂਆਂ ਦੀ ਗੱਲ ਕਰਨੀ ਹੋਵੇ ਤਾਂ ਹਰ ਹਾਲਾਤ ਵਿਚ ਇਹ ਹਨ- ਕੋਈ ਉਮੀਦ ਨਜ਼ਰ ਨਾ ਆਉਣੀ, ਹਰ ਪਾਸੇ ਧੁੰਦਲਕਾ ਅਤੇ ਇਸ ਨਾ-ਉਮੀਦੀ ਵਿਚ ਕੋਈ ਵੀ ਥਾਪੜਾ ਨਾ ਦੇਣ ਵਾਲਾ, ਹਿੰਮਤ ਵਧਾਉਣ ਵਾਲਾ ਜਾਂ ਹੱਥ ਵਿਚ ਹੱਥ ਲੈਣ ਵਾਲਾ ਨਾ ਹੋਣਾ; ਮਤਲਬ ਨਾ-ਉਮੀਦੀ ਤੇ ਬੇਸਹਾਰਾ ਹੋਣ ਦਾ ਅਹਿਸਾਸ ਤੇ ਨਤੀਜਾ ਇਹ ਨਿਕਲਦਾ ਹੈ: ਫਿਰ ਜੀਅ ਕੇ ਕੀ ਕਰਨਾ ਹੈ !

ਦੁਨੀਆਂ ਜਾਂ ਸਾਡੇ ਮੁਲਕ ਵਿਚ ਕਿੰਨੇ ਲੋਕ ਉਦਾਸ ਹਨ, ਕਿੰਨੇ ਖ਼ੁਦਕੁਸ਼ੀ ਕਰਦੇ ਹਨ ਤੇ ਕਿੰਨੇ ਕੋਸ਼ਿਸ਼ ਕਰਦੇ ਹਨ ਅਤੇ ਉਹ ਖ਼ੁਦਕੁਸ਼ੀ ਲਈ ਕੀ ਢੰਗ ਵਰਤਦੇ ਹਨ, ਇਹ ਸਭ ਇੰਨਾ ਮਹੱਤਵਪੂਰਨ ਨਹੀਂ ਹੈ ਜਿੰਨਾ ਇਹ ਕਿ ਉਨ੍ਹਾਂ ਨੂੰ ਖ਼ੁਦਕੁਸ਼ੀ ਦੇ ਪੜਾਅ ਤੱਕ ਪਹੁੰਚਣ ਹੀ ਕਿਉਂ ਦਿੱਤਾ ਗਿਆ। ਇਕ ਭਰੇ-ਭੁਕੰਨੇ ਪਰਿਵਾਰ ਅਤੇ ਦੋਸਤਾਂ ਦੇ ਮੇਲੇ ਵਿਚੋਂ ਕਿਸੇ ਨੂੰ ਇਕ ਪਲ ਲਈ ਵੀ ਇਹ ਅਹਿਸਾਸ ਨਹੀਂ ਹੋਇਆ ਕਿ ਅਜਿਹਾ ਗੰਭੀਰ ਹਾਦਸਾ ਵਾਪਰ ਸਕਦਾ ਹੈ। ਖ਼ੁਦਕੁਸ਼ੀ ਦੀ ਵਾਰਦਾਤ ਇਕ ਮਿੰਟ ਵਿਚ ਉਬਾਲ ਵਾਂਗ ਨਹੀਂ ਹੁੰਦੀ, ਭਾਵੇਂ ਕਿਹਾ ਇਹ ਜਾਂਦਾ ਹੈ ਕਿ ਰਾਤੀਂ ਬੱਸ ਪਿਤਾ ਨਾਲ ਝੜਪ ਹੋ ਗਈ, ਪਤੀ ਨਾਲ ਤਕਰਾਰ ਹੋ ਗਿਆ ਜਾਂ ਦਫਤਰ ਵਿਚ ਬੌਸ ਨਾਲ ਕਿਹਾ-ਸੁਣੀ ਹੋ ਗਈ, ਪਰ ਉਹ ਪਲ ਤ੍ਰੇੜ ਪੈ ਚੁੱਕੇ ਪੱਥਰ ਲਈ ਆਖਰੀ ਵਾਰ ਹੁੰਦਾ ਹੈ, ਜਦੋਂਕਿ ਤਣਾਅ ਤੇ ਨਿਰਾਸ਼ਾ ਦੇ ਆਲਮ ਵਿਚ ਲੰਘਦੇ ਹੋਏ ਬੰਦੇ ਵੱਲੋਂ ਨਿਰਾਸ਼ ਸ਼ਬਦਾਂ ਦੀ ਚੋਣ, ਖਾਣ-ਪੀਣ, ਪਹਿਨਣ ਵਿਚ ਉਤਸ਼ਾਹ ਨਾ ਹੋਣਾ, ਸਮਾਜਿਕ ਸਮਾਗਮਾਂ ਵਿਚ ਜਾਣ ਲਈ ਪਾਸਾ ਵੱਟਣਾ ਆਦਿ ਵਿਹਾਰ ਸੰਕੇਤ ਕਰ ਰਹੇ ਹੁੰਦੇ ਹਨ ਕਿ ਉਸ ਨਾਲ ਗੱਲ ਕੀਤੀ ਜਾਵੇ, ਪਰ ਨਾ ਹੀ ਸਾਡੇ ਵਿਚ ਗੰਭੀਰਤਾ ਹੈ ਤੇ ਨਾ ਹੀ ਸਾਡੇ ਕੋਲ ਸਮਾਂ।


ਇਹ ਠੀਕ ਹੈ ਕਿ ਬਹੁਤ ਵਾਰੀ ਗੱਲ ਦੀ ਗੰਭੀਰਤਾ ਅੰਕੜਿਆਂ ਵਿਚ ਸਿਮਟ ਜਾਂਦੀ ਹੈ ਪਰ ਉਹ ਕਈ ਪੱਖਾਂ ਤੋਂ ਹਾਲਾਤ ਨੂੰ ਸਮਝਣ ਵਿਚ ਮਦਦ ਵੀ ਕਰਦੀ ਹੈ, ਜੇਕਰ ਉਹ ਸੰਵੇਦਨਸ਼ੀਲਤਾ ਨਾਲ ਵਿਚਾਰੇ-ਪਰਖੇ ਜਾਣ। ਸਾਡੇ ਮੁਲਕ ਵਿਚ ਖ਼ੁਦਕੁਸ਼ੀ ਦੀ ਜਦੋਂ ਵੀ ਗੱਲ ਚਲਦੀ ਹੈ ਤਾਂ ਕਿਸਾਨਾਂ ਦੀ ਖ਼ੁਦਕੁਸ਼ੀ ਨੂੰ ਲੈ ਕੇ ਹੁੰਦੀ ਹੈ ਤੇ ਇਹ ਸਿਆਸੀ ਮੁੱਦਾ ਵੀ ਬਣਦੀ ਹੈ ਤੇ ਵੋਟ-ਪ੍ਰਾਪਤੀ ਨਾਲ ਵੀ ਜੁੜਦੀ ਹੈ, ਪਰ ਕੁਝ ਖ਼ੁਦਕੁਸ਼ੀਆਂ ਵਿਚੋਂ ਸਭ ਤੋਂ ਵੱਧ ਦਰ ਨੌਜਵਾਨਾਂ ਦੀ ਹੈ ਜੋ ਤਕਰੀਬਨ ਹਰ 4 ਮਿੰਟਾਂ ਵਿਚ ਇਕ ਹੈ। ਦੁਨੀਆਂ ਭਰ ਵਿਚ ਨੌਂ ਲੱਖ ਨੌਜਵਾਨ ਖ਼ੁਦਕੁਸ਼ੀ ਕਰਦੇ ਹਨ ਤੇ ਇਨ੍ਹਾਂ ਵਿਚੋਂ ਤਕਰੀਬਨ 1.35 ਲੱਖ ਸਾਡੇ ਮੁਲਕ ਤੋਂ ਹਨ। ਔਰਤਾਂ ਵਿਚ ਖ਼ੁਦਕੁਸ਼ੀ ਕਰਨ ਲਈ ਕੋਸ਼ਿਸ਼ਾਂ ਵੱਧ ਹੁੰਦੀਆਂ ਪਰ ਕਰਨ ਵਾਲਿਆਂ ਵਿਚੋਂ ਮਰਦਾਂ ਦੀ ਗਿਣਤੀ ਵੱਧ ਹੈ। ਉਦਾਸੀ ਔਰਤਾਂ ਵਿਚ ਪੁਰਸ਼ਾਂ ਤੋਂ ਦੁੱਗਣੀ ਹੁੰਦੀ ਹੈ ਪਰ ਨਸ਼ੇ ਮਰਦ ਵੱਧ ਕਰਦੇ ਹਨ। ਇਸ ਨੂੰ ਸਮਾਜਿਕ ਪ੍ਰਸੰਗ ਵਿਚ ਵਿਚਾਰਿਆ ਜਾ ਸਕਦੇ ਹੈ। ਉਪਰ ਅਸੀਂ ਦੋ ਮੁੱਖ ਅਹਿਸਾਸ ਦੀ ਗੱਲ ਕੀਤੀ ਹੈ ਜਿਸ ਨੂੰ ਸਮਾਜਿਕ ਰਿਸ਼ਤਿਆਂ ਦੇ ਨਜ਼ਰੀਏ ਤੋਂ ਦੇਖਣ-ਸਮਝਣ ਦੀ ਲੋੜ ਹੈ। ਸਮਾਜ ਹੈ ਹੀ ਆਪਸੀ ਰਿਸ਼ਤਿਆਂ ਦੇ ਤਾਣੇ-ਬਾਣੇ ਦਾ ਨਾਂ। ਅਸੀਂ ਦੇਖ ਸਕਦੇ ਹਾਂ ਕਿ ਮੌਜੂਦਾ ਸਮੇਂ ਦੌਰਾਨ ਰਿਸ਼ਤਿਆਂ ਵਿਚ ਦੂਰੀ ਜ਼ਰੂਰ ਵਧੀ ਹੈ ਪਰ ਜਿਹੜੀ ਗੱਲ ਸਭ ਤੋਂ ਵੱਧ ਧਿਆਨ ਮੰਗਦੀ ਹੈ, ਉਹ ਹੈ ਆਪਸੀ ਵਿਸ਼ਵਾਸ ਦੀ ਘਾਟ। ਇਸ ਨੂੰ ਕਈ ਪੱਖਾਂ ਤੋਂ ਸਮਝਿਆ ਜਾ ਸਕਦਾ ਹੈ। ਉਂਜ ਡੂੰਘਾਈ ਅਤੇ ਜੜ੍ਹ ਤੱਕ ਜਾਣ ਦੀ ਹੱਦ ਤੱਕ 'ਡੈੱਡਲਾਈਨ' ਵਰਗੀ ਕਾਰਜ ਸ਼ੈਲੀ ਦੀ ਅੰਨ੍ਹੀ ਦੌੜ, ਸਭ ਨੂੰ ਲਤਾੜਦੇ ਹੋਏ ਅੱਗੇ ਵਧਣ ਦੀ ਹੋੜ। ਫਿਰ ਸਾਰੇ ਰਿਸ਼ਤੇ ਬੇਮਾਇਨੇ ਹੋ ਜਾਂਦੇ ਹਨ। ਦੁਨੀਆਂ ਭਰ ਦਾ ਵਰਤਾਰਾ 10/90 ਦੇ ਸਿਰਲੇਖ ਹੇਠ ਚਿਤਰਿਆ ਜਾ ਰਿਹਾ ਹੈ। ਦੁਨੀਆਂ ਦੀ ਦੌਲਤ 10 ਫ਼ੀਸਦੀ ਹੱਥਾਂ ਵਿਚ ਹੈ, ਜਿੰਨੀ ਬਾਕੀ 90 ਫ਼ੀਸਦੀ ਕੋਲ। ਦੌਲਤ ਸਾਡੇ ਆਧੁਨਿਕ ਯੁੱਗ ਦਾ ਵਿਕਾਸ ਸੂਚਕ ਹੈ। ਪ੍ਰਤੀ ਵਿਅਕਤੀ ਆਮਦਨ। ਇਹ ਸਮੇਂ-ਸਮੇਂ ਬਦਲੇ/ਸੋਧੇ ਜਾਂਦੇ ਹਨ ਅਤੇ ਹਰ ਕੋਈ ਆਪੋ-ਆਪਣੇ ਖੇਮੇ ਵਿਚ ਇਨ੍ਹਾਂ ਨੂੰ ਵਿਚਾਰਦਾ ਹੈ ਪਰ ਇਕ ਪਾਸਾ ਹੋਰ ਹੈ: ਕੀ ਇਨ੍ਹਾਂ ਨੂੰ ਨੀਂਦ ਦੀ ਗੋਲੀ ਖਾ ਕੇ ਸੌਣ ਵਾਲੇ ਲੋਕਾਂ ਦੀ ਤਾਦਾਦ ਨਾਲ ਜੋੜ ਕੇ ਦੇਖਿਆ ਜਾਂਦਾ ਹੈ ? ਮਨੁੱਖੀ ਵਿਕਾਸ ਦੀ ਗੱਲ ਕਰਾਂਗੇ ਤਾਂ ਸਾਡੇ ਕੋਲ ਬਹੁਤ ਕੁਝ ਹੈ, ਕਹਿਣ ਨੂੰ ਚੰਨ ਉੱਤੇ ਪਹੁੰਚ ਗਏ, ਮੰਗਲ ਗ੍ਰਹਿ 'ਤੇ ਘਰ ਪਾਉਣ ਦੀ ਚਾਹਤ। ਰੋਬੋਟ, ਕੰਪਿਊਟਰ ਤੇ ਨਾਲ ਹੀ ਇਹ ਵੀ ਸੱਚ ਹੈ ਕਿ ਬਿਮਾਰੀਆਂ ਨਾਲ ਪੀੜਤ ਹੋਣ ਵਾਲੇ ਕਾਰਨਾਂ ਵਿਚੋਂ ਪਹਿਲਾ ਨੰਬਰ ਦਿਲ ਦੇ ਰੋਗਾਂ ਦਾ ਹੈ ਤੇ ਦੂਸਰਾ ਉਦਾਸੀ ਰੋਗ ਦਾ। ਹੁਣ ਜਿਸ ਰਫ਼ਤਾਰ ਨਾਲ ਉਦਾਸੀ ਵਧ ਰਹੀ ਹੈ, ਉਦਾਸੀ ਪਹਿਲਾ ਥਾਂ ਹਾਸਲ ਕਰਨ ਵੱਲ ਜਾ ਰਹੀ ਹੈ। ਉਦਾਸੀ ਅਤੇ ਵਿਕਾਸ ! ਪ੍ਰਾਪਤੀਆਂ ਅਤੇ ਨਿਰਾਸ਼ਾ ! ਕੀ ਇਹ ਵਿਰੋਧਾਭਾਸ ਨਹੀਂ ? ਕੁਝ ਹਾਸਿਲ ਕਰ ਕੇ ਤਾਂ ਖੁਸ਼ੀ ਹੁੰਦੀ ਹੈ, ਆਪਣੀ ਕਾਢ ਤੇ ਮਾਣ ਹੁੰਦਾ ਹੈ। ਫਿਰ ਇਹ ਕੀ ? ਮਤਲਬ ਕਿਤੇ ਨਾ ਕਿਤੇ ਘਾਟ ਹੈ। ਖੁਸ਼ਹਾਲੀ ਹੈ, ਖੁਸ਼ੀ ਨਹੀਂ ਹੈ। ਆਦਮੀ ਪ੍ਰਾਪਤੀਆਂ ਕਰਦਾ ਦੌੜ ਰਿਹਾ ਹੈ। ਸਭ ਨੂੰ ਪਿੱਛੇ ਛੱਡਦਾ, ਧਕੇਲਦਾ ਤੇ ਫਿਰ ਨਿਸ਼ਾਨੇ ਉੱਤੇ ਪਹੁੰਚ ਕੇ ਆਲੇ-ਦੁਆਲੇ ਦੇਖਦਾ ਹੈ, ਕੋਈ ਨਹੀਂ ਹੁੰਦਾ। ਐਨ ਇਕੱਲਾ ! ਗੱਲ ਕਿਸ ਨਾਲ ਸਾਂਝੀ ਕਰੇ। ਪ੍ਰਾਪਤੀ ਦੀ ਖੁਸ਼ੀ ਢਹਿ-ਢੇਰੀ ਹੋ ਜਾਂਦੀ ਹੈ। ਸਮੇਂ ਨੇ ਸਾਨੂੰ ਫਿਰ ਅੰਦਰੋਂ ਨਿਰਾਸ਼ ਹੁੰਦਿਆਂ, ਬਾਹਰੋਂ ਖੁਸ਼ ਅਤੇ ਚਮਕ-ਦਮਕ ਬਣਾ ਕੇ ਰੱਖਣਾ ਵੀ ਸਿਖਾਇਆ ਹੈ। ਦੋ ਸਾਲ ਪਹਿਲਾਂ ਵਿਸ਼ਵ ਸਿਹਤ ਸੰਸਥਾ ਨੇ ਦੁਨੀਆਂ ਦਾ ਧਿਆਨ ਇਸ ਹਾਲਤ ਵੱਲ ਖਿੱਚਿਆ ਸੀ, ਜਦੋਂ ਇਹ ਕਿਹਾ- ਉਦਾਸੀ: ਆਉ ਗੱਲਾਂ ਕਰੀਏ। ਭਾਵ ਸਪੱਸ਼ਟ ਸੀ ਕਿ ਸੰਵਾਦ ਦੀ ਤੰਦ ਨਾ ਤੋੜੀਏ ਪਰ ਗੱਲਾਂ ਕਿਸ ਨਾਲ ਕਰੀਏ ? ਹੈ ਕੋਈ ਮਨ ਦੀ ਹਾਲਤ ਸੁਣਨ/ਸਮਝਣ ਵਾਲਾ ? ਕੌਣ ਮੇਰੀ ਗੱਲ ਨੂੰ ਗੰਭੀਰਤਾ ਨਾਲ ਸੁਣੇਗਾ ? ਦਰਦ ਨੂੰ ਮਹਿਸੂਸ ਕਰੇਗਾ ? ਇਸ ਵਿਚ ਦੋ ਮੁੱਖ ਗੱਲਾਂ ਹਨ। ਪਹਿਲੀ ਹੈ ਸੁਣਨਾ ਅਤੇ ਦੂਸਰਾ ਹੈ ਦਰਦ ਨੂੰ ਗੰਭੀਰਤਾ ਨਾਲ ਲੈਣਾ। 'ਨਾਨਕ ਦੁਖੀਆ ਸਭ ਸੰਸਾਰ' ਦੀ ਭਾਵਨਾ ਉਦਾਸੀ ਰੋਗ ਵਿਚ ਕਾਰਗਰ ਨਹੀਂ ਹੁੰਦੀ- 'ਕੀ ਤੂੰ ਇਕੱਲਾ ਹੀ ਦੁਖੀ ਹੈਂ ?' ਜਿਹੀ ਸਲਾਹ ਸਗੋਂ ਬੰਦੇ ਨੂੰ ਵੱਧ ਦੁਖੀ ਕਰਦੀ ਹੈ। ਹਿੰਮਤ, ਥਾਪੀ, ਇਹ ਅਹਿਸਾਸ ਕਿ ਘਬਰਾ ਨਾ, ਮੈਂ ਤੇਰੇ ਨਾਲ ਹਾਂ, ਹੀ ਅਸਲ ਇਲਾਜ ਹੈ; ਤਣਾਅ, ਉਦਾਸੀ ਘੱਟ ਕਰਨ ਅਤੇ ਬੰਦੇ ਨੂੰ ਖ਼ੁਦਕੁਸ਼ੀ ਦੇ ਫੈਸਲੇ ਤੋਂ ਵਾਪਸ ਮੋੜ ਲਿਆਉਣ ਦਾ।

**ਲੇਖਕ : ਡਾ. ਸ਼ਿਆਮ ਸੁੰਦਰ ਦੀਪਤੀ**
**×ਪ੍ਰੋਫੈਸਰ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ**
**ਸੰਪਰਕ: 98158-08506**

# ਕਸ਼ਮੀਰ ਵਿਚ ਭਾਰਤ ਦੀ ਸਖਤ ਨੀਤੀ ਦਾ ਬਗਾਵਤ 'ਤੇ ਪੈ ਰਿਹਾ ਅਸਰ

2014 ਵਿਚ ਭਾਰਤ ਅੰਦਰ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬਣਨ ਤੋਂ ਬਾਅਦ ਭਾਰਤ ਦੀ ਕਸ਼ਮੀਰ ਨੀਤੀ ਬਹੁਤ ਸਖਤ ਹੋ ਗਈ। ਜਿੱਥੇ ਭਾਰਤ ਸਰਕਾਰ ਨੇ ਧਾਰਾ 370 ਹਟਾ ਕੇ ਕਸ਼ਮੀਰ ਨੂੰ ਭਾਰਤ ਵਿਚ ਸ਼ਾਮਲ ਹੋਣ ਮੌਕੇ ਹੋਏ ਸਮਝੌਤੇ ਅਧੀਨ ਮਿਲਿਆ ਹੋਇਆ ਖਾਸ ਸੂਬੇ ਦਾ ਦਰਜਾ ਖੋਹ ਲਿਆ ਉੱਥੇ ਪਹਿਲਾਂ ਤੋਂ ਹੀ ਦੁਨੀਆ ਵਿਚ ਸਭ ਤੋਂ ਵੱਧ ਫੌਜੀ ਤੈਨਾਤੀ ਵਾਲੇ ਖਿੱਤੇ ਕਸ਼ਮੀਰ ਵਿਚ ਫੌਜ ਦੀ ਤੈਨਾਤੀ ਹੋਰ ਵਧਾ ਦਿੱਤੀ।

ਜੂਨ 2018 ਵਿਚ ਮਹਿਬੂਬਾ ਮੁਫਤੀ ਦੇ ਬਤੌਰ ਮੁੱਖ ਮੰਤਰੀ ਅਸਤੀਫਾ ਦੇਣ ਮਗਰੋਂ ਕਸ਼ਮੀਰ ਵਿਚ ਲਗਭਗ ਲੋਕਤੰਤਰਿਕ ਸਰਕਾਰ ਦੇ ਨਾਂ 'ਤੇ ਕੋਈ ਸ਼ੈਅ ਨਹੀਂ ਹੈ। ਇਸ ਤੋਂ ਲਗਭਗ ਸਾਲ ਬਾਅਦ 2019 ਵਿਚ ਧਾਰਾ 370 ਨੂੰ ਖਤਮ ਕਰਦਿਆਂ ਹੀ ਵੱਡੀ ਗਿਣਤੀ ਵਿਚ ਕਸ਼ਮੀਰ ਦੇ ਅਜ਼ਾਦੀ ਪਸੰਦ ਆਗੂਆਂ ਦੇ ਨਾਲ-ਨਾਲ ਕਸ਼ਮੀਰ ਦੇ ਭਾਰਤ ਪ੍ਰਸਤ ਆਗੂਆਂ ਨੂੰ ਵੀ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ। ਕਈ ਮਹੀਨੇ ਕਸ਼ਮੀਰ ਦੇ ਲੋਕਾਂ ਜੋ ਜੇਲ੍ਹਾਂ ਵਿਚ ਕੈਦ ਨਹੀਂ ਕੀਤੇ ਗਏ, ਉਹ ਆਪਣੇ ਘਰਾਂ ਵਿਚ ਕੈਦ ਰਹੇ। ਕਈ ਮਹੀਨੇ ਇੰਟਰਨੈਟ ਪੂਰੀ ਤਰ੍ਹਾਂ ਠੱਪ ਰਿਹਾ। ਕਸ਼ਮੀਰ ਦਾ ਬਾਕੀ ਦੁਨੀਆ ਨਾਲੋਂ ਹਰ ਸਬੰਧ ਤੋੜ ਦਿੱਤਾ ਗਿਆ ਸੀ। ਸਰਕਾਰੀ ਅੰਕੜਿਆਂ ਮੁਤਾਬਕ ਲੰਘੇ ਜੂਨ ਮਹੀਨੇ ਵਿਚ ਹੀ ਕਸ਼ਮੀਰ ਅੰਦਰ 42 ਬਾਗੀ ਮਾਰੇ ਗਏ ਹਨ। ਇਹ ਸਾਰੇ ਹੀ ਲਗਭਗ ਕਸ਼ਮੀਰ ਦੇ ਨੌਜਵਾਨ ਸਨ। ਜੰਮੂ ਕਸ਼ਮੀਰ ਦੇ ਪੁਲਸ ਮੁਖੀ ਦਿਲਬਾਗ ਸਿੰਘ ਨੇ ਦੱਸਿਆ ਕਿ ਪਿਛਲੇ ਦੋ ਹਫਤਿਆਂ ਵਿਚ 22 ਬਾਗੀ ਮਾਰੇ ਜਾ ਚੁੱਕੇ ਹਨ। ਇਹਨਾਂ ਵਿਚੋਂ ਜ਼ਿਆਦਾਤਰ ਉਹ ਮੁੰਡੇ ਹਨ ਜਿਹਨਾਂ ਨੇ ਕੁੱਝ ਦਿਨ ਪਹਿਲਾਂ ਹੀ ਭਾਰਤ ਖਿਲਾਫ ਹਥਿਆਰ ਚੁੱਕੇ ਸੀ। ਪਿਛਲੇ ਕੁੱਝ ਮਹੀਨਿਆਂ ਤੋਂ ਜਿੱਥੇ ਪੁਲਸ ਨੇ ਕਸ਼ਮੀਰੀ ਬਾਗੀਆਂ ਦੇ ਕਤਲਾਂ ਦੀ ਗਿਣਤੀ ਵਧਾ ਦਿੱਤੀ ਹੈ ਉੱਥੇ ਨਾਲ ਹੀ ਹੁਣ ਮਾਰੇ ਗਏ ਕਸ਼ਮੀਰੀ ਮੁੰਡਿਆਂ ਦੀਆਂ ਲਾਸ਼ਾਂ ਵੀ ਆਖਰੀ ਕਿਰਿਆ ਕਰਮ ਲਈ ਉਹਨਾਂ ਦੇ ਪਰਿਵਾਰਾਂ ਨੂੰ ਨਹੀਂ ਦਿੱਤੀਆਂ ਜਾਂਦੀਆਂ। ਪੁਲਸ ਕਿਤੇ ਦੂਰ ਆਪ ਹੀ ਇਹਨਾਂ ਲਾਸ਼ਾਂ ਨੂੰ ਦੱਬ ਦਿੰਦੀ ਹੈ। ਭਾਰਤ ਖਿਲਾਫ ਲੜਦਿਆਂ ਮਰੇ ਬਾਗੀਆਂ ਦੇ ਅੰਤਿਮ ਸੰਸਕਾਰ 'ਤੇ ਵੱਡੇ ਇਕੱਠ ਹੁੰਦੇ ਸਨ ਜਿਸ ਤੋਂ ਭਾਰਤ ਸਰਕਾਰ ਘਬਰਾਉਂਦੀ ਸੀ। ਭਾਰਤੀ ਫੌਜ ਨਾਲ ਮੁਕਾਬਲੇ ਵਿਚ ਮਾਰੇ ਗਏ ਕਸ਼ਮੀਰੀ ਨੌਜਵਾਨ ਸੱਜਾਦ ਦੀ ਭੈਣ ਨੇ ਮੀਡੀਆ ਨੂੰ ਦੱਸਿਆ, ਸਾਨੂੰ ਉਸਦੇ ਚਿਹਰੇ ਦੀ ਇਕ ਝਲਕ ਹੀ ਦਿਖਾਈ ਗਈ ਤੇ ਉਸਨੂੰ ਹੱਥ ਤਕ ਨਹੀਂ ਲਾਉਣ ਦਿੱਤਾ ਗਿਆ ਤੇ ਨਾ ਹੀ ਉਸਦੀ ਕੋਈ ਤਸਵੀਰ ਖਿੱਚਣ ਦਿੱਤੀ ਗਈ। ਕੋਈ ਨਹੀਂ ਹੈ ਜਿਸਨੂੰ ਅਸੀਂ ਦੱਸੀਏ ਅਤੇ ਜੋ ਸਾਡੀ ਗੱਲ ਸੁਣੇ ਕਿ ਲਾਸ਼ ਲੈਣਾ ਤਾਂ ਸਾਡਾ ਹੱਕ ਹੈ। ਅਲ ਜਜ਼ੀਰਾ ਅਖਬਾਰ ਨਾਲ ਗੱਲ ਕਰਦਿਆਂ ਜੰਮੂ ਕਸ਼ਮੀਰ ਪੁਲਸ ਦੇ ਆਈਜੀ ਵਿਜੇ ਕੁਮਾਰ ਨੇ ਮੰਨਿਆ ਕਿ ਪੁਲਸ ਬਾਗੀਆਂ ਦੀਆਂ ਲਾਸ਼ਾਂ ਪਰਿਵਾਰਾਂ ਨੂੰ ਨਹੀਂ ਦਿੰਦੀ ਅਤੇ ਨਾ ਹੀ ਲਾਸ਼ਾਂ ਬਾਗੀਆਂ ਦੇ ਜੱਦੀ ਪਿੰਡਾਂ ਵਿਚ ਦਫਨਾਉਣ ਦੀ ਪ੍ਰਵਾਨਗੀ ਦਿੱਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਹ ਸਭ ਕੋਰੋਨਾਵਾਇਰਸ ਦੇ ਚਲਦਿਆਂ ਕੀਤਾ ਜਾ ਰਿਹਾ ਹੈ ਕਿਉਂਕਿ ਬਾਗੀਆਂ ਦੇ ਅੰਤਿਮ ਸੰਸਕਾਰ 'ਤੇ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੁੰਦੇ ਹਨ ਅਤੇ ਨਾਲ ਹੀ ਇਸ ਤਰ੍ਹਾਂ ਬਾਗੀਆਂ ਨੂੰ ਲੋਕਾਂ ਵਿਚ ਮਿਲਦੀ ਮਸ਼ਹੂਰੀ ਵੀ ਰੁਕ ਗਈ ਹੈ। ਧਾਰਾ 370 ਹਟਾਉਣ ਬਾਰੇ ਕਸ਼ਮੀਰੀਆਂ ਵੱਲੋਂ ਸਭ ਤੋਂ ਵੱਡਾ ਤੌਖਲਾ ਇਹ ਪ੍ਰਗਟ ਕੀਤਾ ਜਾਂਦਾ ਸੀ ਕਿ ਇਸ ਨਾਲ ਭਾਰਤ ਸਰਕਾਰ ਕਸ਼ਮੀਰ ਵਿਚ ਅਬਾਦੀ ਦੇ ਤਬਾਦਲਾ ਕਰਨ ਜਾ ਰਹੀ ਹੈ। ਕਸ਼ਮੀਰੀਆਂ ਦਾ ਕਹਿਣਾ ਸੀ ਕਿ ਹੁਣ ਭਾਰਤ ਸਰਕਾਰ ਭਾਰਤ ਦੇ ਹੋਰ ਸੂਬਿਆਂ ਵਿਚੋਂ ਲਿਆ ਕੇ ਹਿੰਦੂਆਂ ਨੂੰ ਕਸ਼ਮੀਰ ਵਿਚ ਵਸਾਉਣ ਦਾ ਪ੍ਰਬੰਧ ਕਰੇਗੀ ਤਾਂ ਕਿ ਮੁਸਲਿਮ ਬਹੁਗਿਣਤੀ



ਵਾਲੇ ਪ੍ਰਭਾਵ ਨੂੰ ਖਤਮ ਕੀਤਾ ਜਾ ਸਕੇ। ਪਿਛਲੇ ਮਹੀਨੇ ਭਾਰਤ ਸਰਕਾਰ ਨੇ 25,000 ਬਾਹਰੀ ਲੋਕਾਂ ਨੂੰ ਵਸੇਬੇ ਦੇ ਦਸਤਾਵੇਜ ਵੰਡੇ। ਇਸ ਨੂੰ ਮਹਿਜ਼ ਇਕ ਸ਼ੁਰੂਆਤ ਮੰਨਿਆ ਜਾ ਰਿਹਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਸ ਕਾਰਵਾਈ 'ਤੇ ਇਤਰਾਜ਼ ਪ੍ਰਗਟ ਕਰਦਿਆਂ ਇਸ ਮਸਲੇ ਨੂੰ ਕੌਮਾਂਤਰੀ ਪੱਧਰ 'ਤੇ ਚੁੱਕਣ ਦਾ ਬਿਆਨ ਜਾਰੀ ਕੀਤਾ। ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਿਚ ਭਾਰਤ ਨੇ ਕਸ਼ਮੀਰੀਆਂ ਨਾਲ ਗੱਲਬਾਤ ਰਾਹੀਂ ਕਿਸੇ ਸਹਿਮਤੀ 'ਤੇ ਪਹੁੰਚਣ ਦੇ ਸਾਰੇ ਰਾਹ ਬੰਦ ਕਰ ਦਿੱਤੇ ਹਨ ਅਤੇ ਫੌਜੀ ਤਾਕਤ ਨਾਲ ਕਸ਼ਮੀਰੀਆਂ ਦੀ ਅਜ਼ਾਦੀ ਤਾਂਘ ਨੂੰ ਦਬਾਉਣ ਦਾ ਇਕੋ ਇਕ ਰਾਹ ਫੜ ਲਿਆ ਹੈ। ਇਸ ਨੀਤੀ ਕਾਰਨ ਕਸ਼ਮੀਰ ਵਿਚ ਨਵੇਂ ਨੌਜਵਾਨਾਂ ਅੰਦਰ ਹਥਿਆਰ ਚੁੱਕਣ ਦੀ ਪਰਵਿਰਤੀ ਵਧ ਰਹੀ ਹੈ ਅਤੇ ਬਿਨ੍ਹਾਂ ਕਿਸੇ ਉੱਚ ਸਿਖਲਾਈ ਦੇ ਸੀਮਤ ਸਾਧਨਾਂ ਨਾਲ ਉਹ ਭਾਰਤ ਖਿਲਾਫ ਲੜਾਈ ਨੂੰ ਜਾਰੀ ਰੱਖ ਰਹੇ ਹਨ।

# Thinking of Buying/Selling ?

WIN ZONE REALTY INC.

Win Zone Realty Inc.



# Baldev Singh

**Associate Broker/Notary Public**

**146-20 34 av. Flushing NY 11354**

**Cell : 917-224-7395**

**Email : josanbaldev@yahoo.com**







## BEWARE OF SCAMS AND FRAUD SCHEMES

The Office of Inspector General recognizes that we are facing unprecedented times and is alerting the public about potential fraud schemes related to economic stimulus programs offered by the U.S. Small Business Administration in response to the Novel Coronavirus Pandemic (COVID-19). The Coronavirus Aid, Relief, and Economic Security Act (CARES Act), the largest financial assistance bill to date, includes provisions to help small businesses. Fraudsters have already begun targeting small business owners during these economically difficult times. Be on the lookout for grant fraud, loan fraud, and phishing.

### Grants

- SBA ***does not*** initiate contact on either 7a or Disaster loans or grants. If you are proactively contacted by someone claiming to be from the SBA, suspect fraud.

### Loans

- If you are contacted by someone promising to get approval of an SBA loan, but requires any payment up front or offers a high interest bridge loan in the interim, suspect fraud.
- SBA limits the fees a broker can charge a borrower to 3% for loans $50,000 or less and 2% for loans $50,000 to $1,000,000 with an additional ¼% on amounts over $1,000,000. Any attempt to charge more than these fees is inappropriate.
- If you have a question about getting a SBA disaster loan, call 800-659-2955 or send an email to disastercustomerservice@sba.gov.
- If you have questions about other SBA lending products, call SBA's Answer Desk at 800-827-5722 or send an email to answerdesk@sba.gov.

### Phishing

- Look out for phishing attacks/scams utilizing the SBA logo. These may be attempts to obtain your personally identifiable information (PII),to obtain personal banking access, or to install ransomware/malware on your computer.
- If you are in the process of applying for an SBA loan and receive email correspondence asking for PII, ensure that the referenced application number is consistent with the actual application number.
- Any email communication from SBA will come from accounts ending with ***sba.gov***.
- The presence of an SBA logo on a webpage ***does not*** guaranty the information is accurate or endorsed by SBA. Please cross-reference any information you receive with information available at www.sba.gov.

Report any suspected fraud to OIG's Hotline at 800-767-0385 or online at, https://www.sba.gov/about-sba/oversight-advocacy/office-inspector-general/office-inspector-general-hotline.

# सुप्रीम कोर्ट के फैसले के बावजूद भी सरकार इन बलों को नहीं दे रही है संगठित ग्रुप ए सर्विस का दर्जा



नई दिल्ली। आलोक गौड़ :– बार्डर सिक्यूरिटी फोर्स (बीएसएफ), केन्द्रीय रिजर्व पुलिस बल (सीआरपीएफ), भारत तिब्बत सीमा पुलिस (आईटीबीपी), केन्द्रीय औद्योगिक सुरक्षा बल (सीआईएसएफ) और एस एस बी जैसे अर्ध सैनिक बलों या केन्द्रीय सुरक्षा बल के जवान और अधिकारियों का हमारी बाहरी व आंतरिक सुरक्षा में अतुलनीय योगदान है। बावजूद इसके सरकार नौकरशाह और आईपीएस लाबी के दबाव में इनके साथ दोयम दर्जे का व्यवहार कर रही है बल्कि सुप्रीम कोर्ट के आदेश की अवेहलना करते हुए इन्हें नान फंक्शनल फाइनेंशियल फंड और संगठित ग्रुप ए सर्विस का लाभ भी नहीं दे रही। जिसको लेकर न केवल सुप्रीम कोर्ट ने केंद्रीय गृह मंत्रालय को फटकार लगाई है बल्कि अदालत उसके खिलाफ अदालत की अवमानना के मामले में सुनवाई भी कर रही है।

इन अर्ध सैनिक बलों के हक की लड़ाई लड़ने वाली कानून की शोधकर्ता दीपिका देशवाल के मुताबिक सुप्रीम कोर्ट ने फरवरी 2019 में अर्ध सैनिक बलों के हक में फैसला सुनाया था। जिसके बाद इन बलों के एक संयुक्त प्रतिनिधि मंडल ने तत्कालीन गृह मंत्री राजनाथ सिंह के साथ मुलाकात की थी। तब राजनाथ सिंह ने लोकसभा चुनावों के कारण आचार संहिता लागू होने की आड़ में चुनाव के बाद उनके साथ होने वाले सभी भेदभाव को खत्म करने और अदालत के फैसले को लागू करने का आश्वासन दिया था। चुनाव के बाद राजनाथ सिंह के स्थान पर अमित शाह देश के गृह मंत्री बन गए और इनका मामला फिर से अटक गया। दीपिका देशवाल के मुताबिक अर्ध सैनिक बलों के जवान और अधिकारियों को बाहरी व देश के भीतरी दुश्मनों से निपटने के साथ ही अपने जायज हकों के लिए भी नौकरशाह और आईपीएस लाबी से लड़ना पड़ा रहा है। इसमें भी दुखद बात तो यह है कि सरकार इन बलों के जवान और अधिकारियों को उनका हक देकर उनका मनोबल बढ़ाने के बजाय नौकरशाह और आईपीएस लाबी के हाथों में खेलकर उन्हें नैराश्य के सागर में डुबोने का काम कर रही है।

**एक पैरामिलिट्री बल की व्यथा : नेहरू 1.0 से मोदी 2.0 तक**

मैं आपका ध्यान उन सैनिकों की समस्याओं की ओर दिलाना चाहती हूँ जो सीमाओं की रक्षा के लिए दिन–रात, गर्मी और ठंड में अनवरत खड़े है। जो कश्मीर, उत्तर–पूर्व या नक्सल में लड़ रहे है और शहीद हो रहे है, लेकिन आज यह बल अपनी पहचान तथा भविष्य के लिए अपने भीतर ही लड़ रहे है। यह बेहद निराशाजनक है तथा बलों के लिए हानिकारक भी।

मैं सीमा सुरक्षा बल का उदाहरण देना चाहूंगी। 1965 में इसका गठन पाकिस्तान के आक्रमण के बाद किया गया था जो फौज ना हो पर फौज से कम भी ना हो। शुरूआती कमांडिंग ऑफिसर सेना से तथा प्रशिक्षण सेना की तर्ज पर होने के कारण यह एक बेहतरीन बल के रूप में उभरा तथा सीमाओं पर, कश्मीर, उत्तर–पूर्व, पंजाब तथा नक्सल में स्वयं को साबित किया। तब यह बल छोटा था तथा मुख्यालय कम थे। राजनैतिक समस्याएं कम थी। भारतीय पुलिस सेवा के अधिकारी भी कम थे तथा दोयम दर्जे के नहीं थे। हमेशा सेना के अधिकारियों द्वारा कमांड देना संभव नहीं था अतः आईपीएस अधिकारियों को डेपुटेशन की सुविधा दी गई जब तक सीमा सुरक्षा बल के अपने वरिष्ठ अधिकारियों का कैडर तैयार ना हो जाए। यह 70 का दशक था। समस्या तब शुरू हुई जब सीमाएं अशांत हुई तथा राज्यों में राजनैतिक समस्याएं पैदा हुई। आईपीएस के अवसर राज्यों में कम हुए, इनकी संख्या बढ़ी तथा योग्यता कम हुई। केन्द्रीय बलों में डेपुटेशन इन के लिए लूप लाइन तथा राजनैतिक समस्याओं से बचने का एक जरिया बन गया। पहले यह कमांडेंटध्समादेष्टा रैंक पर भी आने को तैयार थे। सीमाओं पर कमांडेंट की जिम्मेवारी तय होनी शुरू हुई तब यह डीआईजी तथा ऊपर के रैंक लेने लगे। डीआईजी स्तर पर भी ऑपरेशनल दिक्कत होने से यह इन पदों पर इच्छुक नहीं हैं, हालांकि आरामदेह सेक्टर जैसे जैसलमेर, बीकानेर, पंजाब अब भी इनकी मनपसंद पोस्टिंग में से है।

आईपीएस अधिकारी राज्यों में नौकरी करके राजनीति का पुलिसिया पाठ पढ़ कर आते है जिसमें अपने फायदे के लिए किसी भी स्तर तक गिर जाना शामिल है जबकि बीएसएफ के कैडर अधिकारी अपनी सीमाओं के कामों में उलझे रहे। आईपीएस अधिकारियों ने सोची–समझी साजिश के तहत सीमा सुरक्षा बल के कैडर को पनपने नहीं दिया तथा आईजी स्तर पर एचआर, इंटेलिजेंस तथा प्रशासन जैसी जगह पर कब्जा किया जिससे यह संपूर्ण सीमा सुरक्षा बल पर कब्जा कर सकें।

आईपीएस एसोसएशन जैसी संस्थाओं ने इन्हें ऑर्गेनाइज किया वहीं बीएसएफ कैडर ऑफिसर आर्म्ड फोर्स एक्ट के तहत कोई एसोसिएशन ना बना सकें तथा इनका कोई प्रतिनिधित्व नहीं हो सका। यह 90 का दशक था तथा केन्द्र में कमजोर सरकारें आई। राजनेता कमजोर होते गए तथा नौकरशाह मजबूत। सशस्त्र बल के कार्मिक जिनकी आवाज सरकार है, क्योंकि यह आंदोलन नहीं कर सकते, लोबिंग नहीं कर सकते थे। उस सरकार पर नौकरशाहों, आईपीएस का नियंत्रण था। अतः सरकार के सुनने का सवाल ही नहीं उठता था।

**आईपीएस अधिकारियों ने वही स्ट्रेटजी केन्द्रीय बलों में अप्लाई की जो अंग्रेजों द्वारा गुलाम भारत पर इस्तेमाल किया गया था जैसे–**

**सीमा सुरक्षा बल के चंद अफसरों को अतिरिक्त लाभ देकर रायबहादुर जैसा तमगा देकर कैडर में दरार डालना।**

**सक्षम अधिकारियों को उत्तर–पूर्व या नक्सल में लूप लाइन में रखना।**

**सीमा सुरक्षा बल अधिकारियों को कई मामलों में फंसाना तथा इंगेज रखना।**

**सीधी भर्ती अधिकारियों को स्टैटिक लोकेशन से दूर रखना ताकि वे जागरूक ना हो सकें।**

आईपीएस अधिकारियों द्वारा मनमाने तरीके से बल के संसाधनों का दुरूपयोग हुआ। उदाहरण राजस्थान जहां जवान अपने सर पर जनरेटर लेकर रेगिस्तान में चलते हैं ताकि आईपीएस आईजी रेत के टीलों पर नृत्य तथा संगीत का आनंद ले सकें। विद्रोह ना होने पाए उसके लिए जिस तरह अंग्रेज सरकार डलहौजी के बाद रिपन को भेजती थी उसी प्रकार सीमा सुरक्षा बल में भी रमन श्रीवास्तव, सुभाष जोशी के बाद मरहम लगाने के लिए श्री कुमावत, श्री प्रकाश सिंह जैसे लोग भी भेजे गए।

समय बदला और 2000 का दशक आया। अंग्रेजी शासन के अत्याचार का पानी सर के ऊपर जा चुका था। सीमा सुरक्षा बल के अपने कैडर अधिकारियों की जमीनी खेप तैयार हो चुकी थी। रायबहादुर या तो रिटायर हो चुके थे या आईजी और एडीजी बन चुके थे। पढ़े लिखे और काबिल लोग बल ज्वाइन कर रहे थे। सोशल मीडिया उन्हें जागरूक कर रहा था। स्थिर सरकार से हिम्मत मिल रही थी। इस हिम्मत ने इन्हें संगठित किया तथा सरकार तथा आईपीएस से कोई मदद ना मिलने पर कोर्ट की शरण ली। बहुत ही धीमा प्रमोशन, खराब आर्थिक स्थिति, सम्मान की कमी तथा आईपीएस के व्यवहार ने अंतिम लड़ाई की शक्ति दी। इसके फलस्वरूप 2019 में माननीय उच्चतम न्यायालय ने केन्द्रीय बलों को ऑर्गेनाइज कैडर तथा ळ्ळ के अंतर्गत लाने का आदेश दिया। इससे आईपीएस लॉबी तिलमिला उठी। आईपीएस एसोसिएशन न्यायालय के निर्णय को प्रभावित करने के लिए स्वयं एक पक्ष बना। कोर्ट का निर्णय आने के बाद भी आईपीएस लॉबी ने इसे रोकने की भरसक कोशिश की है। यह बेहद निराशाजनक है। केन्द्रीय बलों के अपने अफसर कमांड के लिए तैयार है। आर्म्ड फोर्स के कार्मिक हड़ताल नहीं कर सकते। अतः यह सरकार का फर्ज है कि इन पहरेदारों के हितों की रक्षा करें। जिस देश में छोटा सा दल चंद व्यक्तियों के दम पर सड़क जाम करके अपनी बात मनवा लेते हैं वहां दस लाख के केन्द्रीय बलों को अपनी पहचान बनाने के लिए तरसना पड़ रहा है। आईपीएस जिन्हें बलों में स्नेह से इंडियन पैराशूट सर्विस के नाम से जाना जाता है एक बहुत ही प्रभावशाली तथा पहुंच वाली लॉबी है। इन्हें समस्या बल के अधिकारियों को छ्थ्थ् फाइनेंशियल एडवांटेज से नहीं है बल्कि ऑर्गेनाइज कैडर या ळ्ळ से है जिससे इनका डेपुटेशन बंद हो जाएगा तथा इन्हें अपने मूल राज्यों के प्रति ज्यादा जिम्मेवार होना पड़ेगा। आईपीएस का तर्क है कि इससे केन्द्रीय बलों का अखिल भारतीय स्वरूप नहीं रहेगा जबकि केन्द्रीय बलों में कार्मिकध्अफसर देश के सभी हिस्सों से आते है।

यदि बलों की लड़ाकू क्षमता और इन्हें नैराश्य में डूबने से बचाना है तो नौकरशाहों पर लगाम लगाकर माननीय सुप्रीम कोर्ट का निर्णय लागू करके बलों को छ्थ्थ् तथा ळ्ळ तत्काल दिया जाए। यह बात बल के कार्मिक भी जानते हैं तथा पैराशूट सर्विस के अधिकारी भी कि सिर्फ आपकी सरकार इन पर लगाम लगा सकती है। इसका उदाहरण सभी आप की सरकार के पहले कार्यकाल में देख चुके है। मेरा मानना है कि आजादी के पहले भारतीयों में अंग्रेजों को देखकर जो भावना आती थी वही नफरत बल के कार्मिकों के भीतर इन नव–अंग्रेजों के लिए है।

IAAC foundation के दीपक बंसल ने दीपिका देशवाल (Wrestler and Jat Mahasabha Delhi president)की सराहना करते हुए अर्धसैनिक बलों के हक में जो सुप्रीम कोर्ट द्वारा फैसला (छ्थ्थ्;ळ्ळ)आया है उसके लिए सरकार से गुहार लगायी है कि इसे जल्दी लागू किया जाए पंजाब से अधिकतर लोग पैरामिलिट्री फोर्सेस में हैं और हम भली भाँति उस दर्द को समझते हैं जब (Supreme Court) मिलने के बावजूद लागू नहीं किया जाता।

दिन रात एक कर के अर्धसैनिक बल देश को सुरक्षित रखते हैं ।आज समय है सारा देश उनके हकों के लिए एक साथ खड़ा हो और सरकार इसको (NFFU OAGA)तुरंत लागू करें।

CAPF यानी केंद्रीय सशस्त्र पुलिस बल जिन्हें पहले Central Paramilitary Force भी कहा जाता है में CRPF BSF CISF ITBP SSB आदि है जो पूरे देश मे आंतरिक सुरक्षा की हरेक डयूटी जैसे कानून व्यवस्था बनाना, दंगों के समय शांति स्थापित करना, जम्मू कश्मीर में आतंकवादियों, नक्सल इलाकों में नक्सलियों , नार्थ ईस्ट में विद्रोहियों से लड़ना , देश में शांतिपूर्वक चुनाव कराना , आपदा यानी भूकंप, बाढ़ और तूफान इत्यादि के समय राहत कार्य करना, देश के अति महत्वपूर्ण व्यक्तियों की सुरक्षा करना, अंतरराष्ट्रीय बॉर्डर की रक्षा करना जैसे कार्य करते है। साथ ही साथ ये युद्ध के समय आर्मी की मदद भी करते है जैसे कारगिल में ठैथ् ने आर्मी की मदद की और अभी लेह लदाख में प्ज्ठच आर्मी के साथ मिल कर चीनी सैनिकों का मुकाबला कर रही है। अभी हाल ही में कानपुर में 08 बहादुर सिपाहियों की शहादत के बाद कानून व्यवस्था की स्थिति को बनाये रखने के लिए ब्त्च्थ् की टुकड़ी ट।थ् को वहां तैनात किया गया है। फरवरी 2019 में एक लंबी कानूनी लड़ाई के बाद इन पैरामिलिट्री फोर्स और RPF ( रेलवे प्रोटेक्शन फोर्स) को सुप्रीम कोर्ट के द्वारा संगठित सेवा यानी Organised Group A Service का दर्जा दिया गया और फिर भारत सरकार ने जुलाई 2019 में कैबिनेट की मंजूरी के बाद गृह मंत्रालय और रेल मंत्रालय को इस Organised Service का लाभ इन बलों को देने और इस संबंध में कानून बनाने का आदेश दिया। रेल मंत्रालय ने कोर्ट और सरकार के आदेशों का पालन करते हुए इस Organised Service का लाभ त्च्थ् अधिकारियों को दिया इसके लिए जरूरी सेवा नियम में बदलाव करते हुए इसे देश के अन्य व्तहंदपेमक ैमतअपबम के जैसे कर दिया।


दूसरी तरफ गृह मंत्रालय ( Home Ministry ) ने सभी पैरामिलिट्री के क्ळ जो प्ैे होते है को इसका लाभ सभी अधिकारियों को देने और तय नियम के अनुसार जरूरी कार्यवाई करने का निर्देश दिया। एक साजिश के तहत इन फोर्स के क्ळ जो खुद ही प्ैे होते है ने न तो नियम के अनुसार इसका लाभ पैरामिलिट्री फोर्स के अधिकारियों को दिया और न ही इसको लागू करने के लिए सेवा नियमों (Service Rule) में बदलाव किया है। सुप्रीम कोर्ट के एक ही आदेश को जहाँ रेल मंत्रालय ने त्च्थ् के लिए सही तरीके से लागू किया वही गृह मंत्रालय में प्ैे लॉबी अपने स्वार्थ के लिए इस आदेश को पैरामिलिट्री में सही तरीके से लागू नही होने दे रहे है। इस कारण इस फोर्स के सभी अधिकारियों का मनोबल टूट गया और वो अपने हक के लिए फिर दिल्ली हाई कोर्ट की शरण मे है।

देश के किसी भी Organised Service में उसी विभाग के अधिकारी Joint Secretary तक होते है लेकिन जिला और राज्य पुलिस में रहने वाले ये प्ैे जिनको इस फोर्स का कोई ज्ञान नही होता यहां आकर सीनियर पोस्ट पर विराजमान हो जाते है जिस कारण विभाग का कार्य सही तरीके से नही हो पाता और इसी कारण आज सभी जवान और अधिकारियों को अपने छोटे छोटे हक के लिए कोर्ट का सहारा लेना पड़ रहा है।

कोर्ट और सरकार के आदेश के बाद भी IPS अधिकारियों की साजिश के कारण पैरामिलिट्री फोर्स को अपना वाजिब हक नही मिल पा रहा है जिससे उनका मनोबल गिरा है और बल में असंतोष है। आज पैरा मिलिट्री के कार्मिक और अधिकारी अपने हक के लिए कोर्ट और देश की जनता की तरफ देख रहे है। आशा है देश की अदालत एक बार फिर उन्हें इनका हक देते हुए इसे सही तरीके से लागू नही करने वालों को उचित न्यायिक दंड देगी और देश की जनता इनका हक नही देने वालों और साजिस करने वालों को सबक सिखाएगी।

जय हिंद। जय भारत।
जय पैरामिलिट्री।

# ਪੰਜਾਬੀ ਨੂੰ ਸਰਕਾਰ, ਰੁਜ਼ਗਾਰ ਅਤੇ ਵਣਜ ਵਪਾਰ ਦੀ ਭਾਸ਼ਾ ਬਣਾਇਆ ਜਾਵੇ



ਮੈਂ ਪੰਜਾਬ ਵਿੱਚ ਜੰਮਿਆ ਪਲ਼ਿਆ ਹਾਂ ਅਤੇ ਮੇਰੀ ਮਾਂ ਬੋਲੀ ਪੰਜਾਬੀ ਹੈ ਇਸ ਲਈ ਮੈਂ ਪੰਜਾਬੀ ਬੰਦਾ ਹਾਂ। ਆਪਣੇ ਖਿੱਤੇ ਅਤੇ ਮਾਂ ਬੋਲੀ ਕਾਰਨ ਮੈਂ ਬਣਿਆ ਬਣਾਇਆ ਪੰਜਾਬੀ ਹਾਂ। ਦੂਸਰੀਆਂ ਬੋਲੀਆਂ ਮੈਨੂੰ ਸਿੱਖਣੀਆਂ ਪਈਆਂ ਹਨ ਪਰ ਮਾਂ ਬੋਲੀ ਬਿਨਾ ਕਿਸੇ ਸਿਖਲਾਈ ਦੇ ਆਪਣੇ ਮਹੌਲ ਵਿੱਚੋਂ ਮਿਲੀ ਹੈ। ਮਾਂ ਬੋਲੀ ਨੂੰ ਸਿੱਖਣ ਦੀ ਬਜਾਏ ਸਹਿ-ਸੁਭਾਅ ਗ੍ਰਹਿਣ ਕੀਤਾ ਹੈ। ਹੋਰ ਬੋਲੀਆਂ ਨੂੰ ਉਹਨਾਂ ਦੀ ਵਿਆਕਰਣ ਦੇ ਮਾਧਿਅਮ ਰਾਹੀਂ ਸਿੱਖਦਾ ਹਾਂ। ਆਪਣੀ ਬੋਲੀ ਵਿਆਕਰਨ ਜਾਣੇ ਬਗੈਰ ਬਿਲਕੁਲ ਠੀਕ ਬੋਲਣੀ ਆ ਗਈ ਹੈ। ਦੁਨੀਆਂ ਭਰ ਦੇ ਸਾਰੇ ਅਨਪੜ੍ਹਾਂ ਨੂੰ ਵੀ ਆਪਣੀ ਮਾਂ ਬੋਲੀ ਠੀਕ ਬੋਲਣੀ ਆ ਜਾਂਦੀ ਹੈ ਹਾਲਾਂ ਕਿ ਉਹਨਾਂ ਨੂੰ ਆਪਣੀ ਬੋਲੀ ਦੀ ਵਿਆਕਰਣ ਦਾ ਉੱਕਾ ਇਲਮ ਨਹੀਂ ਹੁੰਦਾ। ਮਿਸਾਲ ਦੇ ਤੌਰ 'ਤੇ ਦੋ ਸ਼ਬਦ ਹਨ: ਪੀਲਾ ਪੱਤਾ। ਇਹਨਾਂ ਦਾ ਬਹੁ ਬਚਨ ਕਹਿਣਾ ਹੋਵੇ ਤਾਂ ਕਹਾਂਗਾ: ਪੀਲੇ ਪੱਤੇ। ਇਸੇ ਤਰ੍ਹਾਂ ਨੀਲਾ ਘੋੜਾ ਦਾ ਬਹੁ ਵਚਨ ਹੋਵੇਗਾ: ਨੀਲੇ ਘੋੜੇ। ਪਰ ਲਾਲ ਤਾਰਾ ਦਾ ਬਹੁ ਬਚਨ ਲਾਲੇ ਤਾਰੇ ਨਹੀਂ ਲਾਲ ਤਾਰੇ ਹੀ ਕਹਾਂਗਾ। ਇਹ ਮੈਨੂੰ ਕਿਸੇ ਵਿਆਕਰਨ ਪੜ੍ਹਾਉਣ ਵਾਲੇ ਨੇ ਨਹੀਂ ਸਿਖਾਇਆ। ਬਿਲਕੁਲ ਉਵੇਂ ਜਿਵੇਂ ਇੱਕ ਤੋਂ ਪਿੱਛੋਂ ਦੂਜਾ ਸਾਹ ਸੋਚ ਕੇ ਨਹੀਂ ਲਿਆ ਜਾਂਦਾ।

ਜਿੱਥੇ ਮਾਂ ਬੋਲੀ ਸੁਤੇ-ਸਿੱਧ ਗ੍ਰਹਿਣ ਹੁੰਦੀ ਹੈ ਉੱਥੇ ਧਰਮ ਆਪ ਧਾਰਨ ਕੀਤਾ ਜਾਂਦਾ ਹੈ। ਸਿੱਖ ਧਰਮ ਦੇ ਤਾਂ ਨਾਂ ਤੋਂ ਹੀ ਜ਼ਾਹਿਰ ਹੈ ਕਿ ਇਹ ਧਰਮ ਸਿੱਖਣਾ ਪੈਂਦਾ ਹੈ। ਸਿੱਖ ਵਿਚਾਰਧਾਰਾ ਜਨਮ ਅਧਾਰਤ ਜਾਤ ਪ੍ਰਬੰਧ ਅਤੇ ਧਰਮ ਪ੍ਰਬੰਧ ਨੂੰ ਮਾਨਤਾ ਨਹੀਂ ਦਿੰਦੀ। ਪਰ ਮੈਂ ਸਿੱਖ ਧਰਮ ਧਾਰਨ ਕਰਨ ਵਾਲੇ ਦੀ ਬਜਾਏ ਆਪਣੇ ਆਪ ਨੂੰ ਸਿੱਖ ਅਖਵਾਉਂਦੇ ਪਰਿਵਾਰ ਵਿੱਚ ਪੈਦਾ ਹੋਇਆ ਜਨਮ ਅਧਾਰਤ ਸਿੱਖ ਹਾਂ। ਪਹਿਲੇ ਜ਼ਮਾਨੇ ਵਿੱਚ ਦੂਸਰੇ ਵਿਸ਼ਵਾਸਾਂ ਦੇ ਲੋਕ ਸਿੱਖ ਵਿਚਾਰਧਾਰਾ ਦੇ ਲੜ ਲੱਗ ਕੇ ਆਪਣੇ ਆਪ ਨੂੰ ਰੁਪਾਂਤ੍ਰਿਤ ਕਰਕੇ ਸਿੱਖ ਬਣਦੇ ਸਨ। ਉਹ ਸੜ ਮਰਨ ਦੀ ਪਰਵਾਹ ਕੀਤੇ ਬਿਨਾ ਸਿੱਖੀ ਦੀ ਬਲਦੀ ਸ਼ਮ੍ਹਾਂ ਵੱਲ ਆਕ੍ਰਸ਼ਿਤ ਹੋਏ ਪਰਵਾਨੇ ਸਨ। ਉਹ ਪੁਰਾਣੇ ਅਤੇ ਪ੍ਰਚਲਤ ਵਿਸ਼ਵਾਸਾਂ ਨੂੰ ਤਿਆਗ ਕੇ ਨਵੀਂ ਨਿਰੋਈ ਜੀਵਨ ਸ਼ੈਲੀ ਸਿੱਖਣ ਵਾਲੇ ਸਿੱਖ ਬਣਦੇ ਜਾਂ ਸਿੱਖ ਅਖਵਾਉਣ ਦੇ ਅਧਿਕਾਰੀ ਬਣਦੇ ਸਨ। ਕਹਿ ਸਕਦੇ ਹੋ ਕਿ ਮੇਰਾ ਸਬੰਧ ਸਿੱਖ ਧਰਮ ਨਾਲੋਂ ਵਧੇਰੇ ਸਿੱਖ ਫਿਰਕੇ ਨਾਲ ਹੈ। ਹੋਣਾ ਤਾਂ ਨਹੀਂ ਚਾਹੀਦਾ ਪਰ ਮੈਂ ਬਣੇ ਬਣਾਏ ਪੰਜਾਬੀ ਵਾਂਗ ਹੀ ਬਣਿਆ ਬਣਾਇਆ ਸਿੱਖ ਹਾਂ।

ਅਰਬਾਂ ਖਰਬਾਂ ਸਾਲ ਪਹਿਲਾਂ ਅਸੀਂ ਵੀ ਹੋਰ ਚੌਪਾਏ ਜਾਨਵਰਾਂ ਵਾਂਗ ਚਾਰ ਲੱਤਾਂ 'ਤੇ ਤੁਰਨ ਵਾਲੇ ਜਾਨਵਰ ਹੀ ਸਾਂ। ਜਿਉਂ ਜਿਉਂ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਸ਼ੁਰੂ ਹੋਇਆ, ਸਾਡੇ ਬੰਦੇ ਬਣਨ ਦੀ ਪ੍ਰਕਿਰਿਆ ਸ਼ੁਰੂ ਹੋਈ। ਅੱਜ ਜਾਨਵਰਾਂ ਨਾਲੋਂ ਮਨੁੱਖਾਂ ਦਾ ਸਿਰਫ ਏਨਾ ਹੀ ਫਰਕ ਹੈ ਕਿ ਸਾਡੇ ਕੋਲ ਵਿਕਸਤ ਭਾਸ਼ਾ ਹੈ। ਪੰਛੀ ਪਹਿਲਾਂ ਤੋਂ ਹੀ ਪਰਾਂ ਨਾਲ ਉਡਦੇ ਹਨ, ਬੰਦੇ ਨਹੀਂ ਸਨ ਉਡਦੇ ਹੁੰਦੇ। ਬੰਦੇ ਨੇ ਭਾਸ਼ਾ ਨਾਲ ਉਡਣਾ ਸਿੱਖਿਆ, ਜਹਾਜ਼ ਯਾਨੀ ਤਕਨਾਲੋਜੀ ਨਾਲ ਉਡਣਾ ਸ਼ੁਰੂ ਕੀਤਾ। ਤਕਨਾਲੋਜੀ ਭਾਸ਼ਾ ਨਾਲ ਹੋਂਦ ਵਿੱਚ ਆਉਂਦੀ ਹੈ। ਜਿਉਂ ਜਿਉਂ ਬੋਲੀ ਨੇ ਵਿਕਾਸ ਕੀਤਾ ਤਿਉਂ-ਤਿਉਂ ਬੰਦੇ ਨੇ ਭਾਵ ਮਨੁੱਖੀ ਸੱਭਿਅਤਾ ਨੇ ਵਿਕਾਸ ਕੀਤਾ। ਹਰ ਸੱਭਿਅਤਾ ਸ਼ਬਦ ਨਾਲ ਸ਼ੁਰੂ ਹੋਈ, ਬੋਲੀ ਨਾਲ ਸ਼ੁਰੂ ਹੋਈ। ਜਿਉਂ-ਜਿਉਂ ਕੋਈ ਬੋਲੀ ਜਾਂ ਭਾਸ਼ਾ ਵਿਕਸਤ ਹੋਈ, ਤਿਉਂ-ਤਿਉਂ ਉਸ ਸੱਭਿਅਤਾ ਦੀਆਂ ਬਾਕੀ ਚੀਜ਼ਾਂ ਨੇ ਵਿਕਾਸ ਕੀਤਾ। ਜਿਹੜੇ ਪ੍ਰਾਚੀਨ ਕਬੀਲੇ ਸਦੀਆਂ ਤੋਂ ਅਜੇ ਤੱਕ ਜਿਉਂ ਦੇ ਤਿਉਂ ਹਨ ਉਹਨਾਂ ਦੀ ਭਾਸ਼ਾ ਵੀ ਜਿਉਂ ਦੀ ਤਿਉਂ ਹੈ। ਜਿਹੜੇ ਯੂਰਪੀ ਭਾਈਚਾਰਿਆਂ ਨੇ ਬਹੁਤ ਤੇਜ਼ੀ ਨਾਲ ਵਿਕਾਸ ਕੀਤਾ ਉਹਨਾਂ ਦੀਆਂ ਬੋਲੀਆਂ ਵੀ ਬਹੁਤ ਤੇਜ਼ੀ ਨਾਲ ਵਿਕਸਤ ਹੋਈ ਹੋਈਆਂ। ਬਾਹਰਵੀਂ ਤੇਰ੍ਹਵੀਂ ਸਦੀ ਵਿੱਚ ਅੰਗਰੇਜ਼ੀ ਨੂੰ ਹੋਰ ਕਈ ਯੂਰਪੀ ਭਾਸ਼ਾਵਾਂ ਦੇ ਮੁਕਾਬਲੇ ਬਹੁਤ ਪਛੜੀ ਭਾਸ਼ਾ ਮੰਨਿਆਂ ਜਾਂਦਾ ਸੀ, ਉਸ ਨੂੰ ਉਜੱਡਾਂ ਦੀ ਭਾਸ਼ਾ ਕਿਹਾ ਜਾਂਦਾ ਸੀ। ਪਰ ਉਹਨਾਂ ਲਗਾਤਾਰ ਸਰਗਰਮੀ ਨਾਲ ਆਪਣੀ ਬੋਲੀ ਨੂੰ ਅਮੀਰ ਕੀਤਾ। ਹੋਰ ਬੋਲੀਆਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਆਪਣੀ ਬੋਲੀ ਵਿੱਚ ਸ਼ਾਮਲ ਕੀਤੀਆਂ। ਉਹਨਾਂ ਦਾ ਸ਼ਬਦ ਫਾਦਰ ਸਾਡੇ ਤੋਂ ਗਿਆ ਹੋਇਆ ਹੈ। ਸਾਡਾ ਪਿਤਰ ਸ਼ਬਦ ਜਰਮਨ ਵਿਚੋਂ ਹੁੰਦਾ ਹੋਇਆ ਫਿਤਰ, ਫਿਦਰ ਅਖੀਰ ਅੰਗਰੇਜ਼ੀ ਦਾ ਫਾਦਰ ਹੋ ਗਿਆ। ਸਾਡਾ ਭਰਾ ਜਾਂ ਭਰਾਤਰ ਵੀ ਬਰਾਤਰ, ਬਰਾਦਰ ਹੁੰਦਾ ਹੋਇਆ ਉਹਨਾਂ ਦਾ ਬਰੱਦਰ ਬਣ ਗਿਆ। ਸਾਡਾ ਭਾਈਚਾਰਾ ਜੋ ਬਰਾਦਰੀ ਉਹਨਾਂ ਦੀ ਬਰਦਰ+ਹੁੱਡ। ਸਾਡੇ ਦੰਦ ਜਾਂ ਦੰਤ ਤੋਂ ਹੀ ਉਹਨਾਂ ਦਾ ਦੰਤਲ ਜਾਂ ਡੈਂਟਲ ਬਣਿਆ। ਅੰਗਰੇਜ਼ਾਂ ਨੇ ਆਪਣੀ ਬੋਲੀ ਦੇ ਨਾਲ ਨਾਲ ਵਿਕਾਸ ਕੀਤਾ।

ਸੱਭਿਆਚਾਰ ਦੀਆਂ ਮੂਲ ਗੱਲਾਂ ਵਿੱਚੋਂ ਮਾਂ ਬੋਲੀ ਪਹਿਲੇ ਨੰਬਰ 'ਤੇ ਆਉਂਦੀ ਹੈ। ਕੋਈ ਬੋਲੀ ਜਾਂ ਸੱਭਿਆਚਾਰ ਕਿਸੇ ਖਾਸ ਖਿੱਤੇ ਦੇ ਹੁੰਦੇ ਹਨ। ਕਿਸੇ ਬਾਹਰਲੇ ਮੁਲਕ ਵਿੱਚ ਵਸਦਾ ਜੇ ਕੋਈ ਪੰਜਾਬੀ ਬੰਦਾ ਮਿਲੇਗਾ ਤਾਂ ਉਹ ਪੰਜਾਬ ਤੋਂ ਗਿਆ ਹੋਇਆ ਮਿਲੇਗਾ ਜਾਂ ਉਸ ਦਾ ਪਿਓ ਦਾਦਾ ਪੰਜਾਬ ਦੀ ਧਰਤੀ ਤੋਂ ਗਿਆ ਹੋਵੇਗਾ। ਦੂਰ ਦੁਰਾਡੇ ਦੂਸਰੀ ਧਰਤੀ 'ਤੇ ਵਸੇ ਲੋਕਾਂ ਦੀ ਮਾਂ ਬੋਲੀ ਵੀ ਇੱਕ ਦੋ ਪੀੜ੍ਹੀਆਂ ਬਾਅਦ ਬਦਲ ਜਾਂਦੀ ਹੈ, ਉਸ ਧਰਤੀ ਦੀ ਬੋਲੀ ਉਹਨਾਂ ਦੀ ਮਾਂ ਬੋਲੀ ਬਣ ਜਾਂਦੀ ਹੈ। ਬਾਬਾ ਫਰੀਦ ਦਾ ਦਾਦਾ ਅਫਗਾਨਿਸਤਾਨ ਤੋਂ ਆ ਕੇ ਪੰਜਾਬ ਦੇ ਮੁਲਤਾਨ ਇਲਾਕੇ ਵਿੱਚ ਵਸਿਆ ਸੀ। ਉਸ ਦੀ ਤੀਜੀ ਪੀੜ੍ਹੀ ਦੇ ਫਰੀਦ ਦੀ ਮਾਂ ਬੋਲੀ ਪੰਜਾਬੀ ਹੋ ਗਈ ਅਤੇ ਉਸ ਨੂੰ ਪੰਜਾਬੀ ਮਾਂ ਬੋਲੀ ਦਾ ਪਹਿਲਾ ਵੱਡਾ ਸ਼ਾਇਰ ਮੰਨਿਆ ਜਾਂਦਾ ਹੈ। ਬਿਹਾਰ ਤੋਂ ਪੰਜਾਬ ਆ ਵਸੇ ਮਜ਼ਦੂਰਾਂ ਦੇ ਏਥੇ ਪੈਦਾ ਹੋਏ ਬੱਚਿਆਂ ਜਾਂ ਹੱਦ ਬੱਚਿਆਂ ਦੇ ਬੱਚਿਆਂ ਦੀ ਬੋਲੀ ਭੋਜਪੁਰੀ ਤੋਂ ਪੰਜਾਬੀ ਹੋ ਜਾਂਦੀ ਹੈ। ਅਸੀਂ ਥੋੜ੍ਹਾ ਹਠੀ ਲੋਕ ਹਾਂ ਇਸ ਲਈ ਅਸੀਂ ਦੂਸਰੀਆਂ ਧਰਤੀਆਂ 'ਤੇ ਜਾ ਕੇ ਆਪਣੀ ਮਾਂ ਬੋਲੀ ਨੂੰ ਪੀੜ੍ਹੀ ਦਰ ਪੀੜ੍ਹੀ ਸਲਾਮਤ ਰੱਖਣ ਦੇ ਇਛੁਕ ਹਾਂ ਪਰ ਨਿਸਚੇ ਨਾਲ ਨਹੀਂ ਕਹਿ ਸਕਦੇ ਕਿ ਅਸੀਂ ਇਸ ਵਿੱਚ ਕਾਮਯਾਬ ਹੋਵਾਂਗੇ।

ਬੋਲੀ ਦੇ ਉਲਟ ਧਰਮ ਕਿਸੇ ਵਿਸ਼ੇਸ਼ ਖਿੱਤੇ ਦਾ ਨਹੀਂ ਹੁੰਦਾ। ਕੋਈ ਬੰਦਾ ਅਮਰੀਕਾ ਵਿੱਚ ਪੈਦਾ ਹੋ ਕੇ ਉੱਥੇ ਰਹਿੰਦਿਆਂ ਸਿੱਖ ਬਣ ਸਕਦਾ ਹੈ। ਇਸੇ ਤਰ੍ਹਾਂ ਇਰਾਨ ਦੀ ਧਰਤੀ 'ਤੇ ਪੈਦਾ ਹੋਇਆ ਅਤੇ ਉੱਥੋਂ ਦੀ ਬੋਲੀ ਅਤੇ ਸੱਭਿਆਚਾਰ ਨਾਲ ਸਬੰਧਤ ਕੋਈ ਸਿੱਖ ਮਿਲ ਸਕਦਾ ਹੈ। ਸਿੱਖ ਦੁਨੀਆਂ ਦੇ ਕਿਸੇ ਖਿੱਤੇ, ਬੋਲੀ ਜਾਂ ਸਭਿਆਚਾਰ ਨਾਲ ਸਬੰਧਤ ਹੋ ਸਕਦੇ ਹਨ। ਕੋਈ ਗੁਜਰਤੀ ਸਿੱਖ, ਕੋਈ ਦੱਖਣੀ ਸਿੱਖ, ਕੋਈ ਬੰਬਈਆ ਸਿੱਖ, ਕੋਈ ਸਿੰਧੀ ਸਿੱਖ, ਕੋਈ ਅਫਗਾਨੀ ਸਿੱਖ ਹੋ ਸਕਦਾ ਹੈ। ਗੁਰੂ ਦੀ ਸਾਂਝ ਕਾਰਨ ਇਹ ਸਾਰੇ ਪੰਜਾਬ ਵਾਸੀ ਪੰਜਾਬੀ ਸਿੱਖਾਂ ਦੇ ਗੁਰਭਾਈ ਹਨ। ਦੂਜੇ ਪਾਸੇ ਪੰਜਾਬੀ ਬੰਦਾ ਕਿਸੇ ਵੀ ਧਾਰਮਿਕ ਵਿਸ਼ਵਾਸ ਵਾਲਾ ਹੋ ਸਕਦਾ ਹੈ ਜਿਵੇਂ ਕੋਈ ਹਿੰਦੂ ਪੰਜਾਬੀ ਹੋ ਸਕਦਾ ਹੈ, ਕੋਈ ਮੁਸਲਿਮ ਪੰਜਾਬੀ, ਕੋਈ ਜੈਨੀ ਪੰਜਾਬੀ, ਕੋਈ ਇਸਾਈ ਪੰਜਾਬੀ ਹੋ ਸਕਦਾ ਹੈ। ਇਹ ਮਾਂ ਬੋਲੀ ਦੀ ਸਾਂਝ ਕਾਰਨ ਸਿੱਖ-ਪੰਜਾਬੀਆਂ ਦੇ ਮਾਂ ਜਾਏ ਹਨ। ਪੰਜਾਬੀ ਹੋਣਾ ਅਤੇ ਸਿੱਖ ਹੋਣਾ ਵੱਖਰੀਆਂ ਵੱਖਰੀਆਂ ਗੱਲਾਂ ਹਨ। ਪਰ ਅਕਸਰ ਇਹਨਾਂ ਨੂੰ ਰਲ਼ਗੱਡ ਕਰਕੇ ਦੇਖਿਆ ਜਾਂਦਾ ਹੈ। ਅਸੀਂ ਬਹੁਤ ਵਾਰ ਪੰਜਾਬੀ ਸੱਭਿਆਚਾਰ ਨੂੰ ਸਿੱਖ ਸੱਭਿਆਚਾਰ ਸਮਝ ਲੈਂਦੇ ਹਾਂ ਅਤੇ ਸਿੱਖ ਜੀਵਨ ਜਾਚ ਨੂੰ ਪੰਜਾਬੀ ਸੱਭਿਆਚਾਰ ਕਹਿ ਲੈਂਦੇ ਹਾ। ਰਲਗੱਡ ਕਰਨ ਦੀ ਇਸ ਪ੍ਰਵਿਰਤੀ, ਸਮਝ ਜਾਂ ਸਿਆਸਤ ਨਾਲ ਅਸੀਂ ਪੰਜਾਬ ਅਤੇ ਪੰਜਾਬੀ ਦਾ ਵੀ ਬਹੁਤ ਨੁਕਸਾਨ ਕੀਤਾ ਅਤੇ ਸਿੱਖੀ ਨੂੰ ਵੀ ਚੋਖੀ ਢਾਅ ਲਾਈ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਜਿੱਥੇ ਬੋਲੀ ਅਤੇ ਸੱਭਿਆਚਾਰ ਦਾ ਸਬੰਧ ਮੁੱਖ ਤੌਰ 'ਤੇ ਕਿਸੇ ਭੂਗੋਲਿਕ ਖੇਤਰ ਨਾਲ ਹੁੰਦਾ ਹੈ ਉੱਥੇ ਧਰਮ ਦਾ ਸਬੰਧ ਉਸ ਦੇ ਮੁੱਖ ਗਰੰਥ ਜਾਂ ਗਰੰਥਾਂ ਨਾਲ ਹੁੰਦਾ ਹੈ।

ਅਸੀਂ ਬੋਲੀ ਅਤੇ ਲਿੱਪੀ ਨੂੰ ਵੀ ਬਹੁਤ ਰਲਗੱਡ ਕਰ ਦਿੰਦੇ ਹਾਂ। ਅਸਲ ਵਿੱਚ ਇਹ ਵੱਖਰੀਆਂ ਵੱਖਰੀਆਂ ਚੀਜ਼ਾਂ ਹਨ। ਮੈਂ ਆਪਣੀ ਮਾਂ ਬੋਲੀ ਭਾਵੇਂ ਦੂਸਰੀਆਂ ਬੋਲੀਆਂ ਵਾਂਗ ਨਹੀਂ ਸਿੱਖੀ ਪਰੰਤੂ ਆਪਣੀ ਲਿੱਪੀ ਓਦਾਂ ਹੀ ਸਿੱਖੀ ਹੈ, ਜਿਸ ਤਰ੍ਹਾਂ ਬੇਗਾਨੀਆਂ ਲਿੱਪੀਆਂ ਸਿੱਖੀਆਂ ਹਨ। ਊੜਾ ਐੜਾ ਉਸੇ ਤਰ੍ਹਾਂ ਹੀ ਲਿਖਣਾ ਪੜ੍ਹਨਾ ਸਿੱਖਿਆ ਹੈ ਜਿਸ ਤਰ੍ਹਾਂ ਏ ਬੀ ਸੀ ਸਿੱਖੀ ਹੈ। ਬਚਪਨ ਵਿੱਚ ਸਾਡੀਆਂ ਮਾਵਾਂ ਪੈਂਤੀ ਅੱਖਰਾਂ ਅਤੇ ਲਗਾਂ ਮਾਤਰਾਵਾਂ ਦੀ ਮੁਹਾਰਨੀ ਸਿਖਾਉਂਦੀਆਂ ਸਨ। ਉਹ ਸਾਨੂੰ ਪੰਜਾਬੀ ਬੋਲੀ ਨਹੀਂ, ਗੁਰਮੁਖੀ ਲਿੱਪੀ ਸਿਖਾਉਂਦੀਆਂ ਸਨ। ਮੁਹਾਰਨੀ ਬੋਲੀ ਦੀ ਨਹੀਂ, ਲਿੱਪੀ ਦੀ ਹੁੰਦੀ ਹੈ।

ਜਿਵੇਂ ਪਹਿਲਾਂ ਕਿਹਾ ਹੈ ਕਿ ਮਾਂ ਬੋਲੀ ਦੂਸਰੀਆਂ ਬੋਲੀਆਂ ਵਾਂਗ ਸਿੱਖਣ ਦੀ ਬਜਾਏ ਸਿੱਧੀ ਗ੍ਰਹਿਣ ਕੀਤੀ ਹੁੰਦੀ ਹੈ। ਇਸ ਕਰਕੇ ਸਾਡੇ ਮਨ ਦੀ ਸਰੰਚਨਾ ਸਾਡੀ ਮਾਂ ਬੋਲੀ ਨਾਲ ਹੁੰਦੀ ਹੈ ਭਾਵ ਸਾਡਾ ਅਵਚੇਤਨ ਮਾਂ ਬੋਲੀ ਨਾਲ ਬਣਿਆ ਹੁੰਦਾ ਹੈ। ਬੇਗਾਨੀ ਬੋਲੀ ਵਿੱਚ ਪੜ੍ਹੀ ਸੁਣੀ ਗੱਲ ਨੂੰ ਸਿੱਖ ਤਾਂ ਲੈਂਦੇ ਹਾਂ, ਵਰਤ ਵੀ ਲੈਂਦੇ ਹਾਂ ਪਰ ਉਹ ਸਾਡੇ ਮਨ ਦਾ ਹਿੱਸਾ ਨਹੀਂ ਬਣਦੀ। ਮਨ ਦਾ ਹਿੱਸਾ ਤਾਂ ਉਹੀ ਗੱਲ ਬਣਦੀ ਹੈ ਜੋ ਅਸੀਂ ਆਪਣੀ ਮਾਂ ਬੋਲੀ ਵਿੱਚ ਗ੍ਰਹਿਣ ਕੀਤੀ ਹੋਵੇ। ਉਹਨਾਂ ਲੋਕਾਂ ਨੂੰ ਵਹਿਮ ਭਰਮ ਜਾਂ ਟੂਣੇ ਟਾਮਣ ਕਰਦੇ ਦੇਖਿਆ ਜਾ ਸਕਦਾ ਹੈ ਜਿਹਨਾਂ ਨੇ ਵਿਗਿਆਨ ਦੇ ਵਿਸ਼ੇ ਨਾਲ ਸੋਲਾਂ ਸਤਾਰਾਂ ਜਮਾਤਾਂ ਪਾਸ ਕੀਤੀਆਂ ਹੋਈਆਂ ਹਨ। ਅਸਲ ਵਿੱਚ ਵਿਗਿਆਨ ਉਹਨਾਂ ਹੋਰ ਬੋਲੀ ਵਿੱਚ ਪੜ੍ਹਿਆ ਹੈ ਅਤੇ ਵਹਿਮ ਭਰਮ ਆਪਣੀ ਬੋਲੀ ਰਾਹੀਂ ਅਪਣਾਏ ਹਨ। ਇਸ ਕਰਕੇ ਪੰਜਾਬੀ ਲੋਕ ਮਨ ਦਾ ਵਿਗਿਆਨ ਨਾਲ ਉਹ ਸਬੰਧ ਨਹੀਂ ਬਣਿਆ ਜੋ ਯੂਰਪ ਦੀਆਂ ਬੋਲੀਆਂ ਵਾਲਿਆਂ ਦਾ ਬਣਿਆ ਹੈ। ਉਹ ਲੋਕ ਵਿਗਿਆਨ ਆਪੋ ਆਪਣੀਆਂ ਜ਼ੁਬਾਨਾਂ ਵਿੱਚ ਪੜ੍ਹਦੇ ਹਨ। ਇਹ ਦਿਲਚਸਪ ਤੱਥ ਹੈ ਕਿ ਵਿਗਿਆਨ ਦੇ ਵਿਸ਼ਿਆਂ ਵਿੱਚ ਨੋਬਲ ਪੁਰਸਕਾਰ ਜਿੱਤਣ ਵਾਲਿਆਂ ਦੀ ਬਹੁਗਿਣਤੀ ਅੰਗਰੇਜ਼ਾਂ ਦੀ ਨਹੀਂ ਹੈ; ਕੋਈ ਜਰਮਨ ਹੈ ਕੋਈ ਫਰੈਂਚ ਹੈ ਜਾਂ ਯੂਰਪ ਦੀਆਂ ਹੋਰ ਬੋਲੀਆਂ ਬੋਲਣ ਵਾਲੇ ਹਨ। ਇਹਨਾਂ ਦੇ ਜਿਹੜੇ ਖੋਜ ਪੱਤਰਾਂ ਲਈ ਨੋਬਲ ਪੁਰਸਕਾਰ ਮਿਲੇ ਉਹ ਇਹਨਾਂ ਦੀਆਂ ਆਪਣੀਆਂ ਬੋਲੀਆਂ ਵਿੱਚ ਹਨ। ਸਾਡੇ ਦੇਸ਼ ਦੇ ਭੌਤਿਕ ਵਿਗਿਆਨੀ ਚੰਦਰ ਸ਼ੇਖਰ ਨੂੰ ਉਸ ਦੇ ਜਿਸ ਖੋਜ ਪੱਤਰ ਲਈ ਨੋਬਲ ਇਨਾਮ ਮਿਲਿਆ ਉਹਦੀ ਤਾਮਿਲ ਮਾਤ ਭਾਸ਼ਾ ਵਿੱਚ ਹੈ। ਅਸੀਂ ਇਹ ਵਹਿਮ ਪਾਲਿਆ ਹੋਇਆ ਕਿ ਸਾਇੰਸ ਅਤੇ ਤਕਨਾਲੋਜੀ ਸਿਰਫ ਅੰਗਰੇਜ਼ੀ ਵਿੱਚ ਪੜ੍ਹਾਏ ਜਾਣ ਵਾਲੇ ਖੇਤਰ ਹਨ। ਅਸਲ ਵਿੱਚ ਸਾਇੰਸ ਦੀ ਸਾਰੀ ਖੋਜ ਅਤੇ ਵਿਕਾਸ ਯੂਰਪ ਦੇ ਵੱਖ ਵੱਖ ਖਿੱਤਿਆਂ ਅਤੇ ਬੋਲੀਆਂ ਵਿੱਚ ਨਾਲ ਨਾਲ ਹੋਇਆ ਹੈ। ਇਲੈਕਟਰੀਕਲ ਇੰਜਨੀਅਰਿੰਗ ਦੀਆਂ ਬੁਨਿਆਦੀ ਇਕਾਈਆਂ ਹਨ ਵੋਲਟ, ਐਮਪੀਅਰ, ਵਾਟ ਅਤੇ ਓਹਮ। ਇਹ ਨਾਂ ਵੱਖ ਵੱਖ ਵਿਗਿਆਨੀਆਂ ਦੇ ਨਾਵਾਂ 'ਤੇ ਰੱਖੇ ਗਏ ਹਨ। ਇਹਨਾਂ ਵਿਗਿਆਨੀਆਂ ਵਿੱਚੋਂ ਕੋਈ ਵੀ ਇੰਗਲੈਂਡ ਦਾ ਨਹੀਂ ਸੀ। ਜੇਮਜ਼ ਵਾਟ ਤੋਂ ਬਿਨਾਂ ਕਿਸੇ ਦੀ ਮਾਂ ਬੋਲੀ ਅੰਗਰੇਜ਼ੀ ਨਹੀਂ ਸੀ। ਐਲੇਸੰਦਰੋ ਵੋਲਟ ਇਟਾਲੀਅਨ ਸਨ, ਆਂਦਰੇ ਮੈਰੀ ਐਮਪੀਅਰ ਫਰਾਂਸੀਸੀ ਸਨ, ਜੇਮਜ਼ ਵਾਟ ਸਕਾਟਲੈਂਡ ਦੇ ਸਨ ਅਤੇ ਜਾਰਜ ਓਹਮ ਜਰਮਨ ਦੇ ਸਨ। ਇਹ ਬਹੁਤ ਗਲਤ ਧਾਰਨਾ ਹੈ ਕਿ ਵਿਗਿਆਨ ਦਾ ਅੰਗਰੇਜ਼ੀ ਨਾਲ ਅਨਿੱਖੜਵਾਂ ਸਬੰਧ ਹੈ।

ਮੈਂ ਵਿਗਿਆਨ ਦਾ ਵਿਸ਼ਾ ਦਸਵੀਂ ਜਮਾਤ ਤੱਕ ਪੰਜਾਬੀ ਵਿੱਚ ਪੜ੍ਹਿਆ ਹੈ ਅਤੇ ਮੇਰੀ ਇਸ ਵਿੱਚ ਬਹੁਤ ਦਿਲਚਸਪੀ ਰਹੀ ਹੈ। ਪਰ ਗਿਆਰ੍ਹਵੀਂ ਜਮਾਤ ਵਿੱਚ ਇਸ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਪੜ੍ਹਨ ਦੀ ਮਜਬੂਰੀ ਸੀ। ਮੈਂ ਪੜ੍ਹਾਈ ਪੱਖੋਂ ਉਸ ਵੇਲੇ ਦੇ ਬਹੁਤ ਮਾੜੇ ਸਰਕਾਰੀ ਸਕੂਲ ਵਿੱਚੋਂ ਦਸਵੀਂ ਪਾਸ ਕੀਤੀ ਸੀ ਜਿੱਥੇ ਸੱਠਾਂ ਵਿੱਚੋਂ ਕੇਵਲ ਸੱਤ ਬੱਚੇ ਹੀ ਪਾਸ ਹੋਏ ਸਨ। ਮੈਂ ਉਸ ਸਕੂਲ ਵਿੱਚੋਂ ਪਹਿਲੇ ਸਥਾਨ 'ਤੇ ਰਿਹਾ ਅਤੇ ਦੂਸਰੇ ਸਥਾਨ 'ਤੇ ਰਹਿਣ ਵਾਲੇ ਬੱਚੇ ਦੇ ਮੇਰੇ ਤੋਂ 24-25 ਪ੍ਰਤੀਸ਼ਤ ਨੰਬਰ ਘੱਟ ਸਨ। ਮੈਂ ਆਪਣੀ ਮੈਰਿਟ ਕਰਕੇ ਆਪਣੀ ਪਸੰਦ ਦੇ ਸਭ ਤੋਂ ਵਧੀਆ ਅਤੇ ਵਕਾਰੀ ਕਾਲਜ ਵਿੱਚ ਵਿਗਿਆਨ ਦੇ ਵਿਸ਼ੇ ਲੈ ਕੇ ਦਾਖਲਾ ਲਿਆ। ਪਰ ਕਿਉਂਕਿ ਇੱਥੇ ਵਿਗਿਆਨ ਦੀ ਪੜ੍ਹਾਈ ਅੰਗਰੇਜ਼ੀ ਵਿੱਚ ਸ਼ੁਰੂ ਹੋ ਗਈ, ਮੈਂ ਵਿਗਿਆਨ ਵਿੱਚ ਡੂੰਘੀ ਦਿਲਚਸਪੀ ਰੱਖਣ ਦੇ ਬਾਵਜੂਦ ਗਿਆਰ੍ਹਵੀਂ ਜਮਾਤ ਵਿੱਚੋਂ ਰੋ ਪਿੱਟ ਕੇ ਮਸੀਂ ਪਾਸ ਹੋਇਆ। ਇਸ ਤੋਂ ਬਾਅਦ ਦੋ ਕੁ ਸਾਲ ਲਾ ਕੇ ਇੰਜਨੀਅਰਿੰਗ ਕਾਲਜ ਵਿੱਚ ਔਖਾ ਸੌਖਾ ਦਾਖਲਾ ਲੈ ਗਿਆ। ਇੰਜਨੀਅਰਿੰਗ ਦੀ ਡਿਗਰੀ ਚਾਰ ਸਾਲਾਂ ਵਿੱਚ ਸੌਖਿਆਂ ਇਸ ਕਰਕੇ ਪਾਸ ਕਰ ਗਿਆ ਕਿਉਂਕਿ ਬਹੁਗਿਣਤੀ ਪੇਂਡੂ ਵਿਦਿਆਰਥੀਆਂ ਵਾਲੇ ਸਾਡੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿੱਚ ਅੱਧੀ ਪਚੱਧੀ ਪੜ੍ਹਾਈ ਪੰਜਾਬੀ ਵਿੱਚ ਕਰਾਈ ਜਾਂਦੀ ਸੀ। ਮੈਨੂੰ ਲਗਦਾ ਹੈ ਕਿ ਜੇ ਦਸਵੀਂ ਤੋਂ ਬਾਅਦ ਵਿਗਿਆਨ ਲਗਾਤਾਰ ਪੰਜਾਬੀ ਵਿੱਚ ਹੀ ਪੜ੍ਹਨਾ ਹੁੰਦਾ ਤਾਂ ਮੈਂ ਦਰਮਿਆਨਾ ਜਿਹਾ ਇੰਜਨੀਅਰ ਬਣਨ ਦੀ ਬਜਾਏ ਨਾਮੀ ਵਿਗਿਆਨੀ ਬਣ ਸਕਦਾ ਸੀ।


ਅਸੀਂ ਆਪਣਾ ਸਨਅਤੀ ਵਿਕਾਸ ਅਤੇ ਵਣਜ ਵਿਹਾਰ ਬੇਗਾਨੀ ਬੋਲੀ ਦੇ ਸਿਰ 'ਤੇ ਸ਼ੁਰੂ ਕੀਤਾ। ਦੂਸਰਿਆਂ ਦੀ ਬੋਲੀ ਨੂੰ ਆਪਣੀ ਤਰੱਕੀ ਦਾ ਅਧਾਰ ਬਣਾਇਆ। ਇਸ ਲਈ ਅਸੀਂ ਅਜੋਕੇ ਵਿਕਾਸ ਦੇ ਰਸਤੇ ਚੱਲ ਕੇ ਬਹੁਤਾ ਦੂਰ ਤੱਕ ਨਹੀਂ ਜਾ ਸਕੇ। ਯੂਰਪ ਦੇ ਜਾਂ ਦੂਸਰੇ ਸਨਅਤੀ ਦੇਸ਼ਾਂ ਦੇ ਮੁਕਾਬਲੇ ਉਹਨਾਂ ਵਰਗੇ ਤਕਨੀਕੀ ਵਿਕਾਸ ਦਾ ਦਸਵਾਂ ਕੁ ਹਿੱਸਾ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਸਾਡਾ ਹਿਸਾਬ ਕਿਤਾਬ ਖਿਲਰ ਪੱਤਰ ਗਿਆ। ਸਾਡਾ ਪੌਣ ਪਾਣੀ ਅਤੇ ਸਮੁੱਚਾ ਵਾਤਾਵਰਣ ਤਬਾਹ ਹੋ ਗਿਆ। ਅਸੀਂ 'ਤਰੱਕੀ' ਕਰਨ ਲੱਗਿਆਂ ਆਪਣੀਆਂ ਜੀਵਨ ਹਾਲਤਾਂ ਹੀ ਬਰਬਾਦ ਕਰ ਲਈਆਂ। ਸਾਡੀ ਸਰੀਰਕ ਅਤੇ ਮਾਨਸਿਕ ਸਿਹਤ ਨੇ ਉਸ ਤਰੱਕੀ ਦੀ ਝਾਲ ਨਹੀਂ ਝੱਲੀ। ਬੇਗਾਨੀ ਜੂਠ ਦੇ ਆਸਰੇ ਪਲਣ ਵਾਲੀ ਤਰੱਕੀ ਦੀ ਝਾਕ ਦੀ ਬਜਾਏ ਜੇ ਅਸੀਂ ਆਪਣੇ ਪੈਰਾਂ ਆਸਰੇ ਤੁਰਦੇ, ਆਪਣੀ ਬੋਲੀ ਦੇ ਸਿਰ 'ਤੇ ਤਰੱਕੀ ਕਰਨ ਦੀ ਸੋਚਦੇ ਤਾਂ ਉਹ ਤਰੱਕੀ ਹੋਰ ਤਰ੍ਹਾਂ ਦੀ ਹੋਣੀ ਸੀ, ਉਹ ਤਰੱਕੀ ਹੰਢਣਸਾਰ ਹੋਣੀ ਸੀ, ਸੰਸਾਰ ਨੂੰ ਅਗਵਾਈ ਦੇਣ ਵਾਲੀ ਹੋਣੀ ਸੀ।

ਜੇ ਕੋਈ ਸਾਨੂੰ ਪੁੱਛੇ ਕਿ ਸਿੱਖਾਂ ਦੀ ਬੋਲੀ ਕਿਹੜੀ ਹੈ ਤਾਂ ਸਾਡੇ ਵਿਚੋਂ ਬਹੁਤੇ ਕਹਿਣਗੇ ਕਿ ਪੰਜਾਬੀ ਸਿੱਖਾਂ ਦੀ ਬੋਲੀ ਹੈ। ਇਹ ਜਵਾਬ ਦਰੁਸਤ ਨਹੀਂ ਹੈ। ਸਿੱਖ ਧਰਮ ਦੀਆਂ ਦੋ ਬੁਨਿਆਦੀ ਸਥਾਪਨਾਵਾਂ ਹਨ, ਇੱਕ ਗੁਰੂ ਗਰੰਥ ਅਤੇ ਦੂਸਰਾ ਗੁਰੂ ਪੰਥ। ਗੁਰੂ ਗਰੰਥ ਦੀ ਬੋਲੀ ਪੰਜਾਬੀ ਨਹੀਂ ਹੈ। ਇਹ ਅਣਗਿਣਤ ਬੋਲੀਆਂ ਦਾ ਖ਼ਜ਼ਾਨਾ ਹੈ। ਅਣਗਿਣਤ ਇਸ ਕਰਕੇ ਕਿ ਇਸ ਵਿੱਚ ਕਈ ਉਹ ਬੋਲੀਆਂ ਵੀ ਹੋਣਗੀਆਂ ਜੋ ਪਿਛਲੀਆਂ ਪੰਜ ਸਦੀਆਂ ਦੌਰਾਨ ਅਲੋਪ ਵੀ ਹੋ ਗਈਆਂ। ਗੁਰੂ ਗਰੰਥ ਦੀ ਲਿੱਪੀ ਗੁਰਮੁਖੀ ਹੈ ਭਾਵ ਇੱਕ ਹੈ ਪਰ ਬੋਲੀਆਂ ਅਨੇਕ ਹਨ। ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਪੰਜਾਬ ਦੇ ਲਗਪਗ ਕੇਂਦਰ ਵਿੱਚ ਹੈ। ਉੱਥੋਂ ਦੀ ਪੰਜਾਬੀ ਨੂੰ ਅਸੀਂ ਕੇਂਦਰੀ ਪੰਜਾਬੀ ਆਖਦੇ ਹਾਂ। ਦੇਸ਼ ਵੰਡ ਤੋਂ ਬਾਅਦ ਇਹ ਖੇਤਰ ਲਹਿੰਦੇ ਪੰਜਾਬ ਵਿੱਚ ਆਉਣ ਕਰਕੇ ਇਸ ਨੂੰ ਲਹਿੰਦੀ ਪੰਜਾਬੀ ਵੀ ਕਿਹਾ ਜਾਂਦਾ ਹੈ। ਗੁਰੂ ਗਰੰਥ ਸਾਹਿਬ ਵਿੱਚ ਇਸ ਬੋਲੀ ਵਿੱਚ ਗੁਰੂ ਨਾਨਕ ਜੀ ਦੀ ਬਹੁਤ ਘੱਟ ਬਾਣੀ ਮਿਲਦੀ ਹੈ। ਉਹਨਾਂ ਦੀ ਬਾਣੀ ਖੜ੍ਹੀ ਬੋਲੀ, ਬ੍ਰੱਜ, ਸੰਸਕ੍ਰਿਤ, ਫਾਰਸੀ, ਮੈਥਲੀ, ਅਵਧੀ, ਸਿੰਧੀ ਆਦਿ ਬੋਲੀਆਂ ਵਿੱਚ ਹੈ। ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਨਾਲ ਵਿਸ਼ਾਲ ਭੂਗੋਲਕ ਖੇਤਰ ਦੀ ਮਹਿਜ਼ ਯਾਤਰਾ ਹੀ ਨਹੀਂ ਕੀਤੀ ਸਗੋਂ ਦੂਰ ਦੂਰ ਤੱਕ ਗੁਰਮਤਿ ਵਿਚਾਰਧਾਰਾ ਨੂੰ ਫੈਲਾਇਆ ਅਤੇ ਸੰਗਠਿਤ ਕੀਤਾ। ਆਪ ਜਿੱਥੇ ਜਿੱਥੇ ਵੀ ਗਏ ਹਰ ਇਲਾਕੇ ਜਾਂ ਖਿੱਤੇ ਵਿੱਚ ਆਪਣੀ ਸੰਗਤ ਸਥਾਪਤ ਕੀਤੀ। ਜਿੱਥੇ ਵੀ ਗਏ ਉਸ ਧਰਤੀ ਦੀ ਬੋਲੀ ਨੂੰ ਜਾਣਿਆ, ਉਸ ਬੋਲੀ ਵਿੱਚ ਓਥੋਂ ਦੀ ਸੰਗਤ ਨੂੰ ਮੁਖ਼ਾਤਿਬ ਹੋਏ। ਆਪਣੇ ਉਪਦੇਸ਼ ਜਾਂ ਵਿਚਾਰਧਾਰਾ ਨੂੰ ਪਾਰ ਖੇਤਰੀ ਅਤੇ ਪਾਰ ਭਾਸ਼ਾਈ ਬਣਾਇਆ। ਉਹਨਾਂ ਆਪਣੀ ਭਾਸ਼ਾ ਨੀਤੀ ਨਾਲ ਆਪਣੇ ਆਪ ਨੂੰ ਪੰਜਾਬ ਜਾਂ ਪੰਜਾਬੀਆਂ ਦਾ ਨਹੀਂ ਸਗੋਂ ਮਨੁੱਖਤਾ ਦਾ ਪੈਗੰਬਰ ਸਿੱਧ ਅਤੇ ਸਥਾਪਤ ਕੀਤਾ। ਗੁਰੂ ਸਾਹਿਬ ਆਪਣੀ ਬਹੁ ਭਾਸ਼ਾਈ ਬਾਣੀ ਤੋਂ ਬਿਨਾ ਵੱਖ ਵੱਖ ਭੂਗੋਲਿਕ ਖੇਤਰਾਂ, ਬੋਲੀਆਂ ਅਤੇ ਸੱਭਿਆਚਾਰਾਂ ਨਾਲ ਸਬੰਧਤ ਉਹਨਾਂ ਤੋਂ ਪਹਿਲਾਂ ਹੋਏ ਗੁਰਮਤਿ ਦੇ ਸੁਖ਼ਨਵਰਾਂ ਦੀ ਬਾਣੀ ਵੀ ਨਾਲ ਲੈ ਕੇ ਆਏ ਜੋ ਬਾਅਦ ਵਿੱਚ ਗੁਰੂ ਗਰੰਥ ਸਾਹਿਬ ਦਾ ਹਿੱਸਾ ਬਣੀ। ਇਸ ਲਈ ਗੁਰਮਤਿ ਦੀ ਵਿਸ਼ਾਲਤਾ ਨੂੰ ਆਪਣੀ ਬੋਲੀ ਤੱਕ ਘਟਾਉਣਾ ਇਸ ਦਾ ਨੁਕਸਾਨ ਜਾਂ ਨਿਰਾਦਰ ਕਰਨ ਵਾਲੀ ਗੱਲ ਹੈ।

ਸਿੱਖ ਧਰਮ ਦੀ ਦੂਸਰੀ ਮੁੱਖ ਸਥਾਪਨਾ ਹੈ ਖਾਲਸਾ ਪੰਥ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਆਰਿਆਂ ਦੇ ਰੂਪ ਵਿੱਚ ਖਾਲਸਾ ਪੰਥ ਦੇ ਜੋ ਪਹਿਲੇ ਪੰਜ ਨੁਮਾਇੰਦੇ ਜਾਂ ਆਗੂ ਚੁਣੇ ਉਹਨਾਂ ਵਿੱਚੋਂ ਭਾਈ ਦਇਆ ਸਿੰਘ ਜੀ ਲਾਹੌਰ (ਹੁਣ ਪਾਕਿਸਤਾਨ) ਦੇ, ਭਾਈ ਧਰਮ ਸਿੰਘ ਜੀ ਮੇਰਠ (ਯੂ.ਪੀ.) ਦੇ, ਭਾਈ ਮੋਹਕਮ ਸਿੰਘ ਜੀ ਦਵਾਰਕਾ (ਗੁਜਰਾਤ) ਦੇ, ਭਾਈ ਹਿੰਮਤ ਸਿੰਘ ਜੀ ਜਗਨ ਨਾਥ ਪੁਰੀ (ਉੜੀਸਾ) ਦੇ ਅਤੇ ਭਾਈ ਸਾਹਿਬ ਸਿੰਘ ਜੀ ਬਿਦਰ (ਕਰਨਾਟਕਾ) ਦੇ ਇਲਾਕੇ ਨਾਲ ਸਬੰਧਤ ਸਨ। ਪੰਜਾਂ ਦੀ ਮਾਂ ਬੋਲੀ, ਦੇਸ਼ ਅਤੇ ਸੱਭਿਆਚਾਰ ਵੱਖਰਾ ਵੱਖਰਾ ਸੀ। ਇਹਨਾਂ ਪੰਜਾਂ ਵਿੱਚੋਂ ਸਾਡੇ ਹੁਣ ਦੇ ਇੱਧਰਲੇ ਪੰਜਾਬ ਦੇ ਖਿਤੇ ਨਾਲ ਸਬੰਧਤ ਕੋਈ ਨਹੀਂ ਸੀ।

**ਲੇਖਕ : ਜਸਵੰਤ ਸਿੰਘ ਜ਼ਫ਼ਰ**

NYC | CENSUS 2020



Live in the basement?
Yes, the census is for you.

Your answers cannot be shared with your landlord, ICE, or any law enforcement agency.

You don't need a paper form.

My2020census.gov 1-844-330-2020

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA


# ਟਰੋਲਰਜ਼ ਦਾ ਸ਼ਿਕਾਰ ਹੁੰਦੇ ਨੇ ਬਾਲੀਵੁੱਡ ਦੇ ਸਿਤਾਰੇ




ਕੰਗਨਾ ਰਣੌਤ, ਦੀਪਿਕਾ ਪਾਦੂਕੋਣ, ਪ੍ਰਿਅੰਕਾ ਚੋਪੜਾ, ਸੋਨਾਕਸ਼ੀ ਸਿਨਹਾ, ਮਹੇਸ਼ ਭੱਟ, ਈਸ਼ਾ ਗੁਪਤਾ, ਪਰਿਣੀਤੀ ਚੋਪੜਾ, ਰਿਤਿਕ ਰੌਸ਼ਨ, ਸ਼ਾਹਰੁਖ਼ ਖ਼ਾਨ, ਸਲਮਾਨ ਖ਼ਾਨ, ਪੂਜਾ ਭੱਟ, ਨੇਹਾ ਧੂਪੀਆ ਸਮੇਤ ਅਜਿਹੇ ਕਲਾਕਾਰਾਂ ਦੀ ਲੰਬੀ ਸੂਚੀ ਹੈ ਜੋ ਆਪਣੇ ਆਪਣੇ ਟਵੀਟ ਕਾਰਨ ਕਦੇ ਨਾ ਕਦੇ ਸੋਸ਼ਲ ਮੀਡੀਆ 'ਤੇ ਟਰੋਲ ਹੁੰਦੇ ਰਹਿੰਦੇ ਹਨ। ਹਾਲ ਹੀ ਵਿੱਚ ਸ਼ਾਹਰੁਖ਼ ਖ਼ਾਨ ਦੀ ਬੇਟੀ ਸੁਹਾਨਾ ਖ਼ਾਨ ਨੇ ਆਪਣੀਆਂ ਕੁਝ ਗਲੈਮਰਸ ਤਸਵੀਰਾਂ ਪੋਸਟ ਕੀਤੀਆਂ। ਉਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਉਸ ਦੀ ਟਰੋਲਿੰਗ ਸ਼ੁਰੂ ਹੋ ਗਈ। ਫਿਰ ਜਦੋਂ ਖ਼ੁਦ ਸੁਹਾਨਾ ਨੇ ਆਪਣੀ ਇੱਕ ਪੋਸਟ ਨਾਲ ਟਰੋਲਰ ਕਰਨ ਵਾਲਿਆਂ ਨੂੰ ਮੂੰਹ ਤੋੜ ਜਵਾਬ ਦਿੱਤਾ ਤਾਂ ਕਿਤੇ ਜਾ ਕੇ ਗੱਲ ਖ਼ਤਮ ਹੋਈ।

ਇੱਕ ਦਹਾਕੇ ਤੋਂ ਸੋਸ਼ਲ ਮੀਡੀਆ 'ਤੇ ਫ਼ਿਲਮੀ ਹਸਤੀਆਂ ਨੂੰ ਕਈ ਤਰ੍ਹਾਂ ਦੀ ਟਰੋਲਿੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੋਲ ਸਿਰਫ਼ ਫ਼ੋਟੋ ਪੋਸਟ ਪਾਉਣ ਜਾਂ ਟਵੀਟ ਕਰਨ ਵਾਲੇ ਨਹੀਂ ਹੁੰਦੇ, ਇਹ ਉਹ ਵੀ ਹੁੰਦੇ ਹਨ ਜੋ ਕਿਸੇ ਵੀ ਮੁੱਦੇ 'ਤੇ ਚੱਲ ਰਹੀ ਚਰਚਾ ਵਿੱਚ ਕੁੱਦਦੇ ਹਨ, ਖ਼ਰਾਬ ਟਿੱਪਣੀਆਂ ਕਰਦੇ ਹਨ, ਲੱਤਾਂ ਖਿੱਚਦੇ ਹਨ, ਭੱਦੀ ਭਾਸ਼ਾ ਦੀ ਵਰਤੋਂ ਕਰ ਕੇ ਹੋਰਾਂ ਨੂੰ ਮਾਨਸਿਕ ਤੌਰ 'ਤੇ ਪਰੇਸ਼ਨ ਕਰਦੇ ਹਨ, ਆਦਿ। ਫ਼ਿਲਮੀ ਸਿਤਾਰੇ ਜਦੋਂ ਕਿਸੇ ਗੱਲ 'ਤੇ ਜਿਵੇਂ ਹੀ ਕੋਈ ਟਿੱਪਣੀ ਕਰਦੇ ਹਨ ਤਾਂ ਸੋਸ਼ਲ ਮੀਡੀਆ 'ਤੇ ਖ਼ੂਬ ਟਰੋਲ ਹੁੰਦੇ ਹਨ, ਪਰ ਕੁਝ ਸਿਤਾਰੇ ਹਨ ਲੜਨ ਦੇ ਮੂਡ ਵਿੱਚ ਆ ਚੁੱਕੇ ਹਨ। ਸ਼ਾਹਰੁਖ਼ ਖ਼ਾਨ, ਰਿਚਾ ਚੱਢਾ, ਅਨੁਸ਼ਕਾ ਸ਼ਰਮਾ, ਨੇਹਾ ਧੂਪੀਆ ਸਮੇਤ ਅਜਿਹੇ ਕਈ ਕਲਾਕਾਰ ਟਰੋਲਿੰਗ ਦਾ ਮੂੰਹ ਤੋੜ ਜਵਾਬ ਦੇ ਰਹੇ ਹਨ।



ਪ੍ਰਿਅੰਕਾ ਚੋਪੜਾ ਨੇ ਜਦੋਂ ਤੋਂ ਵਿਆਹ ਕਰਾਇਆ ਹੈ ਓਦੋਂ ਤੋਂ ਹੀ ਅਕਸਰ ਸੋਸ਼ਲ ਮੀਡੀਆ 'ਤੇ ਉਸ ਨੂੰ





ਟਰੋਲ ਕੀਤਾ ਜਾਂਦਾ ਹੈ। ਹਾਲ ਹੀ ਵਿੱਚ ਆਪਣੇ ਪਤੀ ਨਿਕ ਜੋਨਾਸ ਨਾਲ ਸਿਗਰੇਟ ਪੀਣ ਵਾਲੀ ਤਸਵੀਰ ਪੋਸਟ ਕਰ ਕੇ ਉਸ ਨੇ ਆਫ਼ਤ ਹੀ ਬੁਲਾ ਲਈ। ਉਸ ਨੂੰ ਖ਼ੂਬ ਟਰੋਲ ਕੀਤਾ ਗਿਆ। ਕੁਝ ਦਿਨ ਪਹਿਲਾਂ ਉਸ ਦੇ ਕਰੀਅਰ ਨੂੰ ਲੈ ਕੇ ਇੱਕ ਵਿਅਕਤੀ ਨਾਲ ਉਸ ਦਾ ਕਾਫ਼ੀ ਵਿਵਾਦ ਹੋਇਆ। ਕਈ ਵਾਰ ਪਤੀ ਨਿਕ ਜੋਨਾਸ ਦੀ ਵਜ੍ਹਾ ਨਾਲ ਵੀ ਉਸ ਨੂੰ ਟਰੋਲ ਕੀਤਾ ਜਾਂਦਾ ਹੈ। ਹਾਲਾਂਕਿ ਅਜਿਹੀਆਂ ਸਾਰੀਆਂ ਟਰੋਲਿੰਗ ਦਾ ਪ੍ਰਿਅੰਕਾ ਉਚਿਤ ਜਵਾਬ ਦਿੰਦੀ ਹੈ। ਕਈ ਵਾਰ ਆਪਣੀਆਂ ਗ਼ਲਤੀਆਂ ਦੀ ਵਜ੍ਹਾ ਨਾਲ ਵੀ ਉਹ ਟਰੋਲ ਹੁੰਦੀ ਹੈ। ਹਾਲ ਹੀ ਵਿੱਚ ਜਦੋਂ ਉਸ ਨੇ ਟਵੀਟ ਕੀਤਾ ਕਿ ਉਹ ਪ੍ਰਧਾਨ ਮੰਤਰੀ ਬਣਨਾ ਚਾਹੁੰਦੀ ਹੈ ਤਾਂ ਉਹ ਖ਼ੂਬ ਟਰੋਲ ਹੋਈ।ਕੁਝ ਦਿਨ ਪਹਿਲਾਂ ਕੰਗਨਾ ਰਣੌਤ ਨੇ ਇੱਕ ਰਿਪੋਰਟਰ ਤੋਂ ਉਲਟੇ ਸੁਆਲ ਪੁੱਛ ਕੇ ਉਸ ਨੂੰ ਅਸਹਿਜ ਕੀਤਾ। ਸੋਸ਼ਲ ਮੀਡੀਆ 'ਤੇ ਉਸ ਦੀ ਟਰੋਲਿੰਗ ਕਰ ਕੇ ਉਸ ਨੂੰ ਜੱਜ ਕੀਤਾ ਜਾਣ ਲੱਗਾ। ਉਸ ਦੀ ਭੈਣ ਰੰਗੋਲੀ ਨੂੰ ਵੀ ਨਹੀਂ ਬਖ਼ਸ਼ਿਆ ਗਿਆ, ਪਰ ਕੰਗਨਾ ਨੇ ਸਭ ਨੂੰ ਜਜਮੈਂਟਲ ਹੈ ਕਿਆ ਕਹਿ ਕੇ ਚੁੱਪ ਕਰਵਾ ਦਿੱਤਾ। ਦੂਜੇ ਪਾਸੇ, ਸ਼ਾਹਰੁਖ਼ ਖ਼ਾਨ ਦੀ ਬੇਟੀ ਸੁਹਾਨਾ ਖ਼ਾਨ ਦੀ ਗ਼ਲਤੀ ਸਿਰਫ਼ ਇੰਨੀ ਸੀ ਕਿ ਉਸ ਨੇ ਇੱਕ ਮੈਗਜ਼ੀਨ ਦੇ ਕਵਰ ਪੇਜ ਲਈ ਗਲੈਮਰਸ ਤਸਵੀਰਾਂ ਖਿਚਵਾਈਆਂ। ਉਸ ਤੋਂ ਬਾਅਦ ਉਸ ਦੀ ਟਰੋਲਿੰਗ ਸ਼ੁਰੂ ਹੋ ਗਈ ਤਾਂ ਉਸ ਨੇ ਵੀ ਸੰਖੇਪ ਵਿੱਚ ਜਵਾਬ ਦੇਣਾ ਸ਼ੁਰੂ ਕੀਤਾ। ਉਸ ਨੇ ਪੋਸਟ ਕੀਤੀ, "ਮੈਨੂੰ ਆਪਣੇ ਕੰਮ 'ਤੇ ਕੋਈ ਅਫ਼ਸੋਸ ਨਹੀਂ, ਪਰ ਮੇਰੀ ਟਰੋਲਿੰਗ ਹਾਲੇ ਵੀ ਜਾਰੀ ਹੈ।" ਉਂਝ ਸੁਹਾਨਾ ਜੇਕਰ ਗਲੈਮਰ ਦੀ ਦੁਨੀਆਂ ਵਿੱਚ ਆਉਣ ਲਈ ਇਸ ਤਰ੍ਹਾਂ ਦਾ ਕੰਮ ਕਰ ਰਹੀ ਹੈ ਤਾਂ ਇਸ ਵਿੱਚ ਗ਼ਲਤ ਵੀ ਕੀ ਹੈ? ਉਸ ਦੀ ਗ਼ਲਤੀ ਸਿਰਫ਼ ਇੰਨੀ ਹੀ ਹੈ ਕਿ ਉਹ ਇੱਕ ਸਲੈਬ੍ਰਿਟੀ ਦੀ ਬੇਟੀ ਹੈ ਅਤੇ ਉਸ ਨੂੰ ਇਹ ਸਭ ਕੁਝ ਆਸਾਨੀ ਨਾਲ ਮਿਲ ਗਿਐ।

ਇੱਕ ਸੱਜਣ ਹੈ ਕਮਾਲ ਆਰ ਖ਼ਾਨ। ਉਸ ਦਾ ਕਈ ਫ਼ਿਲਮੀ ਹਸਤੀਆਂ ਨਾਲ ਪੰਗਾ ਪੈ ਚੁੱਕਿਆ ਹੈ, ਪਰ ਉਹ ਸੁਧਰਨ ਦਾ ਨਾਂ ਨਹੀਂ ਲੈਂਦਾ। ਸ਼ਾਹਰੁਖ਼ ਖ਼ਾਨ ਨਾਲ ਉਸ ਦੀ ਜ਼ਰਾ ਵੀ ਨਹੀਂ ਬਣਦੀ। ਉਸ ਦਾ ਨਾਂ ਲੈ ਕੇ ਕਮਾਲ ਖ਼ਾਨ ਨੇ ਕਈ ਵਾਰ ਬਿਆਨਬਾਜ਼ੀ ਕੀਤੀ ਹੈ ਜਿਸ ਖ਼ਿਲਾਫ਼ ਫਿਰ ਸ਼ਾਹਰੁਖ਼ ਨੇ ਵੀ ਕੋਈ ਕਸਰ ਨਹੀਂ ਛੱਡੀ। ਕਮਾਲ ਦੇ ਨਿਸ਼ਾਨੇ 'ਤੇ ਆਲੀਆ ਭੱਟ, ਸਿਧਾਰਥ ਮਲਹੋਤਰਾ, ਸੋਨਾਕਸ਼ੀ ਸਿਨਹਾ ਵਰਗੇ ਕਈ ਸਿਤਾਰੇ ਹਨ। ਆਲੀਆ ਬਾਰੇ ਗ਼ਲਤ ਬਿਆਨਬਾਜ਼ੀ ਕਰਨ 'ਤੇ ਸਿਧਾਰਥ ਨੇ ਉਸ ਦੀ ਚੰਗੀ ਤਰ੍ਹਾਂ ਰੇਲ ਬਣਾਈ ਸੀ। ਇੱਕ ਵਾਰ ਸੋਨਾਕਸ਼ੀ ਵੀ ਉਸ ਖ਼ਿਲਾਫ਼ ਬਹੁਤ ਬੋਲੀ ਸੀ। ਫ਼ੈਸ਼ਨ ਦੇ ਮਾਮਲੇ ਵਿੱਚ ਬਹੁਤ ਖੁੱਲ੍ਹੇ ਦਿਮਾਗ਼ ਦੀ ਲੋੜ ਪੈਂਦੀ ਹੈ। ਇਹੀ ਕਾਰਨ ਹੈ ਕਿ ਫ਼ੈਸ਼ਨ ਸ਼ੂਟਿੰਗ ਤੋਂ ਬਾਅਦ ਦੀਪਿਕਾ ਨੂੰ ਕਈ ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਈਸ਼ਾ ਗੁਪਤਾ ਨੂੰ ਇਹ ਸੁਣਨਾ ਪੈਂਦਾ ਹੈ ਕਿ ਉਸ ਦਾ ਰੰਗ ਸਾਂਵਲਾ ਹੈ। ਇਸ ਪ੍ਰਕਾਰ ਹੀ ਪ੍ਰਿਅੰਕਾ ਚੋਪੜਾ ਦੇ ਫ਼ੈਸ਼ਨ ਸਟਾਈਲ ਨੂੰ ਬੀਤਿਆ ਹੋਇਆ ਕਿਹਾ ਜਾਂਦਾ ਹੈ।

ਇਹ ਇੱਕ ਅਜਿਹਾ ਵਿਸ਼ਾ ਹੈ ਜਿਸ 'ਤੇ ਬਹੁਤ ਘੱਟ ਸਿਤਾਰੇ ਟਵੀਟ ਕਰਨਾ ਪਸੰਦ ਕਰਦੇ ਹਨ। ਹੁਣ ਜਿਵੇਂ ਸ਼ਾਹਰੁਖ਼ ਨੂੰ ਇੱਕ ਵਾਰ ਪੁੱਛਿਆ ਗਿਆ ਕਿ ਫ਼ੈਸ਼ਨ ਅਤੇ ਦੂਜੇ ਵਿਸ਼ਿਆਂ 'ਤੇ ਉਹ ਅਕਸਰ ਬੋਲਦੇ ਰਹਿੰਦੇ ਹਨ, ਪਰ ਰੋਹਿੰਗਾ, ਕਸ਼ਮੀਰ ਜਾਂ ਬੰਗਾਲ ਦੇ ਦੰਗਿਆਂ ਬਾਰੇ ਉਹ ਕੁਝ ਨਹੀਂ ਬੋਲਦੇ? ਸ਼ਾਹਰੁਖ਼ ਠਹਿਰਿਆ ਹੋਇਆ ਵਿਅਕਤੀ ਹੈ। ਉਹ ਵਿਵਾਦਾਂ ਤੋਂ ਦੂਰ ਹੀ ਰਹਿਣਾ ਚਾਹੁੰਦਾ ਹੈ। ਇਸ ਲਈ ਉਸ ਨੇ ਬਹੁਤ ਸੰਤੁਲਿਤ ਜਵਾਬ ਦਿੱਤਾ।

ਇੱਕ ਵਾਰ ਅਭਿਨੇਤਰੀ ਰਿਚਾ ਚੱਢਾ ਨੇ ਕਹਿ ਦਿੱਤਾ, "ਉੱਤਰ ਭਾਰਤ ਨਾਲ ਤਮਿਲਾਂ ਦਾ ਨਹੀਂ, ਪਾਕਿਸਤਾਨੀਆਂ ਦਾ ਜ਼ਿਆਦਾ ਮੇਲ ਹੈ।" ਇਸ 'ਤੇ ਜਦੋਂ ਉਸ ਨੂੰ ਟਰੋਲ ਕੀਤਾ ਜਾਣ ਲੱਗਾ ਤਾਂ ਉਸ ਦਾ ਜਵਾਬ ਸੀ, "ਮੈਂ ਤਮਿਲ ਲੋਕਾਂ ਨਾਲ ਇੰਨਾ ਪਿਆਰ ਕਰਦੀ ਹਾਂ ਕਿ ਉਨ੍ਹਾਂ ਦੀ ਭਾਸ਼ਾ ਪੜ੍ਹ ਅਤੇ ਲਿਖ ਸਕਦੀ ਹਾਂ, ਪਰ ਇਸ ਨਾਲ ਤੁਹਾਡਾ ਕੀ? ਬਸ! ਮੈਨੂੰ ਟਰੋਲ ਕਰਦੇ ਰਹੋ।" ਉਸ ਨੂੰ ਧਮਕੀਆਂ ਮਿਲਣ ਲੱਗੀਆਂ। ਫਿਰ ਰਿਚਾ ਨੇ ਟਵਿਟਰ ਦੇ ਅਧਿਕਾਰੀਆਂ ਨੂੰ ਬੇਨਤੀ ਕੀਤੀ ਕਿ ਇਹ ਸਭ ਬੰਦ ਹੋਣਾ ਚਾਹੀਦਾ ਹੈ। ਕੁਝ ਸਮਾਂ ਪਹਿਲਾਂ ਸਵਰਾ ਭਾਸਕਰ ਕਾਫ਼ੀ ਅਜੀਬ ਸਥਿਤੀ ਵਿੱਚ ਆ ਗਈ ਸੀ। ਵੀਰੇ ਦੀ ਵੈਡਿੰਗ ਦੇ ਇੱਕ ਬੋਲਡ ਦ੍ਰਿਸ਼ ਨਾਲ ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਇਸ ਤੋਂ ਬਾਅਦ ਉਹ ਸੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੇ ਸਵਾਲਾਂ ਵਿੱਚ ਘਿਰ ਗਈ। ਇੱਕ ਤੋਂ ਬਾਅਦ ਇੱਕ ਟਰੋਲਜ਼ ਆਉਣ ਲੱਗੀਆਂ। ਕਿਸੇ ਨੇ ਕਿਹਾ ਦਾਦੀ ਨਾਲ ਫ਼ਿਲਮ ਦੇਖ ਰਿਹਾ ਸੀ, ਕਿਸੇ ਨੇ ਕਿਹਾ ਨਾਨੀ ਨਾਲ ਫ਼ਿਲਮ ਦੇਖੀ। ਆਖ਼ਿਰ ਸਵਰਾ ਨੇ ਟਵੀਟ ਕੀਤਾ, "ਮੈਨੂੰ ਲੱਗਦਾ ਹੈ ਕਿ ਕੋਈ ਵਿਸ਼ੇਸ਼ 9" ਸੈੱਲ ਦਾਦੀ-ਨਾਨੀ ਨੂੰ ਲੈ ਕੇ ਜਾਣ ਲਈ ਅਲੱਗ ਤੋਂ ਟਿਕਟ ਕੱਟ ਕੇ ਦੇ ਰਿਹਾ ਹੈ। ਲੱਗਦਾ ਹੈ ਟਵੀਟ ਕਰਨ ਲਈ ਵੀ ਖ਼ਰਚਾ ਪਾਣੀ ਮਿਲ ਰਿਹਾ ਹੈ।"ਇਹ ਟਰੋਲਿੰਗ ਦੀ ਇਹ ਸਮੱਸਿਆ ਸਿਰਫ਼ ਫ਼ਿਲਮੀ ਹਸਤੀਆਂ ਦੀ ਨਹੀਂ ਹੈ। ਦੂਜੀਆਂ ਵੱਡੀਆਂ ਸ਼ਖ਼ਸੀਅਤਾਂ ਯਾਨੀ ਰਾਜਨੇਤਾ ਅਤੇ ਖਿਡਾਰੀ ਖ਼ਾਸਤੌਰ ਨਾਲ ਕ੍ਰਿਕਟ ਨਾਲ ਜੁੜੇ ਲੋਕ ਇਸਦੀ ਲਪੇਟ ਵਿੱਚ ਖ਼ੂਬ ਆਉਂਦੇ ਹਨ।





# ਕੀ ਸਰਕਾਰਾਂ ਨੂੰ ਕੋਰੋਨਾ ਦੀ ਮਹਾਂਮਾਰੀ ਵਿਚ ਸਕੂਲ ਖੋਲ੍ਹਣੇ ਚਾਹੀਦੇ ਹਨ?

ਕੋਰੋਨਾ ਦੀ ਮਹਾਂਮਾਰੀ ਦੇ ਚਲਦਿਆਂ ਸਿੱਖਿਆ ਸੰਸਥਾਵਾਂ ਦੇ ਖੋਲ੍ਹਣ ਨੂੰ ਲੈ ਕੇ ਕੇਂਦਰ ਅਤੇ ਸੂਬਾ ਸਰਕਾਰਾਂ ਬਹੁਤ ਹੀ ਗੰਭੀਰ ਅਤੇ ਗੁੰਝਲਦਾਰ ਸਮੱਸਿਆ ਵਿਚ ਫਸੀਆਂ ਹੋਈਆਂ ਹਨ। ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਹੋ ਰਹੇ ਵਾਧੇ ਕਾਰਨ ਸਰਕਾਰਾਂ ਦਾ ਇਹ ਸੰਕਟ ਹੋਰ ਵੀ ਗਹਿਰਾਉਂਦਾ ਜਾ ਰਿਹਾ ਹੈ। ਸਰਕਾਰਾਂ ਇਸ ਮੁੱਦੇ ਨੂੰ ਲੈ ਕੇ ਫ਼ਿਕਰਮੰਦ ਹੋਣ ਵੀ ਕਿਉਂ ਨਾ ? ਕਿਉਂਕਿ ਜੇਕਰ ਸਿੱਖਿਆ ਸੰਸਥਾਵਾਂ ਨਹੀਂ ਖੁੱਲ੍ਹਦੀਆਂ ਤਾਂ ਬੱਚਿਆਂ ਦੀ ਪੜ੍ਹਾਈ ਅਤੇ ਭਵਿੱਖ ਪ੍ਰਭਾਵਿਤ ਹੁੰਦਾ ਹੈ। ਜੇਕਰ ਸਿੱਖਿਆ ਸੰਸਥਾਵਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਖੋਲ੍ਹਿਆ ਜਾਂਦਾ ਹੈ ਤਾਂ ਇਸ ਗੱਲ ਦਾ ਖ਼ਦਸ਼ਾ ਹੈ ਕਿ ਬੱਚੇ ਕਿਤੇ ਇਸ ਭਿਆਨਕ ਬਿਮਾਰੀ ਦਾ ਸ਼ਿਕਾਰ ਨਾ ਹੋ ਜਾਣ। ਸਰਕਾਰਾਂ ਨੇ ਇਸ ਸੰਕਟਪੂਰਨ ਸਥਿਤੀ ਤੋਂ ਰਾਹਤ ਪਾਉਣ ਲਈ ਸਿੱਖਿਆ ਅਤੇ ਸਿਹਤ ਦੇ ਖੇਤਰਾਂ ਨਾਲ ਜੁੜੇ ਮਾਹਿਰਾਂ ਦੀਆਂ ਕਮੇਟੀਆਂ ਬਣਾ ਕੇ ਉਨ੍ਹਾਂ ਤੋਂ ਸੁਝਾਅ ਮੰਗੇ ਹਨ, ਜਿਨ੍ਹਾਂ ਨੂੰ ਮੱਦੇਨਜ਼ਰ ਰੱਖਦਿਆਂ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਿਆ ਜਾ ਸਕੇ।

ਉਨ੍ਹਾਂ ਮਾਹਿਰਾਂ ਨੇ ਆਪਣੇ ਗਿਆਨ ਅਤੇ ਅਨੁਭਵ ਦੇ ਆਧਾਰ 'ਤੇ ਸਰਕਾਰਾਂ ਨੂੰ ਸਿੱਖਿਆ ਸੰਸਥਾਵਾਂ ਖੋਲ੍ਹਣ ਲਈ ਆਪਣੇ ਸੁਝਾਅ ਪੇਸ਼ ਕੀਤੇ ਹਨ। ਜਦੋਂ ਸਾਡੇ ਦੇਸ਼ ਵਿਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ ਬਹੁਤੀ ਜ਼ਿਆਦਾ ਨਹੀਂ ਸੀ ਤਾਂ ਉਦੋਂ ਮਾਹਿਰਾਂ ਦੀ ਰਾਇ ਇਹ ਸੀ ਕਿ ਸਿੱਖਿਆ ਸੰਸਥਾਵਾਂ ਨੂੰ ਸੈਨੇਟਾਈਜ਼ ਕਰ ਕੇ, ਜਿਸਮਾਨੀ ਦੂਰੀ ਦਾ ਪਾਲਣ ਕਰਦਿਆਂ ਅਤੇ ਸਿੱਖਿਆ ਸੰਸਥਾਵਾਂ ਨੂੰ ਜ਼ਰੂਰੀ ਹਦਾਇਤਾਂ ਜਾਰੀ ਕਰ ਕੇ ਸਕੂਲ ਖੋਲ੍ਹ ਕੇ ਪੜ੍ਹਾਈ ਸ਼ੁਰੂ ਕਰਵਾਈ ਜਾ ਸਕਦੀ ਹੈ। ਪਰ ਸਰਕਾਰਾਂ ਉਨ੍ਹਾਂ ਮਾਹਿਰਾਂ ਵਲੋਂ ਦਿੱਤੇ ਗਏ ਸੁਝਾਵਾਂ ਨੂੰ ਲਾਗੂ ਕਰਕੇ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦੇ ਆਪਣੇ ਫ਼ੈਸਲੇ ਨੂੰ ਲੈ ਕੇ ਦੁਚਿੱਤੀ ਵਿਚ ਸਨ। ਪਰ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ ਵਿਚ ਬਹੁਤ ਜ਼ਿਆਦਾ ਵਾਧਾ ਹੋਣ ਨਾਲ ਮਾਹਿਰਾਂ ਵਲੋਂ ਇਹ ਕਿਹਾ ਗਿਆ ਕਿ ਇਸ ਬਿਮਾਰੀ ਦੀ ਸਥਿਤੀ ਦੀ ਗੰਭੀਰਤਾ ਨੂੰ ਭਾਂਪਦਿਆਂ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦੀ ਕਾਹਲ ਨਾ ਕੀਤੀ ਜਾਵੇ। ਉਨ੍ਹਾਂ ਨੇ ਸਰਕਾਰ ਨੂੰ ਇਹ ਮਸ਼ਵਰਾ ਦਿੱਤਾ ਕਿ ਪਹਿਲੀ ਤੋਂ ਪੰਜਵੀਂ ਤੱਕ ਦੇ ਬੱਚਿਆਂ ਨੂੰ ਪੜ੍ਹਾਈ ਲਈ ਸਕੂਲਾਂ ਵਿਚ ਨਾ ਬੁਲਾਇਆ ਜਾਵੇ। ਉਨ੍ਹਾਂ ਨੂੰ ਘਰਾਂ ਵਿਚ ਹੀ ਬੈਠਿਆਂ ਆਨਲਾਈਨ ਪ੍ਰਕਿਰਿਆ ਰਾਹੀਂ ਹੀ ਪੜ੍ਹਾਇਆ ਜਾਵੇ।

**ਕੇਂਦਰ ਸਰਕਾਰ ਇਹ ਵੀ ਚਾਹੁੰਦੀ ਹੈ ਕਿ ਇਸ ਸਥਿਤੀ ਵਿਚ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦਾ ਫ਼ੈਸਲਾ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਅਤੇ ਮਰਜ਼ੀ ਉੱਤੇ ਛੱਡ ਦਿੱਤਾ ਜਾਵੇ। ਉਹ ਆਪਣੇ ਸੂਬੇ ਵਿਚ ਕੋਰੋਨਾ ਦੀ ਸਥਿਤੀ ਦੇ ਅਨੁਸਾਰ ਖ਼ੁਦ ਫ਼ੈਸਲਾ ਲੈਣ ਕਿ ਉਨ੍ਹਾਂ ਨੇ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦੇ ਹੁਕਮ ਦੇਣੇ ਹਨ ਜਾਂ ਨਹੀਂ। ਪਰ ਉਨ੍ਹਾਂ ਨੂੰ ਮਨੁੱਖੀ ਅਤੇ ਸਿਹਤ ਮੰਤਰਾਲੇ ਵਲੋਂ ਜਾਰੀ ਹਦਾਇਤਾਂ ਦਾ ਪਾਲਣ ਕਰਵਾਉਣਾ ਯਕੀਨੀ ਬਣਾਉਣਾ ਪਵੇਗਾ। ਤਾਲਾਬੰਦੀ ਖੁੱਲ੍ਹਣ ਤੋਂ ਬਾਅਦ ਜਿਵੇਂ ਕੇਂਦਰ ਸਰਕਾਰ ਨੇ ਧਾਰਮਿਕ ਸੰਸਥਾਵਾਂ, ਮਾਲ, ਹਵਾਈ ਉਡਾਣਾਂ, ਆਵਾਜਾਈ, ਦੁਕਾਨਾਂ, ਸਵਿਮਿੰਗ ਪੂਲ, ਨਾਈਆਂ ਦੀਆਂ ਦੁਕਾਨਾਂ, ਕਾਰਖਾਨੇ, ਰੇਲ ਗੱਡੀਆਂ ਅਤੇ ਹੋਟਲ ਖੋਲ੍ਹ ਦਿੱਤੇ ਹਨ, ਉਸ ਤੋਂ ਜਾਪਦਾ ਹੈ ਕਿ ਕੇਂਦਰ ਸਰਕਾਰ ਕਿਸੇ ਨਾ ਕਿਸੇ ਸਮੇਂ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦਾ ਵੀ ਐਲਾਨ ਕਰ ਸਕਦੀ ਹੈ।**



ਕੇਵਲ ਛੇਵੀਂ ਜਮਾਤ ਤੋਂ ਲੈ ਕੇ ਉੱਪਰਲੀਆਂ ਜਮਾਤਾਂ ਤੱਕ ਦੇ ਹੀ ਬੱਚਿਆਂ ਨੂੰ ਪੜ੍ਹਾਈ ਲਈ ਸਕੂਲਾਂ ਵਿਚ ਬੁਲਾਇਆ ਜਾਵੇ। ਕੁਝ ਮਾਹਿਰਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਰਕਾਰ ਨੂੰ ਇਹ ਵੀ ਕਿਹਾ ਕਿ ਬੱਚਿਆਂ ਦੀ ਗਿਣਤੀ ਨੂੰ ਵੰਡ ਕੇ ਬਦਲਵੇਂ ਦਿਨਾਂ ਅਨੁਸਾਰ ਬੱਚਿਆਂ ਨੂੰ ਅੱਧੇ-ਅੱਧੇ ਕਰਕੇ ਬੁਲਾ ਲਿਆ ਜਾਵੇ। ਇਸ ਨਾਲ ਜਿਸਮਾਨੀ ਦੂਰੀ ਦਾ ਧਿਆਨ ਵੀ ਰਹੇਗਾ ਅਤੇ ਬੱਚੇ ਇਸ ਬਿਮਾਰੀ ਦਾ ਸ਼ਿਕਾਰ ਹੋਣ ਤੋਂ ਵੀ ਬਚ ਜਾਣਗੇ। ਕੁਝ ਮਾਹਿਰਾਂ ਨੇ ਸਰਕਾਰ ਨੂੰ ਇਹ ਸੁਝਾਅ ਦਿੰਦੇ ਹੋਏ ਕਿਹਾ ਕਿ ਸਿੱਖਿਆ ਸੰਸਥਾਵਾਂ ਵਿਚ ਉਨ੍ਹਾਂ ਬੱਚਿਆਂ ਨੂੰ ਹੀ ਪੜ੍ਹਾਈ ਲਈ ਬੁਲਾਇਆ ਜਾਵੇ ਜਿਹੜੇ ਤਾਲਾਬੰਦੀ ਦੌਰਾਨ ਸਾਧਨਾਂ ਦੀ ਘਾਟ ਅਤੇ ਆਪਣੀ ਲਾਪਰਵਾਹੀ ਕਾਰਨ ਘਰ ਬੈਠੇ ਆਨਲਾਈਨ ਪੜ੍ਹਾਈ ਨਹੀਂ ਕਰ ਸਕੇ। ਕਈ ਮਾਹਿਰਾਂ ਦੀ ਰਾਇ ਇਹ ਵੀ ਸੀ ਕਿ ਬੱਚਿਆਂ ਦੀ ਪੜ੍ਹਾਈ ਦੇ ਨੁਕਸਾਨ ਦੀ ਪੂਰਤੀ ਲਈ ਉਨ੍ਹਾਂ ਦੀਆਂ ਛੁੱਟੀਆਂ ਘਟਾ ਦਿੱਤੀਆਂ ਜਾਣ। ਪ੍ਰੀਖਿਆਵਾਂ ਲਈ ਸਿਲੇਬਸ ਘਟਾ ਦਿੱਤਾ ਜਾਵੇ। ਕੇਂਦਰ ਸਰਕਾਰ ਇਹ ਵੀ ਚਾਹੁੰਦੀ ਹੈ ਕਿ ਇਸ ਸਥਿਤੀ ਵਿਚ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦਾ ਫ਼ੈਸਲਾ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਅਤੇ ਮਰਜ਼ੀ ਉੱਤੇ ਛੱਡ ਦਿੱਤਾ ਜਾਵੇ। ਉਹ ਆਪਣੇ ਸੂਬੇ ਵਿਚ ਕੋਰੋਨਾ ਦੀ ਸਥਿਤੀ ਦੇ ਅਨੁਸਾਰ ਖ਼ੁਦ ਫ਼ੈਸਲਾ ਲੈਣ ਕਿ ਉਨ੍ਹਾਂ ਨੇ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦੇ ਹੁਕਮ ਦੇਣੇ ਹਨ ਜਾਂ ਨਹੀਂ। ਪਰ ਉਨ੍ਹਾਂ ਨੂੰ ਮਨੁੱਖੀ ਅਤੇ ਸਿਹਤ ਮੰਤਰਾਲੇ ਵਲੋਂ ਜਾਰੀ ਹਦਾਇਤਾਂ ਦਾ ਪਾਲਣ ਕਰਵਾਉਣਾ ਯਕੀਨੀ ਬਣਾਉਣਾ ਪਵੇਗਾ। ਤਾਲਾਬੰਦੀ ਖੁੱਲ੍ਹਣ ਤੋਂ ਬਾਅਦ ਜਿਵੇਂ ਕੇਂਦਰ ਸਰਕਾਰ ਨੇ ਧਾਰਮਿਕ ਸੰਸਥਾਵਾਂ, ਮਾਲ, ਹਵਾਈ ਉਡਾਣਾਂ, ਆਵਾਜਾਈ, ਦੁਕਾਨਾਂ, ਸਵਿਮਿੰਗ ਪੂਲ, ਨਾਈਆਂ ਦੀਆਂ ਦੁਕਾਨਾਂ, ਕਾਰਖਾਨੇ, ਰੇਲ ਗੱਡੀਆਂ ਅਤੇ ਹੋਟਲ ਖੋਲ੍ਹ ਦਿੱਤੇ ਹਨ, ਉਸ ਤੋਂ ਜਾਪਦਾ ਹੈ ਕਿ ਕੇਂਦਰ ਸਰਕਾਰ ਕਿਸੇ ਨਾ ਕਿਸੇ ਸਮੇਂ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦਾ ਵੀ ਐਲਾਨ ਕਰ ਸਕਦੀ ਹੈ। ਸਰਕਾਰ ਦੇ ਇਸ ਫ਼ੈਸਲੇ ਦੇ ਕੀ ਪ੍ਰਭਾਵ ਹੋ ਸਕਦੇ ਹਨ, ਇਸ ਬਾਰੇ ਤਾਂ ਬਾਅਦ ਵਿਚ ਗੱਲ ਕਰਦੇ ਹਾਂ ਪਰ ਇਸ ਤੋਂ ਪਹਿਲਾਂ ਇਸ ਫ਼ੈਸਲੇ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਸੋਚ ਵਿਚਾਰ ਕਰ ਲੈਣਾ ਚਾਹੀਦਾ ਹੈ।

ਕੁਝ ਲੋਕਾਂ ਦਾ ਇਹ ਕਹਿਣਾ ਹੈ ਕਿ ਸਾਡੇ ਦੇਸ਼ ਦੀ ਲੋੜ ਤੋਂ ਬੇਹੱਦ ਵਧੇਰੇ ਆਬਾਦੀ ਅਤੇ ਸੁਯੋਗ ਪ੍ਰਬੰਧਾਂ ਅਤੇ ਸਹੂਲਤਾਂ ਦੀ ਘਾਟ ਸਿੱਖਿਆ ਸੰਸਥਾਵਾਂ ਦੇ ਖੋਲ੍ਹਣ ਵਿਚ ਬਹੁਤ ਵੱਡੇ ਅੜਿੱਕੇ ਹਨ। ਜੇਕਰ ਸਰਕਾਰਾਂ ਸਿੱਖਿਆ ਸੰਸਥਾਵਾਂ ਖੋਲ੍ਹਣ ਦਾ ਫ਼ੈਸਲਾ ਲੈਂਦੀਆਂ ਹਨ ਤਾਂ ਇਹ ਗੱਲ ਮੰਨ ਕੇ ਚੱਲਣਾ ਪਵੇਗਾ ਕਿ ਬੱਚਿਆਂ ਵਲੋਂ ਜਿਸਮਾਨੀ ਦੂਰੀ ਦਾ ਉਮੀਦ ਅਨੁਸਾਰ ਰੱਖਿਆ ਜਾਣਾ ਬਹੁਤਾ ਸੰਭਵ ਨਹੀਂ ਹੋਵੇਗਾ। ਭਾਵੇਂ ਸਿੱਖਿਆ ਸੰਸਥਾਵਾਂ ਦੇ ਲੱਗਣ ਤੋਂ ਲੈ ਕੇ ਬੰਦ ਹੋਣ ਤੱਕ ਅਧਿਆਪਕ ਬੱਚਿਆਂ ਉੱਤੇ ਨਜ਼ਰ ਰੱਖ ਲੈਣਗੇ ਪਰ ਬੱਚਿਆਂ ਦੇ ਆਉਣ-ਜਾਣ ਵਾਲੀਆਂ ਬੱਸਾਂ, ਪਖਾਨਿਆਂ, ਖੇਡ ਮੈਦਾਨਾਂ ਅਤੇ ਜਮਾਤਾਂ ਵਿਚੋਂ ਆਉਣ ਜਾਣ ਲੱਗਿਆਂ ਬੱਚਿਆਂ ਵਲੋਂ ਜਿਸਮਾਨੀ ਦੂਰੀ ਬਣਾ ਕੇ ਰੱਖਣਾ ਸੰਭਵ ਨਹੀਂ ਹੋ ਸਕੇਗਾ। ਅਜਿਹੀ ਸਥਿਤੀ ਵਿਚ ਜੇਕਰ ਬੱਚੇ ਇਸ ਬਿਮਾਰੀ ਦਾ ਸ਼ਿਕਾਰ ਹੁੰਦੇ ਹਨ ਤਾਂ ਬੱਚਿਆਂ ਦੇ ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਮਤਭੇਦ ਅਤੇ ਝਗੜੇ ਪੈਦਾ ਹੋ ਸਕਦੇ ਹਨ। ਮੀਡੀਆ ਸਰਕਾਰਾਂ, ਪ੍ਰਬੰਧਕਾਂ, ਅਧਿਆਪਕਾਂ, ਸਕੂਲ ਮੁਖੀਆਂ ਅਤੇ ਸਿੱਖਿਆ ਵਿਭਾਗ ਤੋਂ ਜਵਾਬ ਮੰਗੇਗਾ।

ਆਰਥਿਕ ਪੱਖੋਂ ਕਮਜ਼ੋਰ ਅਤੇ ਸਾਧਨਾਂ ਤੋਂ ਵਿਹੂਣੇ ਸਕੂਲਾਂ ਲਈ ਹਰ ਰੋਜ਼ ਕਮਰਿਆਂ ਨੂੰ ਸੈਨੇਟਾਈਜ਼ ਕਰਵਾਉਣਾ ਸੌਖਾ ਨਹੀਂ ਹੋਵੇਗਾ। ਜੇਕਰ ਸਾਧਨਾਂ ਦੀ ਘਾਟ ਕਾਰਨ ਆਨਲਾਈਨ ਪੜ੍ਹਾਈ ਨਾ ਕਰ ਪਾਉਣ ਵਾਲੇ ਬੱਚਿਆਂ ਨੂੰ ਹੀ ਪੜ੍ਹਾਈ ਲਈ ਸਕੂਲਾਂ ਵਿਚ ਬੁਲਾਇਆ ਜਾਂਦਾ ਹੈ ਤਾਂ ਦੂਜੇ ਬੱਚਿਆਂ ਨਾਲ ਬੇਇਨਸਾਫ਼ੀ ਹੋਵੇਗੀ। ਢਾਈ ਲੱਖ ਬੱਚਿਆਂ ਦੇ ਮਾਪਿਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਆਪਣੇ ਹਸਤਾਖ਼ਰਾਂ ਵਾਲਾ ਬੇਨਤੀ ਪੱਤਰ ਦੇ ਕੇ ਇਹ ਬੇਨਤੀ ਕਰਨਾ ਕਿ ਅਜਿਹੀ ਹਾਲਤ ਵਿਚ ਸਿੱਖਿਆ ਸੰਸਥਾਵਾਂ ਨੂੰ ਨਾ ਖੋਲ੍ਹਿਆ ਜਾਵੇ, ਇਹ ਦਰਸਾਉਂਦਾ ਹੈ ਕਿ ਬੱਚਿਆਂ ਦੇ ਮਾਪੇ ਸਕੂਲਾਂ ਨੂੰ ਖੋਲ੍ਹਣ ਦੇ ਹੱਕ ਵਿਚ ਨਹੀਂ ਹਨ। ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦਾ ਫ਼ੈਸਲਾ ਲੈਣਾ ਸੌਖਾ ਕੰਮ ਨਹੀਂ ਹੈ। ਇਸ ਲਈ ਬੱਚਿਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕ ਵਰਗ ਅਤੇ ਸਮਾਜ ਦੇ ਲੋਕਾਂ ਨੂੰ ਆਪਣੀ ਬਣਦੀ ਭੂਮਿਕਾ ਨਿਭਾਉਣੀ ਪਵੇਗੀ। ਜੇਕਰ ਕੋਰੋਨਾ ਦੀ ਬਿਮਾਰੀ ਦੇ ਮਰੀਜ਼ਾਂ ਵਿਚ ਇਸੇ ਤਰ੍ਹਾਂ ਹੀ ਵੱਡੇ ਪੱਧਰ 'ਤੇ ਵਾਧਾ ਹੁੰਦਾ ਹੈ ਤਾਂ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦੀ ਕਾਹਲ ਨਹੀਂ ਕਰਨੀ ਚਾਹੀਦੀ। ਪਰ ਫਿਰ ਵੀ ਜੇਕਰ ਸਰਕਾਰਾਂ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦੀ ਇੱਛਾ ਰੱਖਦੀਆਂ ਹੀ ਹਨ ਤਾਂ ਜਿਸਮਾਨੀ ਦੂਰੀ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਸਕੂਲਾਂ ਦੇ ਨਾਲ-ਨਾਲ ਜਨਤਕ ਇਮਾਰਤਾਂ ਦੀ ਵੀ ਵਰਤੋਂ ਕੀਤੀ ਜਾਵੇ। ਹਰ ਬੱਚੇ ਨੂੰ ਪੜ੍ਹਾਈ ਕਰਨ ਦਾ ਮੌਕਾ ਦਿੱਤਾ ਜਾਵੇ ਅਧਿਆਪਕਾਂ ਦੀ ਘਾਟ ਪੂਰਾ ਕਰਨ ਲਈ ਵੱਧ ਤੋਂ ਵੱਧ ਆਰਜ਼ੀ ਭਰਤੀ ਕੀਤੀ ਜਾਵੇ। ਬੀ. ਐੱਡ. ਕਰਦੇ ਬੱਚਿਆਂ ਦੀ ਸਹਾਇਤਾ ਲਈ ਜਾ ਸਕਦੀ ਹੈ। ਸਕੂਲਾਂ ਨੂੰ ਹਰ ਰੋਜ਼ ਸੈਨੇਟਾਈਜ਼ ਕਰਵਾਉਣ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੋਣੀ ਚਾਹੀਦੀ ਹੈ। ਮੁੱਕਦੀ ਗੱਲ ਇਹ ਹੈ ਕਿ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦਾ ਫ਼ੈਸਲਾ ਲੈਣ ਲੱਗਿਆਂ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਦੋਵਾਂ ਦਾ ਪੂਰਾ-ਪੂਰਾ ਧਿਆਨ ਰੱਖਿਆ ਜਾਵੇ।

### ਮਾਮਲਾ ਭਗਤ ਰਵਿਦਾਸ ਜੀ ਦੇ ਨਾਮ 'ਤੇ ਬਣਾਈਆਂ ਲਾਵਾਂ ਦਾ

# ਗੁਰਬਾਣੀ ਦੀ ਮੌਲਿਕਤਾ ਨਾਲ ਛੇੜਛਾੜ, ਸਿੱਖ ਅਤੇ ਦਲਿਤ ਸਮਾਜ ਦੇ ਗੂੜੇ ਰਿਸ਼ਤੇ ਨੂੰ ਤਾਰ-ਤਾਰ ਕਰਨ ਦੀ ਸਾਜਿਸ਼

ਸਿੱਖ ਧਰਮ ਦੀ ਵਿਚਾਰਧਾਰਾ, ਸਿੱਖ ਧਰਮ ਦੇ ਸੰਸਕਾਰ ਅਤੇ ਜੀਵਨ ਫਲਸਫਾ ਜੁਗੋ ਜੁੱਗ ਅਟੱਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਵੱਲੋਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਅਕਾਲ ਪੁਰਖ ਦੀ ਉਸਤਤ, ਸਰਬ ਸ਼ਾਂਝੀਵਾਲਤਾ ਅਤੇ ਕਿਰਤ ਸੱਭਿਆਚਾਰ ਦੀ ਜੁੱਗ ਪਲਟਾਊ ਵਿਚਾਰਧਾਰਾ ਗੁਰਬਾਣੀ ਦਾ ਕੇਂਦਰ ਬਿੰਦੂ ਰਹੇ। ਗੁਰੂ ਨਾਨਕ ਦੇਵ ਜੀ ਨੇ ਜਿਸ ਮਿਸ਼ਨ ਨੂੰ ਚਲਾਇਆ, ਉਸ ਦੀ ਪੂਰਤੀ ਲਈ ਸਾਰੇ ਗੁਰੂ ਸਹਿਬਾਨਾਂ ਨੇ ਨਾਨਕ ਦੀ ਜੋਤ ਵਜੋਂ ਕੰਮ ਕੀਤਾ। ਜਿੱਥੋਂ ਗੁਰੂ ਨਾਨਕ ਦੇਵ ਜੀ ਅਪਣੇ ਮਿਸ਼ਨ ਨੂੰ ਛਡ ਕੇ ਗਏ,ਉਸ ਤੋ ਅੱਗੇ ਉਸ ਮਿਸ਼ਨ 'ਤੇ ਗੁਰੂ ਅੰਗਦ ਸਾਹਿਬ ਨੇ ਅਪਣੀ ਸੇਵਾ ਅਰੰਭ ਕੀਤੀ ਅਤੇ ਉਸ ਤੋ ਅੱਗੇ ਗੁਰੂ ਅਮਰਦਾਸ ਸਾਹਿਬ ਨੇ ਨਾਨਕ ਦੇਵ ਦੇ ਮਿਸ਼ਨ ਨੂੰ ਸੰਪੂਰਨਤਾ ਵੱਲ ਤੋਰਿਆ, ਇਸ ਤਰ੍ਹਾਂ ਹੀ ਅਗਲੇ ਗੁਰੂ ਸਹਿਬਾਨਾਂ ਨੇ ਅਪਣੇ ਹਿੱਸੇ ਆਈ ਅਲੌਕਿਕ ਸੇਵਾ ਨੂੰ ਦ੍ਰਿੜਤਾ ਨਾਲ ਅੱਗੇ ਤੋਰਿਆ।ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਵਾਲੇ ਮੁੱਖ ਸਿਧਾਂਤ 'ਤੇ ਹੀ ਪਹਿਰਾ ਨਹੀ ਦਿੱਤਾ,ਬਲਕਿ ਨਾ ਹਮ ਹਿੰਦੂ ਨ ਮੁਸਲਮਾਨ ॥ ਦਾ ਇਲਾਹੀ ਹੋਕਾ ਦੇਕੇ ਗੁਰਬਾਣੀ ਨੂੰ ਜਾਤਾਂ,ਧਰਮਾਂ, ਫਿਰਕਿਆਂ ਦੀ ਵਲਗਣ 'ਚੋਂ ਬਾਹਰ ਰੱਖਿਆ ਹੈ। ਪੰਜਵੇਂ ਗੁਰੂ ਸਾਹਿਬ ਨੇ ਹਰ ਇੱਕ ਉਹ ਸ਼ਖ਼ਸੀਅਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਰਤੀਬਵਾਰ ਸਤਿਕਾਰਤ ਸਥਾਨ ਦਿੱਤਾ ਹੈ, ਜਿਹੜਾ ਇਸ ਨਿਆਰੇ ਪੰਥ ਦੀ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੇ ਕਬੀਰ ਦੀ ਬਾਣੀ ਹੈ ਤਾਂ ਫਰੀਦ ਜੀ ਦਾ ਵੀ ਓਨਾ ਉੱਚਾ ਹੀ ਸਥਾਨ ਹੈ, ਭਗਤ ਰਵਿਦਾਸ ਜੀ, ਭਗਤ ਨਾਮਦੇਵ ਜੀ ਅਤੇ ਭਗਤ ਧੰਨਾ ਜੀ ਵੀ ਬਰਾਬਰ ਸੁਭਾਏਮਾਨ ਹਨ, ਸੋ ਏਸੇ ਤਰਾਂ ਬਹੁਤ ਸਾਰੇ ਸੰਤਾਂ, ਭਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਰਾਬਰਤਾ ਵਾਲਾ ਸਥਾਨ ਦੇ ਕੇ ਨਿਬਾਜਿਆ ਗਿਆ, ਜਿੰਨਾਂ ਨੇ ਲੋਕਾਈ ਦੇ ਦੁੱਖ-ਦਰਦਾਂ ਨੂੰ ਮਹਿਸੂਸ ਕਰਕੇ ਅਪਣੇ ਅਪਣੇ ਸਮੇਂ 'ਚ ਕੋਈ ਪਾਇਦਾਰ ਰਚਨਾ ਦੀ ਸਿਰਜਨਾ ਕੀਤੀ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਕਰਦਿਆਂ ਗੁਰੂ ਅਰਜਨ ਸਾਹਿਬ ਨੇ ਬਾਣੀ ਦੇ ਰਚੇਤਾ,ਰਾਗਾਂ ਅਤੇ ਸੰਦਾਂ ਬੰਦੀ ਦੀ ਤਰਤੀਬ ਦਾ ਐਸੀ ਸੂਝ ਬੂਝ ਨਾਲ ਖਿਆਲ ਰੱਖਿਆ ਹੈ ਕਿ ਗੁਰਬਾਣੀ ਦੇ ਕਿਸੇ ਵੀ ਸ਼ਬਦ ਨਾਲ ਛੇੜਛਾੜ ਕਰਨੀ ਅਸੰਭਵ ਬਣਾ ਦਿੱਤੀ ਗਈ ਹੈ। ਗੁਰੂ ਅਰਜਨ ਸਾਹਿਬ ਦੀ ਇਸ ਉੱਚੀ ਸੁੱਚੀ ਤੇ ਦੂਰ ਦ੍ਰਿਸ਼ਟੀ ਦਾ ਹੀ ਨਤੀਜਾ ਹੈ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂਆਂ, ਸੰਤਾਂ, ਭਗਤਾਂ ਬਾਣੀ ਸਰਬਸਾਂਝੀ ਗੁਰਬਾਣੀ ਹੋ ਨਿਬੜੀ, ਜਿਹੜੀ ਜਾਤਾਂ ਪਾਤਾਂ,ਊਚ ਨੀਚ ਅਤੇ ਧਰਮਾਂ ਫਿਰਕਿਆਂ ਤੋਂ ਉੱਪਰ ਉੱਠ ਕੇ ਸਮੁੱਚੀ ਲੋਕਾਈ ਦਾ ਮਾਰਗ ਦਰਸ਼ਨ ਕਰਦੀ ਹੈ। ਦਸਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਦੀ ਰੌਸ਼ਨੀ ਵਿੱਚ ਨਾਨਕ ਸਾਹਿਬ ਦੇ ਇਸ ਨਿਆਰੇ ਪੰਥ ਨੂੰ ਸੰਪੂਰਨਤਾ ਦੀ ਬਖ਼ਸ਼ਿਸ਼ ਕਰਦਿਆਂ ਖਾਲਸਾ ਪੰਥ ਦੀ ਸਿਰਜਨਾ ਕਰਕੇ ਊਚ ਨੀਚ ਦਾ ਪਾੜਾ ਮੁਕੰਮਲ ਤੌਰ 'ਤੇ ਮਿਟਾ ਦਿੱਤਾ। ਉਹਨਾਂ ਨਪੀੜੇ ਲਿਤਾੜੇ ਤੇ ਮੰਨੂਵਾਦ ਦੀ ਭਾਸ਼ਾ ਵਿੱਚ ਜਿੰਨਾਂ ਨੂੰ ਨੀਵੀਆਂ ਜਾਤਾਂ ਕਹਿਕੇ ਦੁਰਕਾਰਿਆ ਜਾਂਦਾ ਸੀ, ਉਹਨਾਂ ਨੂੰ ਦਸਵੇਂ ਨਾਨਕ ਨੇ ਸਿਰਦਾਰੀਆਂ ਬਖ਼ਸ਼ ਕੇ ਗੁਰਬਾਣੀ ਦੇ ਕਥਨ ਜਿੱਥੇ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸ਼ੀਸ਼ ਨੂੰ ਅੱਖਰ-ਅੱਖਰ ਸੱਚ ਕਰ ਦਿਖਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜਿੱਥੇ ਸਮੁੱਚੀ ਮਾਨਵਤਾ ਲਈ ਹਮੇਸ਼ਾ ਮਾਰਗ ਦਰਸ਼ਨ ਬਣੀ ਰਹਿਣ ਦੇ ਸਮਰੱਥ ਹੈ, ਉਥੇ ਗੁਰਬਾਣੀ ਅੰਦਰ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ, ਭਾਵ ਪੂਰੇ ਜੀਵਨ ਦੀ ਜਿਉਣ ਜਾਚ ਵੀ ਮਿਲਦੀ ਹੈ, ਜਿਹੜੀ ਮਨੁੱਖ ਨੂੰ ਉਸ ਪਰਮਾਤਮਾ ਦੇ ਭੈਅ 'ਚ ਰਹਿ ਕੇ ਜ਼ਿੰਦਗੀ ਦੇ ਸਾਰੇ ਕਾਰ ਵਿਹਾਰ ਕਰਨ ਦੀ ਜੁਗਤ ਦੱਸਦੀ ਹੈ। ਭਾਵ ਕਿ ਜ਼ਿੰਦਗੀ ਦੇ ਹਰ ਮੋੜ 'ਤੇ ਗੁਰਬਾਣੀ ਮਨੁੱਖ ਦਾ ਮਾਰਗ ਦਰਸ਼ਨ ਕਰਦੀ ਹੈ। ਪਿਛਲੇ ਦਿਨਾਂ ਤੋਂ ਇੱਕ ਵੀਡੀਓ ਸੋਸ਼ਲ ਮੀਡੀਏ 'ਤੇ ਘੁਮ ਰਹੀ ਹੈ, ਜਿਸ ਵਿੱਚ ਸਿੱਖੀ ਰਹੁ ਰੀਤਾਂ ਦੀ ਨਕਲ ਕਰਕੇ ਬਣਾਈਆਂ ਲਾਵਾਂ ਨਾਲ ਵਿਆਹ ਹੁੰਦਾ ਦਿਖਾਇਆ ਗਿਆ ਹੈ। ਇਸ ਵੀਡੀਓ ਵਿੱਚ ਵਿਆਹ ਸੰਪੂਰਨ ਕਰਵਾ ਰਹੇ ਕੁੱਝ ਵਿਅਕਤੀਆਂ ਵੱਲੋਂ ਲਾਵਾਂ ਦੇ ਪਾਠ ਦੀ ਨਕਲ ਕਰਕੇ ਭਗਤ ਰਵਿਦਾਸ ਜੀ ਦੇ ਨਾਮ 'ਤੇ ਲਾਵਾਂ ਦਾ ਪਾਠ ਕੀਤਾ ਜਾ ਰਿਹਾ ਹੈ, ਜਿਸ ਨੇ ਨਾਨਕ ਪੰਥ ਨੂੰ ਚਿੰਤਤ ਕੀਤਾ ਹੈ। ਕਦੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਵਾਈਆਂ ਜਾਂਦੀਆਂ ਹਨ, ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗ੍ਰੰਥ ਤਿਆਰ ਕਰਕੇ ਬਰਾਬਰ ਪ੍ਰਕਾਸ਼ ਕਰਵਾਇਆ ਜਾਂਦਾ ਹੈ ਅਤੇ ਹੁਣ ਇਹ ਲਾਵਾਂ ਵਾਲੀ ਹਰਕਤ ਨੇ ਜਾਗਦੇ ਸਿੱਖਾਂ ਦੇ ਹਿਰਦਿਆਂ ਨੂੰ ਗਹਿਰੀ ਸੱਟ ਮਾਰੀ ਹੈ। ਸਭ ਤੋਂ ਪਹਿਲਾਂ ਇਸ ਗੱਲ ਨੂੰ ਗੰਭੀਰਤਾ ਨਾਲ ਵਿਚਾਰਨਾ ਹੋਵੇਗਾ ਕਿ ਕੀ ਕੋਈ ਗੁਰਬਾਣੀ ਦੀਆਂ ਪੰਗਤੀਆਂ ਜਾਂ ਗੁਰਬਾਣੀ ਦੇ ਸ਼ਬਦ ਨਾਲ ਛੇੜਛਾੜ ਕਰ ਸਕਦਾ ਹੈ, ਅਤੇ ਇਹ ਵੀ ਵਿਚਾਰਨਾ ਤੇ ਸਮਝਣਾ ਹੋਵੇਗਾ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੇ ਰਚੇਤਿਆਂ ਦਾ ਸਿੱਖ ਪੰਥ 'ਚ ਰੁਤਬਾ ਕੀ ਹੈ। ਸਭ ਤੋਂ ਪਹਿਲਾਂ ਇਹ ਦੱਸਣਾ ਵੀ ਜਰੂਰੀ ਹੈ ਕਿ ਕਿਸੇ ਨੂੰ ਕੋਈ ਅਧਿਕਾਰ ਨਹੀਂ ਕਿ ਗੁਰਬਾਣੀ ਨਾਲ ਛੇੜਛਾੜ ਕਰੇ, ਗੁਰਬਾਣੀ ਦੀ ਮੌਲਕਤਾ ਨੂੰ ਢਾਹ ਲਾਵੇ, ਦੂਜਾ ਇਹ ਕਿ ਕੋਈ ਵੀ ਹੱਦ ਦਰਜੇ ਤੋਂ ਨੀਵੇਂ ਪੱਧਰ ਦੀ ਨਕਲੀ ਤੁਕਬੰਦੀ ਕਿਸੇ ਵੀ ਗੁਰੂ, ਭਗਤ ਜਾਂ ਸੰਤ ਮਹਾਂਪੁਰਸ਼ ਦਾ ਨਾਮ ਵਰਤਕੇ ਨਹੀਂ ਕੀਤੀ ਜਾ ਸਕਦੀ, ਇਹ ਉਸ ਮਹਾਨ ਭਗਤ ਦਾ ਅਪਮਾਨ ਕੀਤਾ ਗਿਆ ਹੈ, ਜਿਸ ਨੂੰ ਨਾਨਕ ਪੰਥ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ, ਕਿਉਂਕਿ ਭਗਤ ਰਵਿਦਾਸ ਜੀ ਨੂੰ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਤਿਕਾਰਤ ਸਥਾਨ ਦਿੱਤਾ ਹੋਇਆ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ੁਸ਼ੋਭਿਤ ਸਾਰੇ ਹੀ ਸੰਤ, ਭਗਤ ਅਤੇ ਗੁਰੂ ਸਾਹਿਬਾਨਾਂ 'ਤੇ ਹੱਕ ਉਹਨਾਂ ਨਾਨਕ ਨਾਮ ਲੇਵਾ ਸੰਗਤ ਦਾ ਹੈ, ਜਿਹੜੀਆਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੀਆਂ ਹਨ ਤੇ ਸਿੱਖ ਧਰਮ ਦਾ ਹਿੱਸਾ ਹਨ। ਇਸ ਦੀ ਪਹਿਰੇਦਾਰੀ ਸਮੁੱਚੇ ਖਾਲਸਾ ਪੰਥ ਦੇ ਕੋਲ ਹੈ, ਇਸ ਲਈ ਭਗਤ ਰਵਿਦਾਸ ਕਿਸੇ ਇੱਕ ਜਾਤੀ, ਕਿਸੇ ਵਿਸ਼ੇਸ਼ ਵਰਗ ਦੇ ਨਹੀਂ ਬਲਕਿ ਹੁਣ ਉਹ ਸਿੱਖ ਪੰਥ ਦੇ ਉਨੇ ਹੀ ਸਤਿਕਾਰਤ ਭਗਤ ਹਨ,ਜਿੰਨੇ ਗੁਰੂ ਸਹਿਬਾਨ ਜਾਂ ਹੋਰ ਸੰਤ, ਭਗਤ ਹਨ। ਜੇਕਰ ਸਿੱਖੀ ਵਿੱਚ ਅਨੰਦ ਕਾਰਜ ਦੀ ਮਹੱਤਤਾ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਪਹਿਲਾਂ ਇੱਥੇ ਹੋਰ ਧਰਮਾਂ ਦੇ ਮੁਕਾਬਲੇ ਇਹ ਸਪੱਸ਼ਟ ਅੰਤਰ ਹੈ ਕਿ ਸਿੱਖੀ ਵਿੱਚ ਵਿਆਹ ਨਹੀਂ ਬਲਕਿ ਅਨੰਦ ਕਾਰਜ ਹੁੰਦੇ ਹਨ। ਅਨੰਦ ਸੰਸਕਾਰ ਵਿੱਚ ਇਹ ਵਾਰ ਵਾਰ ਦ੍ਰਿੜ ਕਰਵਾਇਆ ਗਿਆ ਹੈ ਕਿ ਆਪਸ ਵਿੱਚ ਕੋਈ ਭੇਦ ਭਾਵ ਨਹੀਂ, ਕੋਈ ਝਗੜਾ ਨਹੀਂ, ਕੋਈ ਵੱਡਾ ਛੋਟਾ ਨਹੀਂ। ਇੱਕ ਸੋਚ ਤੇ ਇੱਕ ਵਿਚਾਰਧਾਰਾ ਦੇ ਧਾਰਨੀ ਹੋਣਾ ਤੇ ਉਸ ਰੂਪੀ ਅਕਾਲ ਪੁਰਖ ਦੀ ਰਜਾ 'ਚ ਰਹਿਣਾ ਹੀ ਜੀਵ ਇਸਤਰੀ ਲਈ ਅਸਲੀ ਅਨੰਦ ਦੀ ਅਵਸਥਾ ਹੈ, ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ਭਾਵ ਜਦੋਂ, ਇਹ ਦੋਵੇਂ ਸਰੀਰ ਪਤੀ ਪਤਨੀ ਦੇ ਤੌਰ 'ਤੇ ਇੱਕ ਵਿਚਾਰਧਾਰਾ ਨਾਲ ਸਮਾਜ ਵਿੱਚ ਵਿਚਰਦੇ ਹਨ, ਤਾਂ ਇੱਕ ਸਫਲ ਪਰਿਵਾਰ ਪੈਦਾ ਹੁੰਦਾ ਹੈ, ਗੁਰਸਿੱਖ ਦੇ ਵਿਆਹ ਨੇ ਦੁਨਿਆਵੀ ਰਿਸ਼ਤੇ, ਲੋਕਾਚਾਰੀ ਜਾਂ ਰਵਾਇਤਾਂ ਤੱਕ ਸੀਮਿਤ ਨਹੀਂ ਰਹਿਣਾ ਹੈ, ਉਸ ਨੇ ਗੁਰਮਤਿ ਦੇ ਮਾਰਗ 'ਤੇ ਚੱਲ ਕੇ ਅਕਾਲ ਪੁਰਖੁ ਨਾਲ ਸਦੀਵੀ ਸਬੰਧ ਕਾਇਮ ਕਰਨਾ ਹੈ ਤੇ ਅਸਲ ਅਨੰਦ ਦੀ ਅਵਸਥਾ ਤੱਕ ਪਹੁੰਚਣਾ ਹੈ। ਕਿਉਂਕਿ ਹੋਰ ਧਰਮਾਂ 'ਚ ਵਿਆਹ ਇੱਕ ਸਮਝੌਤਾ ਹੀ ਸਮਝਿਆ ਜਾਂਦਾ ਹੈ, ਜਿਹੜਾ ਕਿਸੇ ਸਮੇਂ ਵੀ ਤੋੜਿਆ ਜਾ ਸਕਦਾ ਹੈ, ਪਰ ਸਿੱਖ ਸੰਸਕਾਰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦੇ। ਜਿਸ ਤਰ੍ਹਾਂ ਚਾਰੇ ਲਾਵਾਂ ਤਿਆਰ ਕੀਤੀਆਂ ਗਈਆਂ ਹਨ, ਉਹ ਸਪੱਸ਼ਟ ਦਰਸਾਉਂਦੀਆਂ ਹਨ ਕਿ ਇਹ ਕਿਸੇ ਸ਼ਾਤਰ ਦਿਮਾਗ ਦੀ ਕਾਢ ਹੈ, ਨਹੀਂ ਨਕਲ ਕਰਨ ਦੀ ਕੋਈ ਜਰੂਰਤ ਨਹੀਂ ਸੀ, ਬਲਕਿ ਗਰੀਬਦਾਸੀਆਂ ਵਾਂਗ ਅਪਣੇ ਗ੍ਰੰਥ ਵਿੱਚੋਂ ਹੀ ਬਾਣੀ ਦੀਆਂ ਕੁੱਝ ਪੰਗਤੀਆਂ ਲੈ ਕੇ ਵਿਆਹ ਅਤੇ ਅੰਤਮ ਰਸਮਾਂ ਲਈ ਮੁਕੱਰਰ ਕਰ ਲਈਆਂ ਜਾ ਸਕਦੀਆਂ ਸਨ, ਪ੍ਰੰਤੂ ਇੱਥੇ ਅਜਿਹਾ ਨਹੀਂ ਕੀਤਾ ਗਿਆ, ਕਿਉਂਕਿ ਅਜਿਹਾ ਕਰਨ ਪਿੱਛੇ ਜੋ ਮਨਸਾ ਹੈ, ਉਹ ਬੇਹੱਦ ਹੀ ਮੰਦ ਭਾਵਨਾ ਵਾਲੀ ਹੈ, ਜਿਸ ਨੂੰ ਸਮਝਣ ਦੀ ਲੋੜ ਹੈ। ਇਹ ਨਾ ਹੋਵੇ ਕਿ ਇਹ ਨਕਲੀ ਲਾਵਾਂ ਦੋਵੇਂ ਸਮਾਜਾਂ 'ਚ ਐਸੀ ਦਰਾੜ ਪੈਦਾ ਕਰ ਦੇਣ, ਜਿਸਨੂੰ ਭਰ ਸਕਣਾ ਸੰਭਵ ਹੀ ਨਾ ਰਹੇ। ਇਹ ਸਿੱਖ ਸਮਾਜ ਅਤੇ ਦਲਿਤ ਸਮਾਜ ਦੀ ਬਹੁਤ ਵੱਡੀ ਤਰਾਸਦੀ ਹੀ ਕਹੀ ਜਾਵੇਗੀ ਕਿ ਇਹਨਾਂ ਦੋਨਾਂ ਨੇ ਹੀ ਇਹ ਕਦੇ ਵੀ ਸਮਝਣ ਦੀ ਸ਼ਾਇਦ ਕੋਸ਼ਿਸ਼ ਨਹੀਂ ਕੀਤੀ ਕਿ ਸਾਡੇ ਹਿੱਤ ਸਾਂਝੇ ਹਨ ਸਾਡਾ ਮਿਸ਼ਨ ਸਾਂਝਾ ਹੈ, ਸਾਡੀਆਂ ਸਮੱਸਿਆਵਾਂ ਸਾਂਝੀਆਂ ਹਨ ਅਤੇ ਵਿਚਾਰਧਾਰਾ ਵੀ ਇੱਕੋ ਹੈ, ਸਭ ਤੋਂ ਅਹਿਮ ਗੱਲ ਕਿ ਦੋਨਾਂ ਦਾ ਦੁਸ਼ਮਣ ਵੀ ਸਾਂਝਾ ਹੈ, ਫਿਰ ਵੀ ਅਸੀਂ ਸਾਹਿਬ ਸ੍ਰੀ ਗ੍ਰੰਥ ਸਾਹਿਬ ਦੀਆਂ ਸਖਿਆਵਾਂ ਤੋਂ ਦੂਰ ਕਿਉਂ ਹਾਂ। ਇਹ ਸਮਝਣ ਤੋਂ ਦੋਨੋਂ ਹੀ ਧਿਰਾਂ ਅਸਮਰੱਥ ਹਨ ਕਿ ਦੁਸ਼ਮਣ ਤਾਕਤਾਂ ਦੋਨਾਂ ਧਿਰਾਂ ਨੂੰ ਆਪਸ ਵਿੱਚ ਲੜਾਕੇ ਆਪਣੇ ਮਨਸੂਬਿਆਂ 'ਚ ਸਫਲ ਹੋ ਰਹੀਆਂ ਹਨ। ਦਲਿਤ ਸਮਾਜ ਅਤੇ ਸਿੱਖ ਸਮਾਜ ਇਹ ਸਮਝਣ ਵਿੱਚ ਵੀ ਅਜੇ ਤੱਕ ਨਾਕਾਮ ਹਨ ਕਿ ਉਹਨਾਂ ਦਾ ਆਪਸੀ ਰਿਸ਼ਤਾ ਸਕੇ ਭਰਾਵਾਂ ਵਰਗਾ ਹੈ, ਜਿਸ ਰਿਸ਼ਤੇ ਨੂੰ ਦੁਸ਼ਮਣ ਤਾਕਤਾਂ ਬੜੀ ਸ਼ਾਤਰਤਾ ਦੇ ਨਾਲ ਇੱਕ ਦੂਜੇ ਦੇ ਖਿਲਾਫ ਵਰਤ ਕੇ ਤਾਰ-ਤਾਰ ਕਰਨਾ ਚਾਹੁੰਦੀਆਂ ਹਨ। ਭਗਤ ਸ੍ਰੀ ਰਵਿਦਾਸ ਜੀ ਦਾ ਨਾਮ ਵਰਤ ਕੇ ਬਣਾਈਆਂ ਲਾਵਾਂ ਵੀ ਉਹਨਾਂ ਤਾਕਤਾਂ ਦੀ ਸਾਜਿਸ਼ ਹੈ, ਜਿਸ ਦਾ ਖਮਿਆਜ਼ਾ ਦਲਿਤ ਸਮਾਜ ਦੇ ਉਹਨਾਂ ਪਿਛੇ ਲੱਗ ਲੋਕਾਂ ਨੂੰ ਭੁਗਤਣਾ ਪਵੇਗਾ, ਜਿੰਨਾਂ ਨੇ ਉਹਨਾਂ ਤਾਕਤਾਂ ਦੇ ਹੱਥ ਠੋਕੇ ਬਣ ਕੇ ਇਹ ਅਪਰਾਧ ਕੀਤਾ ਹੈ, ਜਿਹੜੀਆਂ ਸਿੱਖਾਂ ਅਤੇ ਸਿੱਖ ਸਮਾਜ ਦੇ ਅਟੁੱਟ ਅੰਗ ਦਲਿਤ ਸਮਾਜ ਨੂੰ ਵੰਡਣਾ ਚਾਹੁੰਦੀਆਂ ਹਨ ਤਾਂ ਕਿ ਇਹ ਦੱਬੇ ਕੁਚਲਿਆਂ ਦਾ ਨਿਆਰਾ ਪੰਥ ਤਾਕਤਵਰ ਨਾ ਹੋ ਸਕੇ। ਮਤੇ ਨਾਨਕ ਸਾਹਿਬ ਦੇ ਕਿਰਤੀ ਸਿੱਖ ਮੁੜ ਇਕੱਠੇ ਹੋਕੇ ਤਖਤਾਂ ਨੂੰ ਵਖਤ ਨਾ ਪਾ ਦੇਣ, ਇਹੋ ਕਾਰਨ ਹੈ ਕਿ ਮੰਨੂਵਾਦੀ ਤਾਕਤਾਂ ਵੱਲੋਂ ਜਾਤੀ ਵਾਦੀ ਰੰਗਤ ਨਾਲ ਦੁਨੀਆਂ ਦੀ ਅਗਵਾਈ ਦੇਣ ਦੇ ਸਮਰੱਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਮਾਣਿਕਤਾ ਅਤੇ ਮੋਲਿਕਤਾ ਨੂੰ ਢਾਹ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਚੰਗਾ ਹੋਵੇ ਜੇਕਰ ਸਮਾਂ ਰਹਿੰਦੇ ਸਿੱਖ ਅਤੇ ਦਲਿਤ ਸਮਾਜ ਨੂੰ ਇਹਨਾਂ ਸਾਜਿਸ਼ਾਂ ਦੀ ਸਮਝ ਪੈ ਜਾਵੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਣ ਮਰਯਾਦਾ ਅਤੇ ਮੌਲਕਤਾ ਨਾਲ ਖਿਲਵਾੜ ਕਰਨ ਵਾਲੀਆਂ ਤਾਕਤਾਂ ਅਪਣੇ ਭੈੜੇ ਇਰਾਦਿਆਂ 'ਚ ਕਾਮਯਾਬ ਨਾ ਹੋ ਸਕਣ।

**ਬਘੇਲ ਸਿੰਘ ਧਾਲੀਵਾਲ**
99142-58142

# ਕੋਰੋਨਾ ! ਮਨੁੱਖ ਤੇ ਫਜ਼ੂਲ ਖਰਚੀ

**ਸੰਜੀਵ ਸੈਣੀ**
78889-66168



ਕੋਰੋਨਾ ਵਾਇਰਸ ਨੇ ਪੂਰੇ ਵਿਸ਼ਵ ਵਿੱਚ ਹਾਹਾਕਾਰ ਮਚਾਈ ਹੋਈ ਹੈ। ਲੱਖਾਂ ਹੀ ਲੋਕ ਇਸ ਦੀ ਚਪੇਟ ਵਿੱਚ ਆ ਚੁੱਕੇ ਹਨ । ਲਾਕ ਡਾਊਨ ਦੇ ਦੌਰਾਨ ਕੋਰੋਨਾ ਕਾਰਨ ਪਰਿਵਾਰਾਂ ਵਿੱਚ ਮੌਤਾਂ ਵੀ ਹੋਈਆਂ। ਕੁਝ ਮਾਮਲਿਆਂ ਵਿੱਚ ਤਾਂ ਕੋਰੋਨਾ ਨਾਲ ਮਰੇ ਲੋਕਾਂ ਦੇ ਸਸਕਾਰ ਮੌਕੇ ਕਾਫੀ ਅੜਿੱਕੇ ਪਏ । ਰਿਸ਼ਤਿਆਂ ਦਾ ਘਾਣ ਹੋਇਆ । ਪਰਿਵਾਰਕ ਮੈਂਬਰਾਂ ਨੇ ਲਾਸ਼ਾਂ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ । ਇੱਥੋਂ ਤੱਕ ਡਾਕਟਰਾਂ ਨੂੰ ਇਹ ਵੀ ਕਹਿ ਦਿੱਤਾ ਕਿ ਤੁਸੀਂ ਆਪ ਹੀ ਸਸਕਾਰ ਕਰਵਾ ਦੇਣਾ । ਫਿਰ ਅੰਤਿਮ ਰਸਮਾਂ ਡਾਕਟਰਾਂ, ਪੁਲਿਸ ਪ੍ਰਸ਼ਾਸਨ ਤੇ ਗ੍ਰੰਥੀ ਸਾਹਿਬਾਨ ਨੇ ਪੂਰੀਆਂ ਕੀਤੀਆਂ। ਇੱਕ ਇਨਸਾਨ ਜਿਸ ਨੇ ਸਾਰੀ ਉਮਰ ਕਮਾਇਆ ਹੁੰਦਾ ਹੈ, ਉਸ ਦੀ ਲਾਸ਼ ਦੀ ਇੰਝ ਬੇਅਦਬੀ ਵੱਡੇ ਸਵਾਲ ਖੜ੍ਹੇ ਕਰ ਗਈ ਹੈ । ਕੀ ਅੱਜ ਕੱਲ੍ਹ ਦੀ ਔਲਾਦ ਨੂੰ ਸਿਰਫ ਮਾਂ ਬਾਪ ਦੀ ਪੈਨਸ਼ਨ, ਪੈਸੇ 'ਤੇ ਹੀ ਐਸ਼ ਕਰਨ ਦਾ ਅਧਿਕਾਰ ਹੈ ? ਆਖਿਰ ਕਿਉਂ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਆਪਣੇ ਫਰਜ਼ਾਂ ਤੋਂ ਦੂਰ ਹੁੰਦੀ ਜਾ ਰਹੀ ਹੈ । ਠੀਕ ਹੈ ਕੋਰੋਨਾ ਵਾਇਰਸ ਕਰਕੇ ਸਾਨੂੰ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ। ਮਾਹਿਰਾਂ ਵੱਲੋਂ ਸੁਝਾਈਆਂ ਸਾਵਧਾਨੀਆਂ ਅਨੁਸਾਰ ਸਸਕਾਰ ਕਰ ਦਿੱਤਾ ਜਾਂਦਾ ਤਾਂ ਕਿਹੜਾ ਪਹਾੜ ਟੁੱਟ ਪੈਣਾ ਸੀ । ਬੀਮਾਰੀ ਕਿਸੇ ਨੂੰ ਵੀ ਲੱਗ ਸਕਦੀ ਹੈ। ਇਸ ਲਈ ਰੋਗੀ ਨਾਲ ਨਫ਼ਰਤ ਨਾ ਕਰੋ। ਹਾਂ ਸਾਵਧਾਨੀਆਂ ਜ਼ਰੂਰ ਅਪਣਾਓ । ਲਾਕਡਾਊਨ ਦੌਰਾਨ ਸਾਦੇ ਵਿਆਹ ਹੋਏ । ਅਜਿਹਾ ਸਰਕਾਰ ਵੱਲੋਂ ਲਗਾਈਆਂ ਪਾਬੰਦੀਆਂ ਕਾਰਨ ਸੰਭਵ ਹੋ ਸਕਿਆ ਹੈ । ਪਰਿਵਾਰਾਂ ਦੇ ਪੰਜ-ਪੰਜ ਮੈਂਬਰਾਂ ਨੇ ਹੀ ਜਾ ਕੇ ਵਿਆਹ ਦੀਆਂ ਰਸਮਾਂ ਨੂੰ ਨੇਪਰੇ ਚੜ੍ਹਾਇਆ । ਪੰਜਾਬੀ ਵੈਸੇ ਹੀ ਵਿਆਹਾਂ 'ਤੇ ਲੱਖਾਂ ਰੁਪਏ ਖਰਚ ਦਿੰਦੇ ਹਨ । ਪ੍ਰੀ ਵੈਡਿੰਗ ਸੂਟ, ਜਿਸ ਦਾ ਅੱਜ ਕੱਲ੍ਹ ਬਹੁਤ ਹੀ ਜ਼ਿਆਦਾ ਬੋਲਬਾਲਾ ਹੈ ,ਲੱਖਾਂ ਰੁਪਏ ਖ਼ਰਚ ਦਿੱਤੇ ਜਾਂਦੇ ਹਨ । ਨਵ ਵਿਆਹਿਆ ਜੋੜਾ ਮੋਟਰਸਾਈਕਲ 'ਤੇ ਹੀ ਵਿਆਹ ਕਾਰਜ ਦੀਆਂ ਰਸਮਾਂ ਨਿਭਾ ਕੇ ਘਰ ਪਰਤ ਰਿਹਾ ਹੈ । ਕੀ ਇਹ ਰਿਵਾਜ਼ ਲਾਕਡਾਊਨ ਤੋਂ ਬਾਅਦ ਵੀ ਚੱਲਦਾ ਰਹੇਗਾ ? ਹੁਣ ਪਿੰਡ ਦੀਆਂ ਪੰਚਾਇਤਾਂ ਨੂੰ ਇਸ ਵਿੱਚ ਹੰਭਲਾ ਮਾਰਨਾ ਚਾਹੀਦਾ ਹੈ । ਲੋਕਾਂ ਨੂੰ ਸਾਦੇ ਵਿਆਹਾਂ 'ਤੇ ਜ਼ੋਰ ਦੇਣਾ ਚਾਹੀਦਾ ਹੈ। ਇੰਝ ਮਿਹਨਤ ਨਾਲ ਕਮਾਈ ਧਨ-ਦੌਲਤ ਬਰਬਾਦ ਹੋਣੋਂ ਰੁਕ ਜਾਵੇਗੀ ਅਤੇ ਕੁੜੀ ਦਾ ਬਾਪ ਕਰਜ਼ਾਈ ਹੋਣ ਤੋਂ ਬਚ ਜਾਏਗਾ । ਬੈਂਕਾਂ ਤੋਂ ਸਮੇਂ ਸਿਰ ਕਰਜ਼ਾ ਨਾ ਉਤਰਨ ਕਰਕੇ ਕਰਜ਼ਾਈ ਪਿਤਾ ਨੂੰ ਖ਼ੁਦਕੁਸ਼ੀ ਦਾ ਰਾਹ ਚੁਣਨਾ ਪੈਂਦਾ ਹੈ । ਜੇ ਵਿਆਹ ਸਾਦੇ ਹੋਣ ਲੱਗ ਪੈਣ ਤਾਂ ਕੋਈ ਵੀ ਮਾਪੇ ਕੁੜੀ ਜੰਮਣ 'ਤੇ ਉਸ ਨੂੰ ਭਾਰ ਨਹੀਂ ਸਮਝਣਗੇ । ਦਾਜ ਹੀ ਇੱਕ ਵੱਡਾ ਕਾਰਨ ਹੈ, ਜਿਸ ਕਰ ਕੇ ਕੁੜੀ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਕੁੱਖ ਵਿੱਚ ਮਾਰ ਦਿੱਤਾ ਜਾਂਦਾ ਹੈ । ਇੰਝ ਕਿਸੇ ਕੁੜੀ ਨੂੰ ਕੁੱਖ ਵਿੱਚ ਨਹੀਂ ਮਾਰਿਆ ਜਾਵੇਗਾ । ਜ਼ਿਆਦਾਤਰ ਲੋਕ ਧੀ ਜੰਮਣ 'ਤੇ ਇਸ ਲਈ ਖ਼ੁਸ਼ ਨਹੀਂ ਹੁੰਦੇ ਕਿਉਂਕਿ ਉਹ ਉਸ ਨੂੰ ਪਰਾਇਆ ਧਨ ਸਮਝਦੇ ਹਨ । ਉਸ ਦੇ ਜਨਮ ਤੋਂ ਹੀ ਉਸ ਲਈ ਦਾਜ ਦੇਣ ਦਾ ਦਬਾਅ ਮਾਪਿਆਂ 'ਤੇ ਭਾਰੂ ਹੋਣ ਲੱਗਦਾ ਹੈ। ਅਸੀਂ ਅੰਗਰੇਜ਼ਾਂ ਦੀ ਨਕਲ ਬਹੁਤ ਕਰਦੇ ਹਾਂ । ਪਰ ਅੰਗਰੇਜ਼ਾਂ ਦੇ ਚੰਗੇ ਗੁਣ ਨਹੀਂ ਸਿੱਖਦੇ। ਉਹ ਲੋਕ ਵਿਆਹਾਂ 'ਤੇ ਕੋਈ ਫ਼ਜ਼ੂਲ ਖ਼ਰਚੀ ਨਹੀਂ ਕਰਦੇ। ਸਿਰਫ ਚਰਚ ਵਿੱਚ ਜਾ ਕੇ ਵਿਆਹ ਕਰਵਾ ਲੈਂਦੇ ਹਨ। ਕੁਝ ਪੰਚਾਇਤ ਮੈਂਬਰਾਂ ਨੇ ਆਪਣਾ ਭਰਵਾਂ ਹੁੰਗਾਰਾ ਵੀ ਦਿੱਤਾ ਹੈ। ਖੈਰ ! ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਵਿਆਹ ਸਾਦਗੀ ਵਿੱਚ ਹੁੰਦੇ ਹਨ ਜਾਂ ਫਿਰ ਲੱਖਾਂ-ਲੱਖਾਂ ਰੁਪਏ ਪਾਣੀ ਵਾਂਗ ਰੋੜ ਕੇ ।

# ਕਿਹੋ ਜਿਹੀ ਸੋਚ ਦੇ ਮਾਲਕ ਬਣੀਏ ?



ਸਕਾਰਾਤਮਕ ਸੋਚ ਹਮੇਸ਼ਾਂ ਮਨੁੱਖ ਨੂੰ ਸਚਾਈ ਦੇ ਪੰਧ ਉੱਪਰ ਚੱਲਣ ਦਾ ਬਲ ਬਖਸ਼ਦੀ ਹੈ। ਸਕਾਰਾਤਮਕ ਸੋਚ ਦੀ ਹੋਂਦ ਬਰਕਰਾਰ ਰੱਖਣ ਲਈ ਮਨੁੱਖੀ ਦਿਮਾਗ ਤਾਂ ਹੀ ਕਾਰਗਰ ਸਾਬਤ ਹੁੰਦਾ ਹੈ ਜੇਕਰ ਅਸੀਂ ਖੁਦ ਆਪਣੇ ਆਪ ਨੂੰ ਮੱਕਾਰੀ ਅਤੇ ਵਿਕਾਰੀ ਪ੍ਰਵਿਰਤੀਆਂ ਵਾਲੇ ਇਨਸਾਨਾਂ ਤੋਂ ਦੂਰ ਰੱਖਾਂਗੇ। ਇਨਸਾਨੀ ਮਨੋਬਿਰਤੀ ਅਤੇ ਦਿਮਾਗੀ ਸੁਹਜ ਜਦੋਂ ਗਿਆਨਹੀਣ ਅਤੇ ਸੰਸਾਰਕ ਭੋਗ-ਵਿਲਾਸਾਂ ਵਿੱਚ ਗ੍ਰਸਤ ਇਨਸਾਨਾਂ ਦੀ ਸੰਗਤ ਦੇ ਅਸਰ ਹੇਠ ਆਉਂਦੀ ਹੈ ਤਾਂ ਉਸ ਦਾ ਪਰਿਮਾਣ ਸਵਰੂਪ ਆਪਣੇ ਅਕਸ ਨੂੰ ਬਦਲ ਕੇ ਭਾਵਨਾਤਮਕ ਪੱਧਰ ਤੇ ਸਾਹਮਣੇ ਆਉਣਾ ਸੁਭਾਵਿਕ ਵਰਤਾਰਾ ਹੈ। ਇਸੇ ਕਰਕੇ ਸਿਆਣਿਆਂ ਦਾ ਕਹਿਣਾ ਹੈ ਕਿ ਮਨੁੱਖ ਨੂੰ ਹਮੇਸ਼ਾਂ ਚੰਗੀ ਤੇ ਉੱਚੀ-ਸੁੱਚੀ ਸੋਚ ਦੇ ਮਾਲਕ ਇਨਸਾਨਾਂ ਦੀ ਸੰਗਤ ਕਰਨੀ ਚਾਹੀਦੀ ਹੈ। ਮਨੁੱਖੀ ਦਿਮਾਗ ਵਿੱਚ ਹਰ ਵੇਲੇ ਸਕਾਰਾਤਮਕ ਅਤੇ ਨਕਾਰਾਤਮਕ ਸੋਚ ਦੀਆਂ ਤਰੰਗਾਂ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ, ਜਿਸ ਦੇ ਫਲਸਰੂਪ ਮਨੁੱਖ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਚੰਗੇ ਅਤੇ ਮਾੜੇ ਕੰਮਾਂ ਦੀ ਰੁਚੀ ਪ੍ਰਤੀ ਸੁਚੇਤ ਹੁੰਦਾ ਰਹਿੰਦਾ ਹੈ।

ਇਨਸਾਨੀ ਦਿਮਾਗ ਵਿਸ਼ਵ-ਵਿਆਪੀ ਵਰਤਾਰੇ ਨੂੰ ਚਲਾ ਰਿਹਾ ਹੈ। ਹਰ ਦਿਮਾਗ ਦਾ ਕੰਮ ਪ੍ਰਤੀ ਨਜ਼ਰੀਆ ਵੱਖਰਾ ਹੁੰਦਾ ਹੈ। ਅਕਸਰ ਹੀ ਇਹ ਕਹਿ ਦਿੱਤਾ ਜਾਂਦਾ ਹੈ ਕਿ ਸੂਝਵਾਨ ਇਨਸਾਨ ਚੰਗੀ ਸੋਚ ਦੇ ਮਾਲਕ ਹੁੰਦੇ ਹਨ ਅਤੇ ਮੂਰਖ ਲੋਕ ਮਾੜੀ ਸੋਚ ਦੇ ਮਾਲਕ ਹੁੰਦੇ ਹਨ ਜਾਂ ਫਿਰ ਇਉਂ ਕਹਿ ਲਵੋ ਕਿ ਆਦਰਸ਼ ਪ੍ਰਵਿਰਤੀ ਦੇ ਮਨੁੱਖ ਸਕਾਰਾਤਮਕ ਸੋਚ ਦੇ ਧਨੀ ਮੰਨੇ ਜਾਂਦੇ ਹਨ ਪਰ ਇਸ ਦੇ ਉਲਟ ਵਿਕਾਰੀ ਪ੍ਰਵਿਰਤੀ ਵਾਲੇ ਮਨੁੱਖ ਨਕਾਰਾਤਮਕ ਸੋਚ ਦੇ ਪਿਤਾਮਾ ਕਹੇ ਜਾ ਸਕਦੇ ਹਨ। ਇੱਥੇ ਇਹ ਵੇਖਣਾ ਜ਼ਰੂਰੀ ਹੈ ਕਿ ਕੀ ਸਾਡੀ ਚੰਗੀ ਤੇ ਮਾੜੀ ਸੋਚ ਸਾਡੇ ਕਿਰਦਾਰ ਅਤੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਇੱਥੇ ਸਾਨੂੰ ਬਿਨਾਂ ਸੰਕੋਚ ਦੇ ਹਾਂ ਕਹਿਣ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਹੋਣੀ ਚਾਹੀਦੀ। ਕਿਉਂਕਿ ਇਸ ਗੱਲ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ ਕਿ ਸਾਡੀ ਸੋਚ ਸਾਡੇ ਆਦਰਸ਼ਾਂ, ਸਾਡੇ ਜੀਵਨ ਅਤੇ ਸਾਡੇ ਕਿਰਦਾਰ ਨੂੰ ਪ੍ਰਭਾਵਿਤ ਕਰਦੀ ਹੈ।

ਅਹਿਮ ਸਵਾਲ ਇਹ ਹੈ ਕਿ ਕਿਸ ਇਨਸਾਨ ਦੀ ਸੋਚ ਸਕਾਰਾਤਮਕ ਹੈ ਅਤੇ ਕਿਸ ਦੀ ਨਕਾਰਾਤਮਕ ਹੈ, ਇਸ ਦਾ ਅੰਦਾਜ਼ਾ ਕਿਵੇਂ ਲੱਗ ਸਕਦਾ ਹੈ? ਇਸ ਸਵਾਲ ਦਾ ਜਵਾਬ ਆਸਾਨੀ ਨਾਲ ਨਹੀਂ ਦਿੱਤਾ ਜਾ ਸਕਦਾ। ਹਾਂ, ਪਰ ਇੱਕ ਸੂਝਵਾਨ, ਵਿਵੇਕਸ਼ੀਲ ਅਤੇ ਬੁੱਧੀਮਾਨ ਇਨਸਾਨ ਕਿਸੇ ਵੀ ਇਨਸਾਨ ਦੇ ਆਚਾਰ-ਵਿਹਾਰ ਅਤੇ ਉਸ ਦੁਆਰਾ ਕੀਤੇ ਜਾਂਦੇ ਕੰਮਾਂ-ਕਾਜਾਂ ਨੂੰ ਤੇਜ਼ੀ ਨਾਲ ਨਿਰਖ-ਪਰਖ ਕੇ ਉਸ ਦੀ ਸੋਚ ਦੀ ਦਸ਼ਾ ਦਾ ਸਹਿਜੇ ਹੀ ਅਨੁਮਾਨ ਲਗਾ ਸਕਦਾ ਹੈ। ਇੱਥੇ ਇੱਕ ਹੋਰ ਪਹਿਲੂ ਵੀ ਅਹਿਮ ਹੈ ਕਿ ਜਿਹੜਾ ਇਨਸਾਨ ਕਾਮ, ਕ੍ਰੋਧ, ਲੋਭ ਮੋਹ, ਹੰਕਾਰ, ਈਰਖਾ ਅਤੇ ਦਵੈਤ ਆਦਿ ਨਾਲ ਹਰ ਵਕਤ ਆਪਣੇ ਦਿਮਾਗ ਨੂੰ ਲਬਰੇਜ਼ ਰੱਖਦੇ ਹਨ ਅਸੀਂ ਉਨ੍ਹਾਂ ਦੇ ਦਿਮਾਗ ਵਿੱਚ ਸਕਾਰਾਤਮਕ ਸੋਚ ਦੇ ਬਿੰਦੂ ਦੀ ਉਪਜ ਦੀ ਕਲਪਨਾ ਵੀ ਨਹੀਂ ਕਰ ਸਕਦੇ। ਜੇਕਰ ਇਨਸਾਨ ਧਰਤੀ ’ਤੇ ਰਹਿ ਰਹੇ ਜੀਵ-ਜੰਤੂਆਂ ਦੇ ਮਨੋਭਾਵਾਂ ਅਤੇ ਜ਼ਰੂਰਤਾਂ ਨੂੰ ਨਹੀਂ ਸਮਝ ਪਾ ਰਿਹਾ ਤਾਂ ਉਹ ਇੱਥੇ ਕਿਸੇ ਹੋਰ ਨੂੰ ਦੋਸ਼ ਨਾ ਦੇਵੇ ਕਿਉਂਕਿ ਇਹ ਸਿਰਫ ਉਸ ਦੀ ਦਿਮਾਗੀ ਪ੍ਰਵਿਰਤੀ ਦੇ ਕਾਰਨ ਹੀ ਹੋ ਰਿਹਾ ਹੈ। ਪੜ੍ਹਾਈ, ਲਿਖਾਈ, ਤਜਰਬਾ ਅਤੇ ਬੁੱਧੀਮਾਨ ਲੋਕਾਂ ਦੀ ਸੰਗਤ ਤੁਹਾਡੀ ਸੋਚ ਦੀ ਤਸਵੀਰ ਬਦਲਣ ਵਿੱਚ ਹਮੇਸ਼ਾ ਸਹਾਇਕ ਸਿੱਧ ਹੁੰਦੀ ਰਹੀ ਹੈ ਅਤੇ ਅਗਾਂਹ ਵੀ ਇਹ ਸ੍ਰੋਤ ਆਪਣਾ ਕੰਮ ਨਿਰੰਤਰ ਪ੍ਰਵਾਹ ਵਿੱਚ ਜਾਰੀ ਰੱਖਣਗੇ।

ਆਧੁਨਿਕ ਯੁੱਗ ਵਿੱਚ ਜ਼ਿਆਦਾਤਰ ਨੌਜਵਾਨ ਪੀੜ੍ਹੀ ਜਿੱਥੇ ਸੂਝਵਾਨ ਅਤੇ ਵਿਦਵਾਨ ਸਾਬਤ ਹੋ ਰਹੀ ਹੈ, ਉੱਥੇ ਹੀ ਇਸ ਪੀੜ੍ਹੀ ਦਾ ਕੁਝ ਹਿੱਸਾ ਪਿਛਲੱਗ ਹਿੰਸਾਵਾਦੀ ਗੈਰ-ਸੰਵਿਧਾਨਿਕ ਅਤੇ ਅੱਤਿਆਚਾਰੀ ਪ੍ਰਵਿਰਤੀਆਂ ਦਾ ਧਾਰਨੀ ਹੋ ਨਿਬੜਿਆ ਹੈ। ਸਮਾਜ ਵਿੱਚ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਤਰ੍ਹਾਂ ਦੀ ਸੋਚ ਦੇ ਤੱਤ ਸਰੂਪ ਵਰਗ ਦੇ ਲੋਕ ਵਾਸ ਕਰ ਰਹੇ ਹਨ। ਕਿਸ ਮੋੜ ’ਤੇ ਤੁਹਾਨੂੰ ਕਿਹੜੀ ਸੋਚ ਦਾ ਮਾਲਕ ਇਨਸਾਨ ਟੱਕਰਦਾ ਹੈ, ਇਸ ਦਾ ਅਨੁਮਾਨ ਲਗਾਉਣ ਲਈ ਤੁਹਾਨੂੰ ਆਪਣੇ ਵਿਵੇਕ ਤੋਂ ਕੰਮ ਲੈਣਾ ਪਵੇਗਾ। ਸਮਾਜ ਵਿੱਚ ਫੈਲੀਆਂ ਬੁਰਾਈਆਂ ਦੀ ਜੜ੍ਹ ਸ਼ਰਾਰਤੀ ਅਨਸਰ ਹੁੰਦੇ ਹਨ, ਇਨ੍ਹਾਂ ਦੀ ਸੋਚ ਕਦੇ ਵੀ ਸਕਾਰਾਤਮਕ ਪ੍ਰਵਿਰਤੀ ਵਾਲੀ ਨਹੀਂ ਹੋ ਸਕਦੀ, ਕਿਉਂਕਿ ਇਨ੍ਹਾਂ ਦਾ ਵਾਹ-ਵਾਸਤਾ ਸਾਰਾ ਦਿਨ ਵਿਕਾਰੀ ਅਤੇ ਗਿਆਨਹੀਣ ਪ੍ਰਵਿਰਤੀ ਵਾਲੇ ਲੋਕਾਂ ਨਾਲ ਹੀ ਹੁੰਦਾ ਹੈ ਪ੍ਰੰਤੂ ਕਿਤੇ ਨਾ ਕਿਤੇ ਕਈ ਵਾਰ ਅਜਿਹੀ ਉਦਾਹਰਣ ਵੀ ਸਮਾਜ ਵਿੱਚ ਵੇਖਣ ਨੂੰ ਮਿਲੀ ਹੈ ਕਿ ਤੀਬਰ ਨਕਾਰਾਤਮਕ ਸੋਚ ਵਾਲੇ ਮਨੁੱਖ ਜਦੋਂ ਕਿਸੇ ਭਲੇ ਪੁਰਸ਼ ਦੀ ਸੰਗਤ ਵਿੱਚ ਆਉਂਦੇ ਹਨ ਤਾਂ ਉਹ ਪਲਾਂ ਵਿੱਚ ਹੀ ਸਕਾਰਾਤਮਕ ਸੋਚ ਦੇ ਆਦੀ ਹੋ ਜਾਂਦੇ ਹਨ, ਜਿਸ ਦੇ ਫਲਸਰੂਪ ਉਹ ਮਾੜੇ ਕੰਮਾਂ ਨੂੰ ਛੱਡ ਕੇ ਆਪਣੇ ਜੀਵਨ ਨੂੰ ਸੰਵਾਰ ਲੈਂਦੇ ਹਨ।

ਅਜੋਕਾ ਬੁੱਧੀਜੀਵੀ ਵਰਗ ਇਸ ਗੱਲ ਉੱਤੇ ਬਹੁਤ ਜ਼ੋਰ ਦੇ ਰਿਹਾ ਹੈ ਕਿ ਅੱਜ ਦੇ ਸਮਾਜ ਦੀ ਸੋਚ ਨੂੰ ਸਕਾਰਾਤਮਕ ਰੱਖਣ ਲਈ ਕੀ ਉਪਰਾਲੇ ਕੀਤੇ ਜਾਣ ਅਤੇ ਕਿਸ ਤਰ੍ਹਾਂ ਨਾਲ ਕਿਸੇ ਇਨਸਾਨੀ ਦਿਮਾਗ ਵਿੱਚ ਸਕਾਰਾਤਮਕ ਸੋਚ ਦੀ ਉਪਜ ਸੰਭਵ ਹੋ ਸਕਦੀ ਹੈ। ਇਸ ਸਮੇਂ ਨਕਾਰਾਤਮਕ ਸੋਚ ਨੇ ਹਰ ਇੱਕ ਮਨੁੱਖ ਨੂੰ ਇੱਕ ਦੂਜੇ ਤੋਂ ਵੱਧ ਸ਼ਕਤੀਸ਼ਾਲੀ ਹੋਣ ਦਾ ਹੰਕਾਰ ਕਰਵਾਇਆ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਇਸੇ ਪ੍ਰਵਿਰਤੀ ਨਾਲ ਦੁਨੀਆਂ ਦਾ ਅੰਤ ਹੁੰਦਾ ਅਸੀਂ ਆਪਣੀਆਂ ਅੱਖਾਂ ਨਾਲ ਵੇਖਾਂਗੇ। ਨਕਾਰਾਤਮਕ ਸੋਚ ਨੇ ਸਮਾਜ ਦੇ ਹਰ ਵਰਗ ਨੂੰ ਪ੍ਰਭਾਵਿਤ ਕੀਤਾ ਹੈ। ਸਮਾਜਿਕ, ਧਾਰਮਿਕ, ਰਾਜਨੀਤਕ ਸਾਰੇ ਵਰਗ ਹੀ ਇਸ ਪ੍ਰਵਿਰਤੀ ਤੋਂ ਅਛੂਤੇ ਨਹੀਂ ਰਹਿ ਸਕੇ। ਨਕਾਰਾਤਮਕ ਸੋਚ ਦੇ ਧਾਰਨੀ ਮਨੁੱਖ ਹੰਕਾਰੀ, ਵਿਹਲੜ ਅਤੇ ਆਲਸੀ ਹੁੰਦੇ ਹਨ। ਅਜਿਹੇ ਮਨੁੱਖਾਂ ਦੀ ਸੰਗਤ ਮਾੜੀ ਸੰਗਤ ਅਖਵਾਉਂਦੀ ਹੈ। ਨਕਾਰਾਤਮਕ ਸੋਚ ਦੇ ਧਾਰਨੀ ਮਨੁੱਖ ਨਾਸਤਿਕ ਹੁੰਦੇ ਹਨ, ਉਹ ਪ੍ਰਮਾਤਮਾ ਦੀ ਹੋਂਦ ਉੱਪਰ ਵੀ ਯਕੀਨ ਨਹੀਂ ਰੱਖਦੇ। ਦੂਜੇ ਪਾਸੇ ਜੇਕਰ ਸਕਾਰਾਤਮਕ ਸੋਚ ਦੇ ਮਨੁੱਖਾਂ ਦੀ ਗੱਲ ਕਰੀਏ ਤਾਂ ਉਹ ਮਨੁੱਖ ਬਹੁਤ ਹੀ ਮਿਹਨਤੀ,ਇਮਾਨਦਾਰ ਅਤੇ ਦਿਆਨਤਦਾਰੀ ਦੀ ਭਾਵਨਾ ਨਾਲ ਭਰੇ ਪਏ ਹੁੰਦੇ ਹਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਉੱਪਰ ਪੂਰਨ ਵਿਸ਼ਵਾਸ ਹੁੰਦਾ ਹੈ। ਵਿਦਿਆਰਥੀ ਵਰਗ ਹੋਵੇ ਜਾਂ ਕਰਮਚਾਰੀ ਵਰਗ ਹਰ ਥਾਂ ਈਰਖਾ ਦੇਖਣ ਨੂੰ ਮਿਲ ਰਹੀ ਹੈ। ਅਸਲ ਵਿੱਚ ਇਸ ਈਰਖਾ ਦਾ ਸ੍ਰੋਤ ਸਾਡੇ ਮਨਾਂ ਅੰਦਰ ਘਰ ਕਰਕੇ ਬੈਠੀ ਮਾੜੀ ਸੋਚ ਜਾਂ ਫਿਰ ਨਕਾਰਾਤਮਕ ਸੋਚ ਹੀ ਹੈ। ਜਦੋਂ ਕਿਸੇ ਵਿਦਿਆਰਥੀ ਦਾ ਮਨ ਪੜ੍ਹਾਈ ਨਾਲੋਂ ਜ਼ਿਆਦਾ ਬੁਰੇ ਕੰਮਾਂ ਵਿੱਚ ਲੱਗੇ ਅਤੇ ਜਦੋਂ ਕਰਮਚਾਰੀਆਂ ਦਾ ਆਪਸ ਵਿੱਚ ਵੈਰ-ਭਾਵ ਨਾਲ ਕੰਮ ਕਰਨਾ ਵੇਖੀਏ ਤਾਂ ਇਹ ਕਹਿਣਾ ਆਸਾਨ ਹੈ ਕਿ ਇਹ ਸਭ ਨਕਾਰਾਤਮਕ ਸੋਚ ਤੋਂ ਪ੍ਰਭਾਵਿਤ ਹੋਏ ਹੁੰਦੇ ਹਨ। ਨਕਾਰਾਤਮਕ ਸੋਚ ਕਾਰਨ ਦਿਮਾਗ ਦੀ ਸੋਚਣ ਸ਼ਕਤੀ ਦਾ ਦਾਇਰਾ ਵਿਸ਼ਾਲ ਹੋਣ ਦੀ ਥਾਂ ਸੁੰਗੜ ਜਾਂਦਾ ਹੈ ਅਤੇ ਮਨੁੱਖ ਵਿੱਚ ਵਿਵੇਕ ਅਤੇ ਤਰਕ ਦੀ ਦ੍ਰਿਸ਼ਟੀ ਤੋਂ ਕੰਮ ਲੈਣ ਦੀ ਸਮਰੱਥਾ ਘੱਟ ਜਾਂਦੀ ਹੈ। ਇਸ ਲਈ ਸਾਨੂੰ ਹਰ ਸਮੇਂ ਸਕਾਰਾਤਮਕ ਸੋਚਣਾ ਚਾਹੀਦਾ ਹੈ ਤਾਂ ਜੋ ਅਸੀਂ ਸਮਾਜ ਵਿੱਚ ਰਹਿੰਦੇ ਹੋਰ ਲੋਕਾਂ ਲਈ ਵੀ ਚੰਗੀ ਸੋਚ ਪੈਦਾ ਕਰਨ ਦਾ ਜ਼ਰੀਆ ਬਣ ਸਕੀਏ। ਇਸ ਸਮੇਂ ਸਮੁੱਚੇ ਵਿਸ਼ਵ ਵਿੱਚ ਇੱਕ ਦੂਜੇ ਤੋਂ ਅੱਗੇ ਨਿਕਲਣ ਅਤੇ ਵੱਧ ਸ਼ਕਤੀਸ਼ਾਲੀ ਹੋਣ ਦੀ ਪ੍ਰਵਿਰਤੀ ਨੂੰ ਛੱਡ ਕੇ ਸਾਨੂੰ ਸਾਰਿਆਂ ਨੂੰ ਸਕਾਰਾਤਮਕ ਸੋਚ ਦੇ ਧਾਰਨੀ ਬਣ ਕੇ ਇੱਕ-ਸਮਾਨ ਹੋ ਕੇ ਰਹਿਣ ਅਤੇ ਆਪਸੀ ਭਾਈਚਾਰੇ ਦੀਆਂ ਤੰਦਾਂ ਨੂੰ ਹੋਰ ਗੂੜ੍ਹਾ ਕਰਨ ਦੇ ਯਤਨ ਕਰਨੇ ਚਾਹੀਦੇ ਹਨ ਕਿਉਂਕਿ ਕਿਤੇ ਵਿਕਾਸ ਦੀ ਇਸ ਦੌੜ ਵਿੱਚ ਦੌੜਦੇ-ਦੌੜਦੇ ਅਸੀਂ ਆਪਣੇ ਅਸਲੀ ਮਾਨਵੀ ਸਰੋਕਾਰਾਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਾ ਭੁੱਲ ਬੈਠੀਏ।

# ਲੋਕਾਂ ’ਤੇ ਮਹਿੰਗਾਈ ਦੀ ਮਾਰ

ਪ੍ਰਚੂਨ ਮਹਿੰਗਾਈ ਦਰ ਨੇ ਸਰਕਾਰ ਦੀ ਚਿੰਤਾ ਵਧਾ ਦਿੱਤੀ ਹੈ। ਹਾਲਾਂਕਿ ਥੋਕ ਮਹਿੰਗਾਈ ਦਰ ਦੋ ਤੋਂ ਛੇ ਫੀਸਦੀ ਦੇ ਵਿਚਾਲੇ ਰਹੇ। ਸਰਕਾਰ ਦੀ ਮਨਸ਼ਾ ਅਨੁਸਾਰ ਉਹ ਇਸ ਨੂੰ ਚਾਰ ਫੀਸਦੀ ਦੇ ਆਸਪਾਸ ਰੱਖਣ ਦਾ ਯਤਨ ਕਰਦੀ ਰਹੀ ਹੈ। ਪਰ ਜੂਨ ਮਹੀਨੇ ਦੇ ਉਪਭੋਗਤਾ ਮੁੱਲ ਸੂਚਕਾਂਕ ਅਨੁਸਾਨ ਇਹ ਛੇ ਪ੍ਰਤੀਸ਼ਤ ਦੇ ਉਪਰ ਪਹੁੰਚ ਗਈ ਹੈ। ਲਾਕਡਾਊਨ ਦੇ ਕਾਰਨ ਅਪ੍ਰੈਲ ਅਤੇ ਮਈ ਦੀਆਂ ਦਰਾਂ ਦਰਜ ਨਹੀਂ ਕੀਤੀਆਂ ਜਾ ਸਕੀਆਂ। ਤਾਜ਼ਾ ਆਂਕੜੇ ਵੀ ਸੀਮਤ ਦਾਇਰੇ ਦੇ ਸਰਵੇਖਣਾਂ ਦੇ ਆਧਾਰ ਉਤੇ ਦਰਜ ਕੀਤੇ ਗਏ ਹਨ ਪਰ ਇਸ ਨਾਲ ਰਿਜ਼ਰਵ ਬੈਂਕ ਦੇ ਲਈ ਰਾਹਤ ਦੀ ਗੱਲ ਨਹੀਂ। ਪਿਛਲੇ ਸਾਲ ਇਸ ਮਹੀਨੇ ਵਿੱਚ ਦਰਜ 3.18 ਫੀਸਦੀ ਦੀ ਮਹਿੰਗਾਈ ਦਰ ਦੀ ਤੁਲਨਾ ਵਿੱਚ ਤਾਜ਼ਾ ਦਰਾਂ ਬਹੁਤ ਜ਼ਿਆਦਾ ਹਨ। ਹੁਣ ਰਿਜ਼ਰਵ ਬੈਂਕ ਦੇ ਸਾਹਮਣੇ ਮੁਸ਼ਕਿਲ ਇਹ ਹੈ ਕਿ ਉਹ ਆਪਣੀਆਂ ਵਿਆਜ ਦਰਾਂ ਵਿੱਚ ਬਦਲਾਓ ਕਰ ਕੇ ਮਹਿੰਗਾਈ ਦਰ ਉਤੇ ਕਾਬੂ ਪਾਉਣ ਦਾ ਯਤਨ ਕਰੇ ਜਾਂ ਫਿਰ ਵਿਕਾਸ ਦਰ ਵਧਾਉਣ ਦਾ। ਪਿਛਲੇ ਕਾਫੀ ਸਮੇਂ ਤੋਂ ਰਿਜ਼ਰਵ ਬੈਂਕ ਇਨ੍ਹਾਂ ਦੋਨਾਂ ਵਿਚਾਲੇ ਸੰਤੁਲਨ ਨਹੀਂ ਬਣਾ ਸਕਿਆ। ਪ੍ਰਚੂਨ ਮਹਿੰਗਾਈ ਦਰ ਵਧਣ ਦਾ ਅਰਥ ਹੈ ਲੋਕਾਂ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਦਾ ਖਰਚ ਵਧਣਾ। ਇਹ ਠੀਕ ਹੈ ਕਿ ਪੂਰਨਬੰਦੀ ਦੇ ਦੌਰਾਨ ਵਸਤੂਆਂ ਦੀ ਬਾਜ਼ਾਰ ਤੱਕ ਪਹੁੰਚ ਰੁਕ ਰਹੀ ਹੈ। ਪਰ ਪੂਰਨਬੰਦੀ ਖੁੱਲ੍ਹਣ ਦੇ ਬਾਅਦ ਓਹੀ ਸਥਿਤੀ ਨਹੀਂ ਰਹਿ ਗਈ। ਫਿਰ ਬੰਦੀ ਨੂੰ ਪ੍ਰਚੂਨ ਮਹਿੰਗਾਈ ਦਰ ਵਧਣ ਦਾ ਮੁੱਖ ਕਾਰਨ ਨਹੀਂ ਮੰਨਿਆ ਜਾ ਸਕਦਾ। ਪ੍ਰਚੂਨ ਮਹਿੰਗਾਈ ਦਰ ਵਿੱਚ ਵਾਧਾ ਬੰਦੀ ਤੋਂ ਪਹਿਲਾਂ ਵੀ ਦਰਜ ਕੀਤਾ ਗਿਆ ਸੀ। ਫਰਵਰੀ ਵਿੱਚ ਇਹ ਛੇ ਫੀਸਦੀ ਤੋਂ ਥੋੜਾ ਹੀ ਹੇਠਾਂ ਸੀ। ਉਦੋਂ ਕਈ ਅਰਥ ਸ਼ਾਸਤਰੀ ਮੰਨਣ ਲੱਗੇ ਸਨ ਕਿ ਭਾਰਤ ਵਿੱਚ ਮੰਦੀ ਦਾ ਦੌਰ ਹੈ। ਅਸਲ ਵਿੱਚ ਜਦੋਂ ਪ੍ਰਚੂਨ ਮਹਿੰਗਾਈ ਦਾ ਰੁਖ ਲਗਾਤਾਰ ਉਪਰ ਵੱਲ ਅਤੇ ਵਿਕਾਸ ਦਰ ਹੇਠਾਂ ਵੱਲ ਬਣੀ ਰਹਿੰਦੀ ਹੈ ਤਾਂ ਮੰਦੀ ਦਾ ਦੌਰ ਮੰਨਿਆ ਜਾਂਦਾ ਹੈ। ਪਿਛਲੇ ਸਾਲ ਦੀ ਤੁਲਨਾ ਵਿੱਚ ਪ੍ਰਚੂਨ ਮਹਿੰਗਾਈ ਉਤੇ ਕਾਬੂ ਪਾ ਸਕਣਾ ਲਗਾਤਾਰ ਕਠਿਨ ਬਣਿਆ ਹੋਇਆ ਹੈ। ਬੇਸ਼ੱਕ ਥੋਕ ਮਹਿੰਗਾਈ ਦਰ ਵਿੱਚ ਕੁਝ ਰਾਹਤ ਨਜ਼ਰ ਆਉਂਦੀ ਹੈ ਪਰ ਉਸ ਵਿੱਚ ਵੀ ਖਾਧ ਉਤਪਾਦਨ ਨਾਲ ਜੁੜੇ ਉਦਯੋਗਾਂ ’ਤੇ ਨਜ਼ਰ ਮਾਰੀਏ ਤਾਂ ਉਥੇ ਮਹਿੰਗਾਈ ਦੀ ਦਰ ਵਧੀ ਹੋਈ ਦਰਜ ਹੋਈ ਹੈ। ਖਾਣ-ਪੀਣ ਦੀਆਂ ਵਸਤੂਆਂ ਦੀਆਂ ਕੀਮਤਾਂ ਵਧਣ ਦੇ ਪਿਛੇ ਵੱਡਾ ਕਾਰਨ ਖੇਤੀ-ਕਿਸਾਨੀ ’ਤੇ ਮੌਸਮ ਦੀ ਪੈਣ ਵਾਲੀ ਮਾਰ ਨੂੰ ਮੰਨਿਆ ਜਾਂਦਾ ਹੈ। ਪਰ ਪਿਛਲੇ ਕੁਝ ਮਹੀਨਿਆਂ ਵਿੱਚ ਅਜਿਹਾ ਕੋਈ ਕਾਰਨ ਨਜ਼ਰ ਨਹੀਂ ਆਇਆ। ਇਸ ਦੇ ਇਲਾਵਾ ਕੱਚੇ ਤੇਲ ਦੀਆਂ ਕੀਮਤਾਂ ਅਤੇ ਬਿਜਲੀ ਉਤਪਾਦਨ ਵੱਡੇ ਕਾਰਨ ਮੰਨੇ ਜਾਂਦੇ ਹਨ, ਪਰ ਇਨ੍ਹਾਂ ਵਿੱਚ ਵੀ ਕੋਈ ਪ੍ਰੇਸ਼ਾਨੀ ਨਜ਼ਰ ਨਹੀਂ ਆਈ। ਫਲਾਂ ਅਤੇ ਸਬਜ਼ੀਆਂ ਦੀਆਂ ਕੀਮਤਾਂ ਵਿੱਚ ਮੌਸਮ ਅਤੇ ਪੂਰਤੀ ਵਿੱਚ ਰੁਕਾਵਟ ਆਦਿ ਦਾ ਅਸਰ ਦੇਖਿਆ ਜਾ ਸਕਦਾ ਹੈ ਪਰ ਦਾਲਾਂ, ਚਾਵਲ, ਆਟੇ ਜਿਹੀਆਂ ਰੋਜ਼ਾਨਾ ਇਸਤੇਮਾਲ ਹੋਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵੀ ਲਗਾਤਾਰ ਵਧੀਆਂ ਹਨ, ਇਸ ਦੇ ਕਾਰਨ ਸਾਫ ਹਨ। ਇਥੋਂ ਤੱਕ ਕਿ ਪਿਛਲੇ ਕੁਝ ਸਮੇਂ ਤੋਂ ਨਾ ਸਿਰਫ ਸ਼ਹਿਰੀ ਬਲਕਿ ਪੇਂਡੂ ਇਲਾਕਿਆਂ ਵਿੱਚ ਵੀ ਪ੍ਰਚੂਨ ਮਹਿੰਗਾਈ ਦਰ ਵਧੀ ਹੈ। ਇਸ ਦਾ ਕਾਰਨ ਤਾਂ ਇਹ ਹੈ ਕਿ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਹੇਠਾਂ ਰਹਿਣ ਦੇ ਬਾਵਜੂਦ ਸਰਕਾਰ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਧਾਉਂਦੀ ਰਹੀ। ਫਿਰ ਜੀ ਐਸ ਟੀ ਲਾਗੂ ਹੋਣ ਦੇ ਬਾਵਜੂਦ ਕਰਾਂ ਵਿੱਚ ਸੰਤੁਲਨ ਕਾਇਮ ਨਹੀਂ ਹੋ ਸਕਿਆ। ਅਜਿਹੀ ਸਥਿਤੀ ਵਿੱਚ ਸਰਕਾਰ ਦੇ ਸਾਹਮਣੇ ਵਿਕਾਸ ਦਰ ਤੋਂ ਅਲੱਗ ਮਹਿੰਗਾਈ ’ਤੇ ਕਾਬੂ ਪਾਉਣਾ ਚੁਣੌਤੀਪੂਰਨ ਬਣ ਗਿਆ ਹੈ। ਉਸ ਨੇ ਖੁਦ ਸਾਲ ਭਰ ਤੱਕ ਕਰਮਚਾਰੀਆਂ ਦਾ ਮਹਿੰਗਾਈ ਭੱਤਾ ਰੋਕ ਦਿੱਤਾ ਹੈ। ਲੋਕਾਂ ਦੇ ਸਾਹਮਣੇ ਰੁਜ਼ਗਾਰ ਦਾ ਸੰਕਟ ਹੈ। ਤਨਖਾਹ ਵਿੱਚ ਕਟੌਤੀ ਕੀਤੀ ਜਾ ਰਹੀ ਹੈ। ਅਜਿਹੇ ਵਿੱਚ ਲੋਕਾਂ ’ਤੇ ਮਹਿੰਗਾਈ ਦੀ ਮਾਰ ਚੌਤਰਫਾ ਪੈਣ ਵਾਲੀ ਹੈ।

Delivering News,
Uncomprimised
& Unbiased for the
Last 16 years

Some Call us a Media House, others Call us an Institution to learn from




ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
Punjabi Duniya Punjabi Duniya.Com LLC
Since April 2005
Email : punjabiduniya@gmail.com, Web : www.punjabiduniya.com

The South Asian
INSIDER
Published Weekly from New York

Regd. & Mailing Office : P.O. Box 7005, Hicsville New York 11801
www.thesouthasianinfo, www.joshindiatv.com wwwpunjabiduniya.com
Phone : 917-612-3158